ਸਲੋਕ ਤੇ ਸ਼ਬਦ

# ਸ਼ੇਖ਼ ਫ਼ਰੀਦ ਸਟੀਕ

ਨਿਹਾਲ ਸਿੰਘ ਰਸ

ਲਾਹੌਰ ਬੁਕ ਸ਼ਾਪ, ਲੁਧਿਆਣਾ

ਸਲੋਕ ਤੇ ਸ਼ਬਦ

# ਸ਼ੇਖ਼ ਫ਼ਰੀਦ ਸਟੀਕ

ਨਿਹਾਲ ਸਿੰਘ ਰਸ

ਲਾਹੌਰ ਬੁਕ ਸ਼ਾਪ, ਲੁਧਿਆਣਾ

# ਸਲੋਕ ਤੇ ਸ਼ਬਦ ਸ਼ੇਖ ਫ਼ਰੀਦ ਸਟੀਕ

ਨਿਹਾਲ ਸਿੰਘ

ਲਾਹੌਰ ਬੁਕ ਸ਼ਾਪ, ਲੁਧਿਆਣਾ

# Salok Te Shabad Shekh Farid Steek

By

Nihal Singh

1987

LBS
Rs. 25

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ. ਏ.
ਲਾਹੌਰ ਬੁਕ ਸ਼ਾਪ,
2, ਲਾਜਪਤ ਰਾਇ ਮਾਰਕੀਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ।

ਮੁਦ੍ਰਕ : ਸ: ਜੀਵਨ ਸਿੰਘ ਐਮ, ਏ,
ਲਾਹੌਰ ਆਰਟ ਪ੍ਰੈਸ,
ਕਾਲਜ ਰੋਡ, ਲੁਧਿਆਣਾ।

# ਤਤਕਰਾ

| | | |
|---|---|---|
| ਪੰਜਾਬੀ ਸੂਫ਼ੀ ਕਾਵਿ ਧਾਰਾ ਇਕ ਸਮਾਜਿਕ ਦ੍ਰਿਸ਼ਟੀ | ਪ੍ਰੋ: ਜਗਤ ਸਿੰਘ ਐਮ. ਏ. | ੫ |
| ਬਾਬਾ ਫਰੀਦ | ਜਗਜੀਤ ਸਿੰਘ ਛਾਬੜਾ | ੧੮ |
| ਫਰੀਦ ਦੀ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ | ਪ੍ਰੋ: ਦਰਸ਼ਨ ਸਿੰਘ | ੬੨ |
| ਸਲੋਕ ਤੇ ਸ਼ਬਦ ਸ਼ੇਖ ਫਰੀਦ ਸਟੀਕ | | ੫੭ |

ਪ੍ਰੋ: ਜੋਗਤਾਰ ਸਿੰਘ ਐਮ. ਏ. ਭਵਾਨੀ

# ਪੰਜਾਬੀ ਸੂਫ਼ੀ ਕਾਵਿ ਧਾਰਾ– ਇੱਕ ਸਮਾਜਕ ਦ੍ਰਿਸ਼ਟੀ

ਹਰ ਸਮਾਜ ਦੀ ਆਪਣੀ ਵਿਸ਼ੇਸ਼ ਰਾਜਨੀਤਕ ਭਾਈਚਾਰਕ ਵਿਹਾਰਕ ਅਤੇ ਆਚਾਰਕ ਸਥਿਤੀ ਹੁੰਦੀ ਹੈ ਜਿਸ ਉਤੇ ਉਹ ਕਾਇਮ ਰਹਿੰਦਾ ਹੈ, ਪਰ ਸਮਾਂ ਲੰਘਣ ਨਾਲ ਸਮਾਜੀ ਕੀਮਤਾਂ ਬਦਲ ਜਾਂਦੀਆਂ ਹਨ ਤੇ ਇਹਦੇ ਨਾਲ ਹੀ ਸਮਾਜਕ ਗਤੀ ਇਨ੍ਹਾਂ ਭਿੰਨ ਭਿੰਨ ਸਥਿਤੀਆਂ ਨੂੰ ਬਦਲਣ ਤੇ ਮਜਬੂਰ ਕਰ ਦੇਂਦੀ ਹੈ। ਧਾਰਮਕ ਸ਼ਬਦਾਵਲੀ ਇਸੇ ਸਚਾਈ ਦੀ ਤਰ੍ਹਾਂ ਪੇਸ਼ ਕਰਦੀ ਹੈ ਕਿ ਜਦੋਂ ਧਰਤੀ ਉਤੇ ਜ਼ਰ ਜ਼ਬਰ ਤੇ ਅਨਿਆਂ ਆਦਿ ਰਾਖਸ਼ੀ ਰੁਚੀਆਂ ਦੀ ਭਰਮਾਰ ਹੋ ਜਾਂਦੀ ਹੈ ਤਾਂ ਅੱਲਾ ਜਾਂ ਰੱਬ ਆਪਣੇ ਕਿਸੇ ਚੋਣਵੇਂ ਨੂੰ ਦੁਨੀਆਂ ਵਿਚ ਭੇਜ ਕੇ ਨਿਤਾਣਿਆਂ ਦੀ ਬੰਦ-ਖ਼ਲਾਸੀ ਕਰਵਾਉਂਦਾ ਹੈ ਤੇ ਇਸ ਤਰ੍ਹਾਂ ਦੁਨੀਆਂ ਦਾ ਨਕਸ਼ਾ ਬਦਲ ਜਾਂਦਾ ਹੈ।

ਇਸਲਾਮੀ ਵਿਚਾਰ ਧਾਰਾ ਅਨੁਸਾਰ ੫੭੦ ਈ: ਵਿਚ ਹਜ਼ਰਤ ਮੁਹੰਮਦ ਦਾ ਜਨਮ ਇਸੇ ਨੇਮ ਅਨੁਸਾਰ ਹੋਇਆ। ਉਨ੍ਹਾਂ ਨੇ ਸਮਾਜ ਦੇ ਪਛੜੇ-ਪਨ ਨੂੰ ਦੂਰ ਕਰਨ ਲਈ ਬੁਤ-ਪ੍ਰਸਤੀ ਵਿਰੁੱਧ ਜ਼ਬਰਦਸਤ ਅੰਦੋਲਨ ਕੀਤਾ; ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਮੱਕਾ ਛੱਡ ਕੇ ਮਦੀਨੇ ਦੀ ਪਨਾਹ ਲੈਣੀ ਪਈ। ਉਥੇ ਪੁੱਜ ਕੇ ਉਨ੍ਹਾਂ ਆਪਣੇ ਵਿਚਾਰਾਂ ਦੀ ਸਚਾਈ ਸਦਕਾ ਬਹੁਤ ਸਾਰੇ ਬੁਤ-ਪ੍ਰਸਤਾਂ ਨੂੰ ਨਵੇਂ ਧਰਮ (ਇਸਲਾਮੀ) ਦਾ ਅਨੁਯਾਈ ਬਣਾ ਲਿਆ ਉਸ ਉਪਰੰਤ ਉਨ੍ਹਾਂ ਨੇ ਮੱਕੇ ਉੱਤੇ ਚੜ੍ਹਾਈ ਕੀਤੀ ਤੇ ਕਾਮਯਾਬੀ ਨੇ ਉਨ੍ਹਾਂ ਦਾ ਮੂੰਹ ਚੁੰਮਿਆ। ਹਜ਼ਰਤ ਮੁਹੰਮਦ

ਨੂੰ ਆਪਣੇ ਜੀਵਨ ਵਿਚ ਕਈ ਥਾਈਂ ਸਨਾਤਨੀ ਵਿਚਾਰਾਂ ਨਾਲ ਲੋਹਾ ਲੈਣਾ ਪਿਆ, ਪਰ ਸਫ਼ਲਤਾ ਉਨ੍ਹਾਂ ਦੀ ਨਵੀਂ ਨਰੋਈ ਫ਼ਿਲਾਸਫ਼ੀ ਨੂੰ ਹੀ ਪ੍ਰਾਪਤ ਹੋਈ।

ਪਰੰਤੂ ਹਜ਼ਰਤ ਸਾਹਿਬ ਤੇ ਉਨ੍ਹਾਂ ਦੇ ਮੋਮਨਾਂ ਨੇ ਤਾਕਤ ਨੂੰ ਇਸਲਾਮ ਦੇ ਫੈਲਾਅ ਦਾ ਮੁਖ ਸਾਧਨ ਮੰਨ ਲਿਆ ਤੇ ਆਲੇ ਦੁਆਲੇ ਦੇ ਦੇਸ਼ਾਂ ਵਿਚ ਇਸ ਢੰਗ ਦੀ ਵਰਤੋਂ ਦੁਆਰਾ ਇਸ ਮਜ਼੍ਹਬ ਦੀ ਇਸ਼ਾਇਤ ਕੀਤੀ। ਇਸ ਨਵੀਂ ਫ਼ਿਲਾਸਫੀ ਨੇ ਸਭ ਤੋਂ ਪਹਿਲਾਂ ਜਿਸ ਪੜੋਸੀ ਦੇਸ਼ ਤੇ ਪਰਭਾਵ ਪਾਇਆ, ਉਹ ਈਰਾਨ ਸੀ। ਪਰ ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ ਈਰਾਨ ਵਿਚ ਸੱਜੇ ਧੜੇ ਦੇ ਪ੍ਰਚਾਰਕ ਵੀ ਪੈਦਾ ਹੋ ਗਏ ਜਿਨ੍ਹਾਂ ਨੇ ਸਾਹਿਤ ਰਾਹੀਂ ਇਸਲਾਮ ਦੀ ਤਬਲੀਗ਼ ਕੀਤੀ।

ਕੁਝ ਸਮਾਂ ਇਸ ਤਰ੍ਹਾਂ ਲੰਘ ਗਿਆ ਤੇ ਹੁਣ ਜਿਥੇ ਜਿਥੇ ਇਸਲਾਮ ਗਿਆ, ਉਥੋਂ ਦੇ ਸਮਾਜਕ ਹਾਲਾਤ ਨੇ ਇਸ ਉਤੇ ਪਰਭਾਵ ਪਾਉਣਾ ਆਰੰਭ ਕੀਤਾ। ਈਰਾਨ ਵਿਚ ਦਸਵੀਂ ਸਦੀ ਦੇ ਨੇੜੇ ਨੇੜੇ ਕਈ ਅਜਿਹੇ ਫ਼ਾਰਸੀ ਕਵੀ ਪੈਦਾ ਹੋਏ ਜਿਨ੍ਹਾਂ ਨੇ ਇਸਲਾਮੀ ਅਕੀਦਿਆਂ ਨੂੰ ਬਦਲ ਕੇ ਅਤੇ ਇਸ ਦੇ ਕੱਟੜ ਪੁਣੇ ਨੂੰ ਤਿਆਗ ਕੇ ਅਜਿਹੇ ਮੱਤ ਦੀ ਨੀਂਹ ਰਖੀ ਜਿਸ ਨੂੰ ਸੂਫ਼ੀ ਵਾਦ ਦਾ ਨਾਂ ਦਿਤਾ ਜਾਂਦਾ ਹੈ। ਆਬੂ ਸਈਦ (੯੬੮-੧੦੪੯) ਫ਼ਾਰਸੀ ਸਾਹਿੱਤ ਵਿਚ ਸੂਫ਼ੀ ਕਾਵਿ ਦਾ ਮੋਢੀ ਮੰਨਿਆਂ ਜਾਂਦਾ ਹੈ। ਉਹ ਹਰ ਸੁੰਦਰ ਵਸਤ ਵਿਚ ਅੱਲ੍ਹਾ ਦਾ ਨੂਰ ਦੇਖਦਾ ਸੀ ਅਤੇ ਸ਼ਰ੍ਹਾ ਨਮਾਜ਼ ਦੀ ਪਾਬੰਦੀ ਨੂੰ ਕਬੂਲ ਨਹੀਂ ਸੀ ਕਰਦਾ।

ਖ੍ਵਾਜਾ ਅਨਸਾਰੀ, ਹਕੀਮ ਸੋਨਾਈ (ਦੇਹਾਂਤ ੧੧੩੧ ਈ:) ਵੀ ਇਸੇ ਸੂਫ਼ੀ ਮੱਤ ਦੇ ਪ੍ਰਚਾਰਕ ਸਨ। ਅਮਾਮ ਗ਼ਜ਼ਾਲੀ, ਜਿਸਨੂੰ ਹਜ਼ਰਤ ਮੁਹੰਮਦ ਤੋਂ ਦੂਜੇ ਦਰਜੇ ਉਤੇ ਇਸਲਾਮ ਦਾ ਸੂਤਰਧਾਰ ਮੰਨਿਆ ਜਾਂਦਾ ਹੈ, ੧੦੫੮ ਈ: ਵਿਚ ਪੈਦਾ ਹੋਇਆ। ਇਸ ਨੇ ਇਸਲਾਮੀ ਵਿਚਾਰਧਾਰਾ ਨੂੰ "ਕੀਮਆਏ ਸਆਦਤ" ਨਾਮੀ ਪੁਸਤਕ ਵਿਚ ਸੂਫ਼ੀ ਦ੍ਰਿਸ਼ਟੀਕੋਣ ਦਿਤਾ, ਜਿਸ ਪੁਸਤਕ ਦਾ ਪੰਜਾਬੀ ਅਨੁਵਾਦ ਪਾਰਸ-ਭਾਗ (ਅੱਡਣ ਸ਼ਾਹ ਰਚਿਤ) ਹੈ।

ਸੋ ਸਪੱਸ਼ਟ ਹੈ ਕਿ ਫ਼ਾਰਸੀ ਦੇ ਕਵੀਆਂ ਨੇ ਇਸਲਾਮ ਫ਼ਿਲਾਸਫ਼ੀ ਨੂੰ ਕੱਟੜ-ਪੁਣੇ ਦੀ ਚਾਰ ਦੀਵਾਰੀ 'ਚੋਂ ਕੱਢ ਕੇ ਸਰਬ ਪ੍ਰਿਆ ਬਣਾਇਆ ਅਤੇ ਇਸ ਤਰ੍ਹਾਂ ਮਜ਼੍ਹਬ ਨੂੰ ਹੋਰ ਦੇਸ਼ਾਂ ਵਿਚ ਫੈਲਾਣ ਦਾ ਉਹ ਮੌਕਾ ਦਿਤਾ, ਜਿਹੜਾ ਉਸਦੇ ਹਥਿਆਰਬੰਦ ਚੇਲਿਆਂ ਨੇ ਤਲਵਾਰ ਦੀ ਵਰਤੋਂ ਕਰਕੇ ਉਸ ਤੋਂ ਖੋਹ ਲਿਆ ਸੀ।

ਹੁਣ ਅਸੀਂ ਸੂਫ਼ੀ-ਵਾਦ ਦੀ ਪੰਜਾਬੀ ਪ੍ਰਣਾਲੀ ਵਲ ਆਉਂਦੇ ਹਾਂ।

ਪੰਜਾਬੀ ਸਾਹਿੱਤ ਵਿਚ ਸੂਫੀ ਕਾਵਿ-ਧਾਰਾ ਦਾ ਮੋਢੀ ਸ਼ੇਖ ਫ਼ਰੀਦ ਸ਼ਕਰਗੰਜ ਨੂੰ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਸਮਾਂ ੧੨ਵੀਂ ਸਦੀ ਦਾ ਪਿਛਲਾ ਪੱਖ ਅਤੇ ੧੩ਵੀਂ ਸਦੀ ਦਾ ਪਹਿਲਾ ਲਗਭਗ ਦੋ ਤਿਹਾਈ ਭਾਗ ਹੈ। ਇਨ੍ਹਾਂ ਬਾਰੇ ਕਈ ਪੰਜਾਬੀ ਸਮਾਲੋਚਕਾਂ ਦੀ ਰਾਏ ਹੈ ਕਿ ਉਹ ਸ਼ਰ੍ਹਾ, ਨਿਮਾਜ਼ ਰੋਜ਼ੇ, ਆਦਿ ਇਸਲਾਮੀ ਨੈਤਿਕ ਕਿਰਿਆਵਾਂ ਦੀ ਕੈਦ ਵਿਚ ਸੀ ਜਿਸ ਤੋਂ ਸ਼ਾਇਦ ਕਈ ਪਾਠਕ ਇਹ ਵੀ ਅਨੁਮਾਨ ਲਗਾ ਲੈਂਦੇ ਹੋਣ ਕਿ ਫ਼ਰੀਦ ਇਕ ਕੱਟੜ ਮੁਸਲਮਾਨ ਸੀ। ਪਰ ਜੇ ਇਹ ਗੱਲ ਚੇਤੇ ਰੱਖੀ ਜਾਵੇਗੀ ਕਿ ਬਾਬਾ ਫ਼ਰੀਦ ਦੀ ਕਵਿਤਾ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਤੇ ਹਰ ਸਿਖ ਜਦੋਂ ਇਸ ਗਰੰਥ ਅਗੇ ਸੀਸ ਨਿਵਾਉਂਦਾ ਹੈ ਤਾਂ ਫ਼ਰੀਦ ਦੀ ਕਵਿਤਾ ਨੂੰ ਵੀ ਉਹ ਮੱਥਾ ਟੇਕਦਾ ਹੈ, ਜਾਂ ਜੇ ਇਹ ਕਹਿ ਲਈਏ ਕਿ ਅਜਿਹਾ ਪੁਰਸ਼ ਫ਼ਰੀਦ ਦੀਆਂ ਉਹਨਾਂ ਤੁਕਾਂ ਨੂੰ ਵੀ, ਜਿਹੜੀਆਂ ਸ਼ਰ੍ਹਾ ਨਿਮਾਜ਼ ਦੀ ਪ੍ਰੇਰਨਾ ਕਰਦੀਆਂ ਹਨ, ਮਸਤਕ ਟੇਕਦਾ ਹੈ ਤਾਂ ਗਲਤ ਨਹੀਂ ਹੋਵੇਗਾ। ਜੇ ਇਹ ਮੰਨੀਏ ਕਿ ਫ਼ਰੀਦ ਕੱਟੜ ਮੁਸਲਮਾਨ ਸੀ, ਤਾਂ ਫਿਰ ਉਸ ਦੀ ਕਵਿਤਾ ਨੂੰ ਗੁਰੂ ਗਰੰਥ ਸਾਹਿਬ ਵਿਚ ਕਿਵੇਂ ਅਸਥਾਨ ਮਿਲ ਗਿਆ ? ਗੁਪਾਲ ਸਿੰਘ ਦਰਦੀ ਇਕ ਪਾਸੇ ਤਾਂ ਗੁਰੂ ਗਰੰਥ ਸਾਹਿਬ ਦੀ ਕਵਿਤਾ ਨੂੰ ਸਰਬ ਸਾਂਝੀ ਤੇ ਜਾਤੀ ਭਾਵ ਤੋਂ ਉਚੀ ਕਹਿੰਦਾ ਹੈ ਤੇ ਦੂਜੇ ਪਾਸੇ ਉਸ ਵਿਚ ਦਰਜ ਫਰੀਦ ਦੀ ਬਾਣੀ ਨੂੰ ਇਕ ਕੱਟੜ ਮੁਸਲਮਾਨ ਦੀ ਕਿਰਤ ਮੰਨਦਾ ਹੈ, ਇਹ ਸ੍ਵੈ-ਵਿਰੋਧ ਕਿਉਂ ?

ਜੇ ਦਰਦੀ ਜੀ ਦੀ ਪਹਿਲੀ ਗੱਲ ਕਿ ਗੁਰੂ ਗ੍ਰੰਥ ਇਕ ਸਰਬ-ਸਾਂਝਾ ਗ੍ਰੰਥ ਹੈ, ਸਵੀਕਾਰ ਕਰ ਲਈਏ ਤਾਂ ਮੈਨੂੰ ਇਹ ਕਹਿੰਦਿਆਂ ਕੋਈ ਝਿਜਕ ਨਹੀਂ ਕਿ ਫ਼ਰੀਦ ਜੀ ਪੱਖਪਾਤ, ਜ਼ਾਤ ਮਜ਼੍ਹਬ ਦੇ ਵਖੇਵਿਆਂ ਤੋਂ ਉਨੇ ਹੀ ਉਚੇ ਸਨ, ਜਿੰਨੇ ਗੁਰੂ ਨਾਨਕ ਜਾਂ ਗੁਰੂ ਗਰੰਥ ਸਾਹਿਬ ਦੇ ਹੋਰ ਹਿੰਦੂ ਸਿਖ ਕਵੀ। ਕੇਵਲ ਇਕ ਮਿਸਾਲ ਹੀ ਮੇਰੇ ਇਸ ਮੱਤ ਨੂੰ ਸਿੱਧ ਕਰ ਸਕਦੀ ਹੈ। ਫਰੀਦ ਜੀ ਦਾ ਸ਼ਲੋਕ ਹੈ :

ਫਰੀਦਾ ਬੇਨਿਵਾਜਾ ਕੁਤਿਆ ਇਹ ਨਾ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

ਫ਼ਰੀਦ ਮੁਸਲਮਾਨ ਸੀ ਪਰ ਐਸਾ ਜਿਸ ਵਿਚ ਪੱਖਪਾਤ, ਮਜ਼੍ਹਬੀ ਜਨੂਨ ਨਾਂ ਮਾਤਰ ਵੀ ਨਹੀਂ ਸੀ।

ਗੁਰੂ ਨਾਨਕ ਦੇਵ ਜੀ "ਪੰਜ ਵਕਤ ਦੀ ਨਿਮਾਜ਼" ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ :—

ਪੰਜ ਨਿਮਾਜਾਂ ਵਖਤ ਪੰਜ
ਪੰਜੇ ਪੰਜੀ ਨਾਉ
ਪਹਿਲਾ ਸਚਿ ਹਲਾਲ ਦੋਇ
ਤਿਜੀ ਖੈਰ ਖੁਦਾਇ
ਚੌਥੀ ਨੀਅਤ ਰਾਸਿ ਕਰ
ਪੰਜਵੀਂ ਸਿਫ਼ਤ ਮਨਾਇ ॥

ਨਮਾਜ਼ ਪੜ੍ਹਿਆਂ ਕੋਈ ਕੱਟੜ ਨਹੀਂ ਬਣ ਜਾਂਦਾ, ਕੱਟੜ ਉਹ ਹੈ ਜਿਸਦੀ ਦ੍ਰਿਸ਼ਟੀ ਸੀਮਤ ਹੋਏ। ਫ਼ਰੀਦ ਦੀ ਦ੍ਰਿਸ਼ਟੀ ਵਿਸ਼ਾਲ ਸੀ। ਉਸ ਦਾ ਰੱਬ ਸੱਤਵੇਂ ਅਸਮਾਨ ਵਾਲਾ ਰੱਬ ਨਹੀਂ, ਉਹ ਤਾਂ ਉਸਨੂੰ ਖਾਣ ਦੀ ਚੀਜ਼ ਨਾਲ ਤੁਲਨਾ ਦੇਂਦਾ ਹੈ :—

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥੮੯॥

ਅਤੇ ਇਹ ਕਹਿਣਾ ਕਿ ਫ਼ਰੀਦ ਦੁਨੀਆ ਤੋਂ ਉਪਰਾਮਤਾ ਅਤੇ ਹਠ ਤਪ ਦਾ ਪਰਚਾਰਕ ਸੀ ਉਸ ਨਾਲ ਬੇਇਨਸਾਫ਼ੀ ਹੈ। ਛੇ ਸਾਲ ਘੋਰ ਤਪੱਸਿਆ ਤਾਂ ਬੁੱਧ ਨੇ ਵੀ ਕੀਤੀ ਪਰ ਬੋਹੜ ਦੇ ਬ੍ਰਿਛ ਥੱਲੇ ਉਹਨੂੰ ਇਹ ਗਿਆਨ ਹੋਇਆ ਕਿ ਨਾ ਤਾਂ ਦੁਨੀਆਂ ਵਿਚ ਬਹੁਤਾ ਪਲਚਣਾ ਤੇ ਨਾ ਹੀ ਇਸ ਤੋਂ ਦੂਰ ਭੱਜਣਾ ਚਾਹੀਦਾ ਹੈ। ਫ਼ਰੀਦ ਨੇ ਵੀ ਜੰਗਲ ਵਿਚ ਤਪ ਕੀਤਾ (ਇਸ ਤੋਂ ਕੋਈ ਇਨਕਾਰ ਨਹੀਂ ਕਰਦਾ) ਪਰ ਉਸ ਸਾਧਨਾ ਤੋਂ ਉਸਨੂੰ ਜੋ ਤਜਰਬਾ ਹੋਇਆ ਉਹ ਇਹ ਹੈ :—

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬ ਹਿਆਲੀਐ, ਜੰਗਲੁ ਕਿਆ ਢੂੰਢੇਹਿ ॥

ਸਿਖਾਂ ਦੇ ਨੌਂਵੇਂ ਗੁਰੂ ਨੇ ਵੀ ਤਾਂ ਪਹਿਲੇ ਬਹੁਤ ਚਿਰ ਤਪ ਕੀਤਾ ਤੇ ਸਿੱਟਾ ਇਹੀ ਲਭਿਆ :—

ਕਾਹੇ ਰੇ ਬਨ ਖੋਜਨ ਜਾਈ
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ ॥

ਫ਼ਰੀਦ ਨੇ ਤਾਂ ਸਗੋਂ ਘੋਰ ਤਪੱਸਿਆ ਦਆਰਾ ਰੱਬ ਪ੍ਰਾਪਤੀ ਦੀ ਅਸਫਲਤਾ ਦਾ ਵਰਨਣ ਕੀਤਾ ਹੈ :—

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ ॥
ਅਜੈ ਸੁ ਰਬ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥

ਇਸਲਾਮ ਰੱਬ ਤੇ ਮਨੁੱਖ ਦੀ ਅਭੇਦਤਾ ਜਾਂ ਉਸ ਵਿਚਕਾਰ ਪ੍ਰੀਤ ਇਸਤ੍ਰੀ ਮਰਦ ਪਿਆਰ ਨੂੰ ਨਹੀਂ ਮੰਨਦਾ ਪਰ ਫ਼ਰੀਦ ਤਾਂ ਇਸ ਪ੍ਰੀਤ ਉਤੋਂ ਆਪਣਾ ਸਰੀਰ ਵਾਰਨਾ ਲੋੜਦਾ ਹੈ। ਉਸ ਦੀਆਂ ਇਹ ਤੁਕਾਂ ਦੇਖੋ :—

"ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।"੩੨॥

ਅਤੇ ਉਸ ਦੀ ਪ੍ਰੀਤ ਵਿਛੋੜੇ ਦੀਆਂ ਕਸਤਾਂ ਤਕ ਹੀ ਸੀਮਤ ਨਹੀਂ, ਉਹ ਤਾਂ ਪ੍ਰਭੂ ਨਾਲ ਇਕਮਿਕਤਾ ਦੀ ਹੱਦ ਤਕ ਜਾਂਦੀ ਹੈ। ਉਸ ਮਿਲਾਪ ਤੋਂ ਬਿਨਾਂ ਉਸ ਨੂੰ ਜੀਵਨ ਰੰਡੀਆਂ ਦੇ ਜੀਵਨ ਦੀ ਨਿਆਈਂ ਪ੍ਰਤੀਤ ਹੁੰਦਾ ਹੈ :—

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੧॥

ਮੁਸਲਮਾਨੀ ਧਾਰਮਕ ਕੱਟੜਤਾ ਅਜਿਹੇ ਮਹਾਂਪੁਰਸ਼ਾਂ ਦੇ ਪਰਛਾਵੇਂ ਨੂੰ ਵੀ ਨਹੀਂ ਛੂਹ ਸਕਦੀ ਜਿਹੜਾ ਬੁਧ ਅਤੇ ਯਸੂ-ਮਸੀਹ ਨਾਲ ਇਕ ਆਵਾਜ਼ ਹੋ ਕੇ ਅਹਿੰਸਾ ਦਾ ਪ੍ਰਚਾਰ ਕਰਦਾ ਹੈ ਅਤੇ ਇਸ ਤਰ੍ਹਾਂ ਭਾਰਤੀ ਲੋਕਾਂ ਦਾ ਹੀ ਨਹੀਂ, ਸਾਰੀ ਦੁਨੀਆਂ ਦੀ ਅਮਨ ਪਸੰਦ ਜਨਤਾ ਦੀ ਪ੍ਰਤਿਨਿਧਤਾ ਕਰਦਾ ਹੈ :

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨਾਂ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮ ॥੭॥

ਫ਼ਰੀਦ ਜੇ ਮੁਸਲਮਾਨ ਸੀ ਤਾਂ ਇਸ ਕਰ ਕੇ ਕਿ ਉਹ ਮੁਸਲਮਾਨਾਂ ਦੇ ਘਰ ਜੰਮਿਆ ਤੇ ਪਲਿਆ, ਨਹੀਂ ਤਾਂ ਉਸ ਨੂੰ ਕਿਸੇ ਧਰਮ ਨਾਲ ਸੰਬੰਧਤ ਕਰਨਾ ਉਸ ਦੀ ਸਾਂਝੀ ਦ੍ਰਿਸ਼ਟੀ ਨਾਲ ਅਨਿਆਂ ਕਰਨਾ ਹੈ। ਕੱਟੜ ਮੁਸਲਮਾਨ ਹੁੰਦਾ ਤਾਂ ਉਹ ਆਪਣੀ ਕਵਿਤਾ ਪੰਜਾਬੀ ਵਿਚ ਨਹੀਂ, ਅਰਬੀ, ਫ਼ਾਰਸੀ ਵਿਚ ਕਰਦਾ। ਗੁਰੂ ਨਾਨਕ ਹਿੰਦੂ ਘਰਾਣੇ ਵਿਚ ਜੰਮੇ, ਪਲੇ ਪਰ ਉਹ ਧਾਰਮਕ ਬੰਧਨਾਂ ਤੋਂ ਉੱਪਰ ਸਨ। ਫ਼ਰੀਦ ਵੀ ਇਸੇ ਤਰ੍ਹਾਂ ਸੀ। ਉਸ ਨੇ ਤਾਂ ਪੰਜਾਬੀ ਕਵਿਤਾ ਵਿਚ ਸੂਫ਼ੀਵਾਦ ਦੀ ਬੁਨਿਆਦ ਰੱਖੀ। ਇਨ੍ਹਾਂ ਦਲੀਲਾਂ ਦੇ ਅਧਾਰ ਤੇ ਮੈਨੂੰ ਇਹ ਕਹਿਣ ਵਿਚ ਕੋਈ ਸੰਦੇਹ ਨਹੀਂ ਕਿ ਪੰਜਾਬੀ ਸੂਫ਼ੀ-ਕਾਵਿ ਦਾ ਮੋਢੀ ਸਗੋਂ ਪੰਜਾਬੀ ਸਾਹਿਤ ਦਾ ਮੋਢੀ ਬਾਬਾ ਫ਼ਰੀਦ ਆਪਣੀ ਸਰਬ ਸਾਂਝੀ ਦ੍ਰਿਸ਼ਟੀ, ਸਹਿਨਸ਼ੀਲਤਾ, ਉਦਾਰ-

ਚਿਤੀ ਅਤੇ ਅਫਿਰਕੂਪੁਣੇ ਕਾਰਨ ਪੰਜਾਬੀ ਵਿਚ ਉਹ ਲੀਹਾਂ ਪਾ ਗਿਆ ਜਿਨ੍ਹਾਂ ਲੀਹਾਂ ਨੂੰ ਚੌੜਾ ਤੇ ਪੱਕਾ ਕਰਨ ਵਿਚ ਸਿਖ ਗੁਰੂਆਂ ਤੇ ਹਿੰਦੂ ਭਗਤਾਂ ਨੇ ਆਪਣਾ ਯੋਗ ਹਿੱਸਾ ਪਾਇਆ ਤੇ ਜਿਸ ਲੀਹ ਵਿਚ ਸਮੇਂ ਅਨੁਸਾਰ ਦੂਜੇ ਸੂਫ਼ੀ ਕਵੀਆਂ ਨੇ ਤਬਦੀਲੀ ਲਿਆਂਦੀ, ਜਿਨ੍ਹਾਂ ਦੀ ਕਵਿਤਾ ਤੇ ਵਿਚਾਰ ਅਗਲੀਆਂ ਸਤਰਾਂ ਦਾ ਮਨੋਰਥ ਹੈ।

ਸ਼ਾਹ ਹੁਸੈਨ (੧੫੩੮—੧੫੯੯) ਗੁਰੂ ਜੀ ਦਾ ਸਮਕਾਲੀ ਸੀ ਅਤੇ ਇਸੇ ਕਾਵਿ-ਪ੍ਰਣਾਲੀ ਦਾ ਸੰਚਾਲਕ ਸੀ। ਇਸ ਸਮੇਂ ਅਕਬਰ ਦਾ ਰਾਜ ਸੀ। (੧੫੫੬–੧੬੦੫) ਅਕਬਰ ਨੇ ਦੀਨ ਇਲਾਹੀ ਦੀ ਨੀਂਹ ਰੱਖੀ। ਜਿਸ ਨੇ ਹਿੰਦੂ ਅਤੇ ਇਸਲਾਮ ਦੇ ਚੰਗੇ ਅਸੂਲਾਂ ਨੂੰ ਲੈ ਕੇ ਇਕ ਨਵਾਂ ਧਰਮ ਚਲਾਉਣ ਦਾ ਯਤਨ ਕੀਤਾ। ਪਰ ਸ਼ਾਹ ਹੁਸੈਨ ਨੇ ਫ਼ਰੀਦ ਦੇ ਸੂਫ਼ੀਵਾਦ ਵਿਚ ਸਮੇਂ ਅਨੁਸਾਰ ਤਬਦੀਲੀ ਕੀਤੀ। ਉਸ ਨੇ ਅਧਿਆਤਮ-ਵਾਦ ਨੂੰ ਧਰਤੀ ਦੀ ਛੂਹ ਪ੍ਰਦਾਨ ਕੀਤੀ। ਸ਼ਾਹ ਹੁਸੈਨ ਦੀ ਕਵਿਤਾ ਵਿਚ ਅਦਵੈਤ (ਅਹਮ ਬ੍ਰਹਮ ਅਸਮੀਹ) ਦਾ ਚੋਖਾ ਪ੍ਰਭਾਵ ਦਿਸ ਪੈਂਦਾ ਹੈ! ਉਸ ਨੇ ਬਿਰਹਾ, ਪ੍ਰੀਤ, ਰੱਬੀ ਪ੍ਰਾਪਤੀ, ਦੁਨੀਆਂ ਦੀ ਥੋੜ੍ਹਚਿਰੀ ਨੂੰ ਪੰਜਾਬੀ ਜੀਵਨ ਵਿਚੋਂ ਉਪਮਾਵਾਂ ਦੇ ਕੇ ਪਰਗਟਾਇਆ ਅਤੇ ਕਿਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਆਮ ਘਰੇਲੂ ਵਸਤਾਂ ਦੇ ਨਾਂ ਲਿਆਂਦੇ, ਜਿਨ੍ਹਾਂ ਦੇ ਗੁੱਝੇ ਖਿਆਲਾਂ ਨੂੰ ਸਮਝਣ ਵਿਚ ਸਹਾਈ ਹੋਣ ਦੇ ਨਾਲ ਨਾਲ ਸਾਹਿੱਤ ਨੂੰ ਨਾਥ ਜੋਗੀਆਂ ਦੇ ਮਤਾਂ 'ਚੋਂ ਕੱਢ ਕੇ ਲੋਕ-ਪੱਧਰ ਤੇ ਲੈ ਆਂਦਾ ਇਹ ਹੁਸੈਨ ਦੀ ਪੰਜਾਬੀ ਸਾਹਿੱਤ ਨੂੰ ਸਭ ਤੋਂ ਵਡੀ ਦੇਣ ਹੈ।

ਸ਼ਾਹ ਹੁਸੈਨ ਬਿਰਹਾ ਦਾ ਕਵੀ ਹੈ, ਪਰ ਉਸ ਦੀ ਪ੍ਰੀਤ ਮਨੁੱਖੀ ਹਿਰਦੇ ਅੰਦਰ ਕੰਮ ਕਰਦੀ ਸ਼ਕਤੀ ਨਾਲ ਹੈ, ਤਦੇ ਤਾਂ ਉਹ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦਾ ਹੈ :—

"ਸੂਲਾਂ ਮਾਰ ਦੀਵਾਨੀ ਕੀਤੀ
ਬ੍ਰਿਹੋਂ ਪਿਆ ਸਾਡੇ ਖ਼ਿਆਲ ਨੀ, ਮੈਂ ਕੈਨੂੰ ਆਖਾਂ
ਸੂਲਾਂ ਦੀ ਰੋਟੀ ਦੁਖਾਂ ਦਾ ਲਾਵਨ
ਹੱਡਾਂ ਦਾ ਬਾਲਨ ਬਾਲ ਨੀ, ਮੈਂ ਕੈਨੂੰ ਆਖਾਂ।
ਰਾਂਝਣ ਰਾਂਝਣ ਫਿਰਾਂ ਕੂਕੇਂਦੀ
ਰਾਂਝਣ ਮੇਰੇ ਨਾਲ ਨੀ, ਮੈਂ ਕੈਨੂੰ ਆਖਾਂ"

ਸ਼ਾਹ ਹੁਸੈਨ 'ਇਸ਼ਕ ਦੇ ਰਾਹ' ਨੂੰ 'ਸੂਈ ਦਾ ਨੱਕਾ' ਸਮਝਦਾ ਹੈ, ਪਰ ਰੱਬ ਪ੍ਰਾਪਤੀ ਲਈ ਬੜਾ ਸੌਖਾ ਨੁਕਤਾ ਤਜਵੀਜ਼ ਕਰਦਾ ਹੈ :—

"ਜੇ ਤੂੰ ਆਪਣਾ ਆਪ ਪਛਾਤਾ ਸਾਈਂ ਦਾ ਮਿਲਣ ਆਸਾਨ।"

ਉਹ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਲਈ ਕਿਸੇ ਦਲਾਲ ਜਾਂ ਵਿਚੋਲੇ ਦੀ ਲੋੜ ਮਹਿਸੂਸ ਨਹੀਂ ਕਰਦਾ :—

"ਚਾਰੇ ਨੈਣ ਗੜਾਗੜ ਹੋਏ
ਵਿਚ ਵਿਚੋਲਾ ਕਹਿਆ।"

ਸ਼ਾਹ ਹੁਸੈਨ ਚੰਗੇ ਕੰਮ ਕਰਨ ਦੀ ਪ੍ਰੇਰਨਾ ਬੜੇ ਸਰਲ ਢੰਗ ਨਾਲ ਦਿੰਦਾ ਹੈ :—

"ਅਮਲਾਂ ਉੱਪਰ ਹੋਗ ਨਬੇੜਾ ਕਿਆ ਸੂਫ਼ੀ ਕਿਆ ਭੰਗੀ।"

ਅਜਿਹੀਆਂ ਸਚਾਈਆਂ ਨੂੰ ਲੋਕ-ਪੱਧਰ ਤੇ ਬਿਆਨਣਾ ਅਤੇ ਬਿਆਨ ਵਿਚ ਅਖਾਉਤ ਬਣਨ ਦਾ ਗੁਣ ਹੋਣਾ ਸ਼ਾਹ ਹੁਸੈਨ ਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਮਿਸਾਲ ਦੇ ਤੌਰ ਤੇ ਹੇਠਲੀਆਂ ਸਤਰਾਂ ਧਿਆਨ ਯੋਗ ਹਨ :—

(ੳ) ਦੁਨੀਆਂ ਜੀਵਨ ਚਾਰ ਦਿਹਾੜੇ ਕੌਣ ਕਿਸੇ ਨਾਲ ਰੁੱਸੇ।

(ਅ) ਦਿਨ ਲਥੜਾ ਹਰਟ ਨਾ ਗੇੜ ਮੋਈਏ।

ਸੂਫ਼ੀ ਕਾਵਿ ਨੂੰ ਪੜ੍ਹਿਆਂ ਇਕ ਹੋਰ ਗੱਲ ਵੇਖਣ ਵਿਚ ਆਉਂਦੀ ਹੈ ਕਿ ਇਸ ਸਿਧਾਂਤ ਦੇ ਸੰਚਾਲਕਾਂ ਨੇ ਹਰ ਗੱਲ ਨੂੰ ਕਹਿਣ ਲੱਗਿਆਂ ਆਪਣੇ ਆਪ ਨੂੰ ਸੰਬੋਧਨ ਕੀਤਾ ਹੈ। ਇਹ ਸ਼ੈਲੀ ਬਹੁਤ ਹੀ ਵਿਗਿਆਨਕ ਹੈ ਅਤੇ ਪਾਠਕ ਦਾ ਭਰੋਸਾ ਜਿਤ ਲੈਂਦੀ ਹੈ ਤੇ ਉਸ ਨੂੰ ਸੁਤੇ ਸਿਧ ਹੀ ਆਪਣੇ ਮਗਰ ਤੋਰ ਲੈਂਦੀ ਹੈ। ਜਿਵੇਂ ਸ਼ਾਹ ਹੁਸੈਨ ਦੇ ਸ਼ਬਦ ਹਨ : -

"ਨੀ ਮਾਏ ਮੇਰੇ ਖੇਡਣ ਦੇ ਦਿਨ ਚਾਰ
ਮੇਰਾ ਵਤ ਖੇਡਣ ਦਾ ਕੌਣ ਆਸੀ"

ਜਾਂ

"ਜਿੰਦੇ ਮੈਂਡੜੀਏ ਤੈਂਡਾ ਕਲੀਆਂ ਦਾ
ਵਖਤ ਵਿਹਾਣਾ"

ਇਸ ਤਰ੍ਹਾਂ ਸ਼ਾਹ ਹੁਸੈਨ ਨੇ ਸੂਫ਼ੀਵਾਦ ਦਾ ਆਪਣੀ ਪ੍ਰਤਿਭਾ ਦੁਆਰਾ ਵਿਕਾਸ ਕੀਤਾ। ਇਸੇ ਕਰਕੇ ਉਨ੍ਹਾਂ ਤੋਂ ਅਗਲੇ ਸੂਫ਼ੀ ਕਵੀ ਸੁਲਤਾਨ ਬਾਹੂ (੧੬੨੯—

੧੬੯੦) ਖੁਲ੍ਹਮ ਖੁਲ੍ਹਾ ਮਜ਼੍ਹਬੀ ਵਲਗਣਾਂ ਤੋੜਦੇ ਨਜ਼ਰ ਆਉਂਦੇ ਹਨ :—

"ਨਾ ਮੈਂ ਹਿੰਦੂ, ਨਾ ਮੈਂ ਮੁਸਲਿਮ
ਨਾ ਮੈਂ ਮੁੱਲਾਂ ਕਾਜ਼ੀ ਹੂ
ਨਾ ਦਿਲ ਦੋਜ਼ਖ਼ ਮੰਗੇ ਮੇਰਾ
ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ।"

ਕਿਉਂਕਿ ਰੱਬੀ ਮਿਲਾਪ ਉਸਦੇ ਆਦਰਸ਼ਾਂ ਦੀ ਸਿਖਰ ਹੈ—

"ਬਾਝ ਵਿਸਾਲ ਰੱਬ ਦੇ ਬਾਹੂ
ਹੋਰ ਝੂਠੀ ਸਭ ਬਾਜ਼ੀ ਹੂ।"

ਨਾਲੇ ਉਸ ਦਾ ਰੱਬ ਕੋਈ 'ਸੱਤਵੇਂ ਅਸਮਾਨ' ਉਤੇ ਤਾਂ ਨਹੀਂ ਸਗੋਂ ਉਹ ਤਾਂ :—

'ਸ਼ਾਹ ਰਗ ਤੋਂ ਨਜ਼ਦੀਕ ਸੁਣੀਦਾ
ਬਾਹੂ ਪਾ ਅੰਦਰੂਨੀ ਝਾਤੀ ਹੂ।'

ਇਸੇ ਅੰਦਰੂਨੀ ਝਾਤੀ ਦਾ ਇੱਛਕ, ਸੂਫ਼ੀ ਕਾਵਿ ਦਾ 'ਵਾਰਸ' ਤੇ 'ਵਾਰਸ' ਦਾ ਸਮਕਾਲੀ ਬੁਲ੍ਹੇ ਸ਼ਾਹ (੧੬੮੦-੧੭੫੨) ਸੀ, ਜਿਹੜਾ ਸੂਫ਼ੀਵਾਦ ਦੀ ਪ੍ਰੀਤ ਨੂੰ ਸਰੀਰਕ ਇਸ਼ਕ ਦੀ ਹਦ ਤਕ ਪਹੁੰਚਾ ਦਿੰਦਾ ਹੈ ਜਿਸ ਦਾ ਮੱਕਾ ਰਾਂਝੇ ਦੀ ਜਨਮ ਭੂਮੀ "ਤਖ਼ਤ ਹਜ਼ਾਰਾ" ਹੈ :—

"ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ
ਤਖ਼ਤ ਹਜ਼ਾਰੇ"

ਕਿਉਂਕਿ ਉਸਦੇ ਦ੍ਰਿਸ਼ਟੀਕੋਨ ਅਨੁਸਾਰ ਰੱਬ ਉਸਦੇ ਮਾਸ਼ੂਕ ਯਾਰ-ਅਨਾਇਤ ਸ਼ਾਹ ਕਾਦਰੀ, ਬੁਲ੍ਹੇ ਸ਼ਾਹ ਦਾ ਮੁਰਸ਼ਦ ਤੋਂ ਵਖਰਾ ਨਹੀਂ—

"ਜਿਤ ਵਲ ਯਾਰ ਉਤੇ ਵਲ ਕਾਬਾ ਭਾਵੇਂ
ਵੇਖ ਕਿਤਾਬਾਂ ਚਾਰੇ।"

ਇਸ ਤਰ੍ਹਾਂ ਜਿੱਥੇ ਬੁਲ੍ਹਾ ਆਪਣੇ ਪ੍ਰੀਤ-ਵਲਵਲਿਆਂ ਨੂੰ ਰਪਜ਼ ਭਰੀ ਬੋਲੀ ਵਿਚ ਰੂਪਮਾਨ ਕਰਦਾ ਹੈ ਉਹ ਪੰਜਾਬੀ ਰੁਮਾਂਚਿਕ ਕਵਿਤਾ ਲਈ ਵੀ ਰਾਹ ਸਾਫ਼ ਕਰ ਦਿੰਦਾ ਹੈ, ਕਿਉਂਕਿ ਉਸ ਸਮੇਂ ਤੀਕ ਸਰੀਰਕ ਬਿਆਨ ਨੂੰ ਸਾਹਿੱਤ ਦਾ ਰੂਪ ਦੇਣਾ ਕਾਜ਼ੀਆਂ, ਮੁਲਾਣਿਆਂ ਜਾਂ ਹੋਰ ਸਮਾਜਕ ਚੌਧਰੀਆਂ ਦੇ ਕ੍ਰੋਧ ਨੂੰ ਮੁੱਲ ਲੈਣ ਬਰਾਬਰ ਸੀ। ਤੇ ਬੁਲ੍ਹਾ ਤਾਂ ਆਪਣੇ ਵਿਸ਼ਵਾਸਾਂ ਤੇ ਡੱਟ ਜਾਂਦਾ ਹੈ। ਉਸਨੂੰ ਇਨ੍ਹਾਂ

ਸਮਾਜਕ ਚਾਲ ਦੇ ਵਿਰੋਧੀਆਂ ਦੀ ਰਤੀ ਵੀ ਪਰਵਾਹ ਨਹੀਂ—

"ਬੁਲ੍ਹਿਆ ਤੈਨੂੰ ਕਾਫ਼ਰ ਕਾਫ਼ਰ ਆਖਦੇ
ਤੂੰ ਆਹੋ ਆਹੋ ਆਖ"

ਇਸ ਤਰ੍ਹਾਂ ਬੁਲ੍ਹੇ ਦੀ ਕਵਿਤਾ ਵਿਚ ਵਿਰੋਧ-ਵਿਕਾਸੀ ਅੰਸ਼ ਵੀ ਮਿਲਦਾ ਹੈ, ਜੋ ਉਸ ਦੀ ਕਵਿਤਾ ਦੀ ਸਮਾਜਿਕ ਕੀਮਤ ਜਾਂ ਮਹੱਤਤਾ ਦਾ ਕਾਰਨ ਬਣਦਾ ਹੈ। ਗੁਪਾਲ ਸਿੰਘ ਦਰਦੀ ਨੇ ਬੁਲ੍ਹੇ ਦੀਆਂ ਹੇਠਲੀਆਂ ਸਤਰਾਂ ਦਾ ਹਵਾਲਾ ਦੇ ਕੇ ਬੁੱਲ੍ਹੇ ਨੂੰ ਪ੍ਰਤਿਗਾਮੀ ਲੇਖਕ ਸਾਬਤ ਕੀਤਾ ਹੈ :—

ਦਰ ਖੁਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ
ਭੂਰੀਆਂ ਵਾਲੇ ਰਾਜੇ ਕੀਤੇ
ਮੁਗਲਾਂ ਜ਼ਹਿਰ ਪਿਆਲੇ ਪੀਤੇ

ਜੇ ਬੁਲ੍ਹੇ ਨੂੰ ਸੂਬਾ ਸਰਹੰਦ ਦਾ ਰਿਸ਼ਤੇਦਾਰ ਤਸੱਵਰ ਕਰਕੇ ਪੜਚੋਲ ਕਰੀਏ ਤਾਂ ਸ਼ਾਇਦ ਇਹ ਠੀਕ ਹੋਵੇ। ਪਰ ਜੇ ਸਿਖ ਮਿਸਲਾਂ ਦਾ ਹਾਲ ਨਿਰਪੱਖਤਾ ਨਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਮਿਸਲਾਂ ਵੇਲੇ ਪੰਜਾਬ ਦਾ ਬੁਰਾ ਹਾਲ ਸੀ। ਸੋ ਬੁਲ੍ਹੇ ਨੇ ਯਥਾਰਥਕ ਗੱਲ ਕਹਿ ਦਿਤੀ ਹੈ। ਇਹ ਕੋਈ ਸਮਾਜਕ ਚਾਲ ਵਿਚ ਰੋੜਾ ਨਹੀਂ ਅਟਕਾਇਆ, ਸਿਖਾਂ ਨੂੰ ਭੂਰੀਆਂ ਵਾਲੇ ਕਹਿ ਕੇ ਉਸ ਨੇ ਸਹੀ ਤਸਵੀਰ ਹੀ ਵਿਖਾਈ ਹੈ :—

ਜੇ ਬੁਲ੍ਹੇ ਦੀ ਕਵਿਤਾ ਪੜ੍ਹੀਏ ਤਾਂ ਸਗੋਂ ਇਕ ਥਾਂ ਆਉਂਦਾ ਹੈ :

'ਏਸ ਕੁਸੰਭੜੇ ਦਾ ਹਾਕਮ ਤਕੜਾ ਜ਼ਾਲਮ ਹੈ ਪਟਵਾਰੀ।"

ਭਾਵ ਪਟਵਾਰੀ (ਸਰਕਾਰੀ ਕਰਮਚਾਰੀ) ਨੂੰ ਜ਼ਾਲਮ ਦਸਿਆ ਹੈ। ਜੇ ਇਸ ਤੁਕ ਨੂੰ ਗੁਰੂ ਨਾਨਕ ਦੀ ਸਤਰ ਨਾਲ ਮੇਲ ਕੇ ਪੜ੍ਹੀਏ ਤਾਂ ਬੁਲ੍ਹੇ ਬਾਰੇ ਕੋਈ ਸ਼ਕ ਨਹੀਂ ਰਹਿ ਜਾਂਦਾ। ਗੁਰਵਾਕ ਹੈ :—

"ਮੋਕਉ ਨੀਤ ਡਸੈ ਪਟਵਾਰੀ—'

ਬੁਲ੍ਹਾ ਸਾਫ਼ ਸਾਫ਼ ਗਲ ਕਰਨ ਵਾਲਾ ਸੀ ਤੇ ਸਭ ਲੋਕੀਂ ਜਾਣਦੇ ਹਨ ਕਿ ਸੱਚੀ ਗੱਲ ਕੌੜੀ ਲਗਦੀ ਹੈ। ਬੁਲ੍ਹਾ ਤਾਂ ਆਪ ਇਸ ਸਚਿਆਈ ਤੋਂ ਜਾਣੂ ਹੈ :—

"ਝੂਠ ਆਖਾਂ ਤਾਂ ਕੁਝ ਬਚਦਾ ਹੈ।
ਸਚ ਆਖਿਆਂ ਭਾਂਬੜ ਮਚਦਾ ਹੈ।

ਜੀਅ ਦੋਹਾਂ ਗਲਾਂ ਤੋਂ ਜਚਦਾ ਹੈ।
ਜਚ ਜਚ ਕੇ ਜੀਭਾ ਕਹਿੰਦੀ ਹੈ।
ਮੂੰਹ ਆਈ ਬਾਤ ਨਾ ਰਹਿੰਦੀ ਹੈ।"

ਲੋਕ ਤਾਂ ਇਸ਼ਕ ਨੂੰ 'ਮਿਹਣਾ' ਸਮਝਦੇ ਹਨ, ਪਰ ਬੁਲ੍ਹਾ ਇਸ ਨੂੰ 'ਅੱਲਾ ਦੀ ਜ਼ਾਤ' ਸਮਝਦਾ ਹੈ। ਤੇ ਇਹ ਇਸ਼ਕ ਜ਼ੋਰ ਲਗਾਇਆਂ ਨਹੀਂ ਲਗਦਾ, ਸਗੋਂ ਸਹਿਜੇ ਹੀ ਫਿਰਦਿਆਂ ਤੁਰਦਿਆਂ ਗਲ ਪੈ ਜਾਂਦਾ ਹੈ।

"ਹਸਦੀਆਂ ਗੱਲਾਂ ਵਿਚ ਪੈ ਗਈ ਫਾਹੀ।
ਵੇਖੋ ਨੀ ਕੀ ਕਰ ਗਿਆ ਮਾਹੀ।
ਲੈਂਦਾ ਹੀ ਦਿਲ ਹੋ ਗਿਆ ਰਾਹੀ।"

ਪਰ ਜਦੋਂ ਇਸ਼ਕ ਲਗ ਗਿਆ ਤਾਂ ਫੇਰ ਕੋਈ ਹੋਰ ਸੋਝੀ ਨਹੀਂ ਰਹਿੰਦੀ ਤੇ ਬਿਰਹਾ ਜਿੰਦ ਨੂੰ ਬਿਹਬਲ ਕਰ ਦਿੰਦੀ ਹੈ :—

"ਬਹੁੜੀਂ ਵੇ ਤਬੀਬਾ ਮੇਰੀ ਜਿੰਦ ਗਈ ਆ।
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।"

ਬੁਲ੍ਹਾ ਇਸਤ੍ਰੀ ਪੁਰਸ਼ ਪਿਆਰ ਦੀਆਂ ਅਸਲੀਅਤਾਂ ਨੂੰ ਬਿਆਨ ਕਰਨ ਵਿਚ ਕਮਾਲ ਹੀ ਕਰਦਾ ਹੈ। ਸਮਾਜ (ਜਾਗੀਰਦਾਰੀ ਸਰਮਾਇਆਦਾਰੀ) ਇਸਤਰੀ ਪੁਰਸ਼ ਦੇ ਪਿਆਰ ਨੂੰ ਸਿਰੇ ਨਹੀਂ ਚੜ੍ਹਨ ਦਿੰਦਾ ਤਾਂ ਕਈ ਵਾਰੀ ਮਾਸ਼ੂਕ (ਇਸਤਰੀ) ਆਸ਼ਕ ਨੂੰ ਉਪਰੋਂ ਉਪਰੋਂ ਸਮਾਜ ਦੇ ਵਿਖਾਵੇ ਲਈ ਗਾਲ੍ਹਾਂ ਕਢਦੀ ਹੈ ਤਾਂ ਜੋ ਸ਼ੱਕ ਨਾ ਪਵੇ। ਬੁਲ੍ਹਾ ਇਸੇ ਤਜਰਬੇ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :—

"ਰਾਂਝੇ ਨੂੰ ਮੈਂ ਗਾਲੀਆਂ ਦੇਵਾਂ
ਦਿਲ ਵਿਚ ਦਿਆਂ ਦੁਆਈਂ
ਮੈਂ ਤੇ ਰਾਂਝਾ ਇਕੋ
ਦੂਈ ਲੋਕਾਂ ਨੂੰ ਅਜ਼ਮਾਈ।"

ਪਰ ਬੁਲ੍ਹਾ ਆਪਣੇ ਇਸ਼ਕ, ਆਦਰਸ਼ ਦੀ ਪ੍ਰਾਪਤੀ ਲਈ ਜੰਗਲ ਨੂੰ ਨਹੀਂ ਜਾਂਦਾ ਸਗੋਂ ਉਹ ਤਾਂ ਆਪਣਾ ਤਰੀਕਾ ਇਸ ਤਰ੍ਹਾਂ ਵਰਣਨ ਕਰਦਾ ਹੈ :—

"ਜਿਸ ਬੇਲੇ ਵਿਚ ਬੇਲੀ ਵੱਸੇ ਉਸਦੀਆਂ ਲਵਾਂ ਬਲਾਈਂ॥
ਬੁਲ੍ਹਿਆ ਸ਼ਹੁ ਨੂੰ ਪਾਸੇ ਛਡ ਕੇ ਜੰਗਲ ਵਲ ਨਾ ਜਾਈਂ॥"

ਤੇ ਉਸਦਾ ਇਹ ਰਾਹ ਬੜਾ ਜਰਨੈਲੀ ਰਾਹ ਹੈ ਤਾਂ ਹੀ ਤੇ ਉਹ ਆਪਣੇ

ਆਸ਼ੇ ਦੀ ਪ੍ਰਾਪਤੀ ਕਰ ਲੈਂਦਾ ਹੈ :—

"ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ ॥
ਸਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ ॥"

ਭਗਤ ਰਵਿਦਾਸ ਦਾ ਰਾਹ ਵਖਰਾ ਹੈ ਪਰ ਪੁਜਦਾ ਉਹ ਵੀ ਉਥੇ ਹੀ ਹੈ :—

"ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥
ਕਨਕ ਕਟਕ ਜਲ ਤਰੰਗ ਜੈਸਾ ॥

(ਰਵਿਦਾਸ)

ਬੁਲ੍ਹੇ ਦੇ ਖ਼ਿਆਲ ਅਨੁਸਾਰ ਮਿਲਾਪ ਲਈ ਬਿਰਹਾ, ਵਿਛੋੜੇ ਦੀ ਹੋਂਦ ਜ਼ਰੂਰੀ ਹੈ। ਭਾਵੇਂ ਉਹ ਵਿਛੋੜਾ ਦੁਖਦਾਈ ਹੁੰਦਾ ਹੈ ਪਰ ਉਸ ਦੁਖ ਵਿਚ ਵੀ ਜਜ਼ਬਿਆਂ ਦੇ ਵਲਵਲਿਆਂ ਦਾ ਨਿਕਾਸ ਹੈ, ਭਾਵੇਂ ਇਹ ਬਿਰਹਾ ਉਸ ਨੂੰ ਕੰਮ ਤੋਂ ਉਪਰਾਮ ਹੀ ਕਿਉਂ ਨਾ ਕਰ ਦੇਵੇ :—

"ਤ੍ਰਿੰਜਣ ਕਤਣ ਸਹੀਆਂ ਬ੍ਰਿਹੋਂ ਢੋਲ ਵਜਾਵੇ ।
ਮਾਹੀ ਛਿੜ ਗਿਆ ਨਾਲ ਮਹੀਂ ਦੇ ਹੁਣ ਕੱਤਣ ਕਿਸਨੂੰ ਭਾਵੇ ॥'

ਪਰ ਇਹ ਕਸਕਾਂ ਸਹਿਣੀਆਂ ਹੀ ਪੈਂਦੀਆਂ ਹਨ। ਦੁਖਾਂ ਤਕਲੀਫ਼ਾਂ ਪਿਛੋਂ ਪ੍ਰਾਪਤ ਕੀਤੀ ਵਸਤ ਜਾਂ ਅਵਸਥਾ ਦਾ ਅਨੰਦ ਦੂਣਾ, ਚੌਣਾ ਹੁੰਦਾ ਹੈ। ਇਸੇ ਕਰਕੇ ਬੁਲ੍ਹਾ ਕਹਿੰਦਾ ਹੈ :—

ਬੁਲ੍ਹਾ ਸ਼ਹੁ ਨੂੰ ਸੋਈ ਪਾਵੇ,
ਜਿਹੜਾ ਬਕਰਾ ਬਣੇ ਕਸਾਈ ਦਾ ।

ਤੇ ਇਸੇ ਕਰੜੀ ਕਮਾਈ ਕਾਰਨ ਹੀ ਤਾਂ ਉਹ ਅਜਿਹੀ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ ਤੇ ਜਿਥੇ ਸਾਰੀਆਂ ਗੁੰਝਲਾਂ ਖੁਲ੍ਹ ਜਾਂਦੀਆਂ ਹਨ। ਤੇ ਅੰਦਰੇ ਹੀ ਰੱਬ ਲੱਭ ਪੈਂਦਾ ਹੈ :—

"ਸਾਧੋ ਕਿਸ ਨੂੰ ਆਖ ਸੁਣਾਵਾਂ, ਮੇਰੀ ਬੁੱਕਲ ਦੇ ਵਿਚ ਚੋਰ ਨੀ ॥
ਕਿਤੇ ਰਾਮਦਾਸ ਕਿਤੇ ਫ਼ਤਹਿ ਮੁਹੰਮਦ, ਇਹੋ ਕਦੀਮੀ ਸ਼ੋਰ ਨੀ ॥
ਚੁਕ ਲਏ ਸਭ ਝੇੜੇ ਝਗੜੇ, ਨਿਕਲ ਗਿਆ ਕੋਈ ਹੋਰ ਨੀ ॥"

ਭਾਵ ਬੁਲ੍ਹੇ ਦਾ ਇਸ਼ਟ ਮਜ਼੍ਹਬਾਂ ਤੋਂ ਉਤੇ ਦੀ ਕੋਈ ਹਸਤੀ ਨਿਕਲਿਆ। ਇਸ ਉੱਚੀ ਸਿਖਰ ਦੀ ਪ੍ਰਾਪਤੀ ਉਸ ਨੂੰ ਹੋਈ।

ਬੁਲ੍ਹੇ ਤੋਂ ਪਿਛੋਂ ਅਲੀ ਹੈਦਰ (੧੬੯੦—੧੭੮੫) ਨੇ ਸੂਫ਼ੀ ਕਾਵਿ ਨੂੰ

ਹੋਰ ਵਧੇਰੇ ਨਿਖਾਰਿਆ ਤੇ ਇਸ ਦੀ ਚਾਲ ਵਿਚ ਤੇਜ਼ੀ ਆ ਗਈ ਜਿਵੇਂ ਕਿ ਉਨ੍ਹਾਂ ਦੀ ਕਵਿਤਾ ਤੋਂ ਸਾਬਤ ਹੁੰਦਾ ਹੈ :—

"ਮੀਮ ਮਾਰ ਕੇ ਢੋਲੀ ਢੋਲ ਆਖਾਂ,
ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ ॥
ਮੈਂ ਯਾਰ ਦੇ ਵੇਹੜੇ ਝਾਤ ਪਏਸਾਂ ਟਪ ਟਪ ਉਚੀ ਛਾਲ ਵਲੇ ।"

ਇਕ ਅਜਿਹੀ ਚਾਲ ਸੀ ਜਿਸ ਨੇ ਪ੍ਰੋ: ਮੋਹਨ ਸਿੰਘ ਨੂੰ "ਆਉ ਹਿੰਦੀਉ ਰਲ ਛੋਹੀਏ ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ ।" ਜਿਹੀ ਦੇਸ਼ ਭਗਤੀ ਦੀ ਕਵਿਤਾ ਲਿਖਣ ਲਈ ਨਮੂਨਾ ਪੇਸ਼ ਕੀਤਾ ।

ਇਸ ਪ੍ਰਣਾਲੀ ਨੂੰ ਬੰਦ ਕਰਨ ਤੋਂ ਪਹਿਲਾਂ ਜੇ ਵਜੀਦ ਦੀ ਕਵਿਤਾ ਦਾ ਨਮੂਨਾ ਨਾ ਪੇਸ਼ ਕੀਤਾ ਜਾਵੇ ਤਾਂ ਸੂਫ਼ੀ ਕਾਵਿ ਦੇ ਵਿਕਾਸ ਦਾ ਇਕ ਨਿੱਗਰ ਭਾਗ ਅੱਖਾਂ ਤੋਂ ਉਹਲੇ ਰਹਿ ਜਾਵੇਗਾ ।

ਵਜੀਦ ਨੂੰ ਪੜ੍ਹ ਕੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਸਮਾਜ ਦੀ ਕਾਣੀ ਵੰਡ ਦੇ ਵਿਰੁੱਧ ਜ਼ਬਰਦਸਤ ਰੋਸ ਪ੍ਰਗਟ ਕਰਦਾ ਹੈ ।

"ਇਕਨਾ ਨੂੰ ਘਿਉ, ਖੰਡ ਨਾ ਮੈਦਾ ਭਾਵਈ ।
ਬਹੁਤੀ ਬਹੁਤੀ ਮਾਇਆ ਚਲੀ ਆਵਈ ।
ਇਕਨਾ ਨਾਹੀਂ ਸਾਗ ਅਲੂਣਾ ਪੇਟ ਭਰ ।
ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਜ ਨਹੀਂ ਇੰਜ ਕਰ ।"

ਜਿਥੇ ਬੁਲ੍ਹੇ ਸ਼ਾਹ ਮਜ਼੍ਹਬੀ ਰੀਤਾਂ ਵਿਰੁਧ ਆਵਾਜ਼ ਉਠਾਉਂਦਾ ਹੈ, ਵਜੀਦ ਸ਼੍ਰੇਣੀ ਸਮਾਜ ਦੀ ਆਰਥਕ ਅਵਸਥਾ ਦੀ ਯਥਾਰਥਕ ਤਸਵੀਰ ਸਾਹਮਣੇ ਲਿਆ ਕੇ ਉਸ ਉੱਤੇ ਚੋਟ ਕਰਦਾ ਹੈ ਤੇ ਅਜਿਹਾ ਕਰਕੇ ਉਹ ਸੂਫ਼ੀ ਕਾਵਿ ਵਿਚ ਸਮਾਜ ਦੀ ਨਿੱਘਰੀ ਹੋਈ ਤੇ ਆਰਥਿਕ ਸੰਕਟਾਂ ਵਾਲੀ ਜ਼ਿੰਦਗੀ ਨੂੰ ਅਮੀਰ ਖ਼ੁਸ਼ਹਾਲ ਜ਼ਿੰਦਗੀ ਨਾਲ ਮੇਚ ਕੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪਹਿਲੇ ਕਰਾਂਤੀਕਾਰੀ ਕਵੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ !

ਹੁਣ ਜਦੋਂ ਕਿ ਅਸੀਂ ਪੰਜਾਬੀ ਸੂਫ਼ੀ-ਕਾਵਿ ਦੇ ਅਰੰਭ ਤੇ ਵਿਕਾਸ ਉਤੇ ਦਰਿਸ਼ਟੀ ਕਰ ਲਈ ਹੈ ਤਾਂ ਇਸ ਤੋਂ ਹੇਠ-ਲਿਖੇ ਸਿਟੇ ਕੱਢਣੇ ਔਖੇ ਨਹੀਂ ।

੧. ਪੰਜਾਬੀ ਕਵਿਤਾ ਦਾ ਮੁਢ ਬਾਬਾ ਫ਼ਰੀਦ ਨੇ ਸੂਫ਼ੀ ਵਿਚਾਰ-ਧਾਰਾ ਨਾਲ ਬੰਨ੍ਹਿਆ ।

੨. ਸੂਫ਼ੀ ਫ਼ਕੀਰ ਮੁਸਲਮਾਨ ਹੁੰਦੇ ਹੋਏ ਵੀ ਸ਼ਰ੍ਹਾ ਨਿਮਾਜ਼, ਰੋਜ਼ੇ ਦੀ ਕੈਦ ਤੋਂ ਬਰੀ ਸਨ, ਜਿਸ ਕਰਕੇ ਉਹਨਾਂ ਦੇ ਵਿਚਾਰ ਸਰਬ ਸਾਂਝੇ ਤੇ ਸਾਰੀਆਂ ਜ਼ਾਤੀਆਂ ਅਥਵਾ ਪੰਜਾਬੀ ਸਮਾਜ ਲਈ ਉਪਯੋਗੀ ਹਨ ।

੩. ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਨੇ ਖਾਸ ਤੌਰ ਤੇ ਅਤੇ ਬਾਕੀ ਸੂਫ਼ੀ ਕਵੀਆਂ ਨੇ ਆਮ ਕਰਕੇ ਪੰਜਾਬੀ ਸਾਹਿੱਤ ਨੂੰ ਲੋਕ ਸਾਹਿਤ ਦੀ ਪੱਧਰ ਤੇ ਲਿਆਂਦਾ ।

੪. ਸੂਫ਼ੀ ਕਵੀਆਂ ਨੇ ਇਸਲਾਮ ਅਤੇ ਭਾਰਤੀ ਧਰਮ (ਅਦਵੈਤ) ਤੋਂ ਜਿਹੜੀ ਨਵੀਂ ਵਿਚਾਰ-ਧਾਰਾ ਖੜੀ ਕੀਤੀ ਉਹ ਸਾਰੇ ਮਜ਼੍ਹਬ ਵਾਲਿਆਂ ਨੂੰ ਸਵੀਕਾਰ ਹੈ। ਭਾਵ ਉਹ ਇਕ ਸਰਬ ਸਾਂਝੀ ਫ਼ਿਲਾਸਫ਼ੀ ਹੈ ।

੫. ਬੁਲ੍ਹੇ ਅਤੇ ਸ਼ਾਹ ਹੁਸੈਨ ਦੀ ਜਜ਼ਬੇ-ਰਤੀ ਅਤੇ ਵਲਵਲੇ-ਭਰਪੂਰ ਪ੍ਰੀਤ-ਮਈ ਕਵਿਤਾ ਨੇ ਪੰਜਾਬੀ ਵਿਚ ਰੁਮਾਂਚਿਕ ਕਵਿਤਾ ਨੂੰ ਜਨਮ ਦਿਤਾ ।

੬. ਸੂਫ਼ੀ ਕਵਿਤਾ ਨੇ ਪੰਜਾਬੀ ਨੂੰ ਫ਼ਾਰਸੀ ਸ਼ਬਦਾਵਲੀ ਦਿਤੀ ਪਰ ਘਰੋਗੀ ਅਲੰਕਾਰਾਂ ਨਾਲ ਇਸ ਨੂੰ ਸਜਾਇਆ, ਜਿਸ ਤੋਂ ਪੰਜਾਬੀ ਦਾ ਸ਼ਬਦ ਭੰਡਾਰ ਬਹੁਤ ਵਧ ਗਿਆ ।

੭. ਸੂਫ਼ੀ ਕਵੀਆਂ ਨੇ ਪੰਜਾਬੀ ਕਵਿਤਾ ਵਿਚ ਅਫਿਰਕੂਪੁਣੇ ਦੀ ਲੀਹ ਤੋਰੀ ਤੇ ਕਵਿਤਾ ਨੂੰ ਮਜ਼੍ਹਬੀ ਬੰਧਨਾਂ ਤੋਂ ਆਜ਼ਾਦ ਕਰਵਾਇਆ । ਇਸ ਕਰਕੇ ਪੰਜਾਬੀ ਸਾਹਿਤ ਵਿਚ ਅਗੇ ਇਨ੍ਹਾਂ ਲੀਹਾਂ ਤੇ ਸਾਹਿਤ ਰਚਿਆ ਗਿਆ ।

ਇਸ ਵਡਮੁਲੀ ਦੇਣ ਕਰਕੇ ਪੰਜਾਬੀ ਸੂਫ਼ੀ ਕਾਵਿ ਦਾ ਪੰਜਾਬੀ ਸਾਹਿੱਤ ਵਿਚ ਇਕ ਵਿਸ਼ੇਸ਼ ਸਥਾਨ ਹੈ ਤੇ ਇਸੇ ਕਾਰਨ ਇਸ ਕਾਵਿ ਦੀ ਉਹ ਸਮਾਜਕ ਮਹੱਤਤਾ ਹੈ ਜਿਹੜੀ ਕੇਵਲ ਇਸੇ ਦਾ ਹੀ ਹੱਕ ਹੈ ।

—oo—

ਜਗਜੀਤ ਸਿੰਘ ਛਾਬੜਾ—

# ਬਾਬਾ ਫ਼ਰੀਦ

ਬਾਬਾ ਫਰੀਦ ਨਾ ਕੇਵਲ ਇਕ ਸੂਫ਼ੀ ਕਵੀ, ਆਪਣੇ ਸਮੇਂ ਦਾ ਪ੍ਰਤਿਨਿਧ ਸਾਹਿਤਕਾਰ, ਪੰਜਾਬੀ ਦਾ ਮੋਢੀ ਕਲਾਕਾਰ, ਭਾਰਤੀ ਵਿਚਾਰ-ਧਾਰਾ ਅਤੇ ਇਸਲਾਮੀ ਵਿਚਾਰਧਾਰਾ ਦੇ ਸੂਫ਼ੀ ਅਨੁਭਵ ਨੂੰ ਪੰਜਾਬੀ ਬੋਲੀ ਦੇ ਵਿਸ਼ੇ ਖੇਤਰ ਵਿਚ ਲਿਆਉਣ ਵਾਲਾ ਹੀ ਹੈ ਸਗੋਂ ਇਕ ਮਹਾਨ ਕਵੀ ਵੀ ਮੰਨਿਆ ਜਾਂਦਾ ਹੈ। ਜਿਥੇ ਮਹਾਨ ਕਵੀ ਜੀਵਨ ਦੇ ਪ੍ਰਤਿਨਿਧ ਵਿਸ਼ੇ ਅਤੇ ਵਿਸ਼ਾਲ ਅਨੁਭਵ ਨੂੰ ਹੀ ਕਵਿਤਾ ਦਾ ਖੇਤਰ ਬਣਾਉਂਦਾ ਹੈ; ਅਤੇ ਉਸ ਵਿਚ ਸਮੂਹੀਪਨ ਤੇ ਸਦੀਵੀ-ਪਨ ਦੇ ਲੱਛਣ ਉਜਾਗਰ ਕਰਦਾ ਹੈ; ਉਥੇ ਇਸ ਦੇ ਕਾਵਿਕ ਨਿਭਾ ਵਿਚ ਸੁਚੇਤ ਤੌਰ ਤੇ ਕਲਾ ਦੇ ਉਹ ਗੁਣ ਭਰ ਦਿੰਦਾ ਹੈ ਜਿਹੜੇ ਉਸ ਦੀ ਸਦੀਵੀ ਅਪੀਲ ਦਾ ਕਾਰਨ ਬਣਦੇ ਹਨ। ਕਲਾ ਦੀ ਮਹਾਨਤਾ ਨਿਰਸੰਦੇਹ, ਵਿਸ਼ੇ ਤੇ ਅਨੁਭਵ ਦੀ ਮਹਾਨਤਾ ਤੇ ਹੁੰਦੀ ਹੈ ਪਰ ਉਸ ਦਾ ਕਲਾਤਮਕ ਪੱਖ ਹੀ ਸੁੰਦਰਤਾ ਅਤੇ ਸੁਹਜ-ਸਵਾਦ ਦੇ ਗੁਣ ਕਰਕੇ ਉਸ ਵਿਸ਼ੇ ਨੂੰ ਦੂਸਰਿਆਂ ਲਈ ਮਹੱਤਤਾ ਪੂਰਨ ਬਣਾਉਂਦਾ ਹੈ। Caudwell ਦਾ ਵਿਚਾਰ ਹੈ ਕਿ ਸ੍ਵੈ-ਪ੍ਰਗਟਾਵਾ ਨਹੀਂ ਸਗੋਂ ਸ੍ਵੈ-ਸਮਾਜੀਕਰਣ ਹੈ। ਕਲਾ ਦੀ ਸਮਾਜਕ ਮਹੱਤਤਾ ਹੀ ਕਲਾਕਾਰ ਨੂੰ ਮਹਾਨਤਾ ਦਾ ਦਰਜਾ ਦਿੰਦੀ ਹੈ। ਕਲਾਵਾਦੀ ਹੋਣ ਦੀ ਥਾਂ ਕਲਾਤਮਕ ਹੋਣਾ ਹੀ ਕਲਾ ਨੂੰ ਸਮਾਜ ਲਈ ਕਲਿਆਨ ਕਾਰਨੀ ਬਨਾਉਣਾ ਹੈ। ਸੋ ਬਾਬਾ ਫ਼ਰੀਦ ਜਿਥੇ ਜੀਵਨ ਦੇ ਮਹਾਨ ਅਤੇ ਪ੍ਰਤਿਨਿਧ ਅਨੁਭਵ ਨੂੰ ਕਵਿਤਾ-ਰੂਪ ਦਿੰਦਾ ਹੈ, ਅਤੇ ਆਪਣੀ ਮਹਾਨਤਾ ਨੂੰ ਸਿਧ ਕਰਦਾ ਹੈ ਉਥੇ ਇਸ ਨੂੰ ਕਲਾਤਮਕ

ਬਣਾਉਣ ਵਿਚ ਵੀ ਉਸ ਦੀ ਮਹਾਨਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਸ ਦੇ ਰਹੱਸਵਾਦੀ ਵਿਸ਼ੇ ਦੀ ਇਹੀ ਸਮਾਜਕ ਸਾਰਥਕਤਾ ਹੈ।

ਬਾਬਾ ਫ਼ਰੀਦ ਦੀ ਸ਼ੈਲੀ ਸਨਾਤਨੀ ਸ਼ੈਲੀ ਦੇ ਲਗ ਪੱਗ ਸਾਰੇ ਗੁਣ ਆਪਣੇ ਵਿਚ ਸਮੋਈ ਬੈਠੀ ਹੈ। ਬਾਬਾ ਫ਼ਰੀਦ ਦੀ ਰਚਨਾ ਕੁਝ ਸ਼ਲੋਕਾਂ ਤੀਕ ਹੀ ਸੀਮਤ ਹੈ ਜਿਸ ਕਰਕੇ ਇਹ ਯਕਦਮ ਨਹੀਂ ਕਿਹਾ ਜਾ ਸਕਦਾ ਕਿ ਉਹ ਮਹਾਨ ਕਲਾਕਾਰ ਸੀ। ਪਰ ਉਸ ਦੇ ਸ਼ਲੋਕਾਂ ਵਿਚ ਆਏ ਸ਼ੈਲੀ ਦੇ ਗੁਣ ਉਸ ਨੂੰ ਮਹਾਨ ਕਵੀ ਜ਼ਰੂਰ ਬਣਾਉਂਦੇ ਹਨ। ਇਨ੍ਹਾਂ ਸ਼ਲੋਕਾਂ ਵਿਚ ਕਲਾ ਦਾ ਉਹ ਸਿਖਰ ਜ਼ਰੂਰ ਪ੍ਰਤੱਖ ਹੋ ਰਿਹਾ ਹੈ ਜਿਹੜਾ ਬੜੇ ਅਭਿਆਸ, ਬੜੀ ਰਚਨਾ ਅਤੇ ਕਲਾ-ਪੱਖ ਤੋਂ ਸੁਚੇਤ ਹੋਣ ਕਰਕੇ ਆਉਂਦਾ ਹੈ। ਸਨਾਤਨੀ ਸ਼ੈਲੀ ਦੀ ਸੁੰਦਰਤਾ, ਸਾਦਗੀ ਸਪਸ਼ਟਤਾ, ਸੰਜਮ ਅਤੇ ਖਿਆਲ ਦੇ ਬਝਵੇਂ ਪ੍ਰਗਟਾ ਤੇ ਨਿਰਭਰ ਕਰਦੀ ਹੈ। ਰੁਮਾਂਚਕ ਸ਼ੈਲੀ ਵਾਂਗ ਵਿਸਥਾਰ, ਨਵੀਨਤਾ, ਰੋਚਿਕਤਾ ਅਤੇ ਅਦਭੁਤਤਾ ਤੇ ਜ਼ੋਰ ਇਸ ਵਿਚ ਨਹੀਂ ਹੁੰਦਾ। ਇਸ ਖਿਆਲ ਨੂੰ ਘਟ ਤੋਂ ਘਟ ਸ਼ਬਦਾਂ ਵਿਚ, ਪ੍ਰਭਾਵਸ਼ਾਲੀ ਢੰਗ ਨਾਲ, ਸਪਸ਼ਟ ਭਾਂਤ ਸਾਧਾਰਨ ਵਿਉਂਤ ਵਿਚ ਨਿਪੁੰਨ ਬੱਝਵੇਂਪਨ ਵਿਚ ਪ੍ਰਗਟਾਇਆ ਜਾਂਦਾ ਹੈ। ਬੁਧੀ ਅਤੇ ਭਾਵਾਂ ਨੂੰ ਇਕਸਾਰ ਰਖਿਆ ਜਾਂਦਾ ਹੈ। ਇਹ ਗੁਣ ਬਾਬਾ ਫ਼ਰੀਦ ਦੀ ਸਨਾਤਨੀ ਢੰਗ ਦੀ ਸ਼ੈਲੀ ਵਿਚ ਸੁਖੈਨਤਾ ਨਾਲ ਲਭੇ ਜਾ ਸਕਦੇ ਹਨ। ਸਭ ਤੋਂ ਵਡਾ ਗੁਣ ਸ਼ਾਇਦ ਸਾਦਗੀ ਅਤੇ ਸਪਸ਼ਟਤਾ ਦਾ ਹੈ। ਕਈ ਕਈ ਥਾਈਂ ਰਹੱਸਵਾਦ ਵਿਚਾਰਾਂ ਨੂੰ ਅਜਿਹੀ ਢੁਕਵੀਂ ਅਤੇ ਅਮੀਰ ਬੋਲੀ ਰਾਹੀਂ ਜਾਂ ਸੁਚੱਜੇ ਚਿੰਨ੍ਹਾਂ ਅਤੇ ਰੂਪਕਾਂ ਰਾਹੀਂ ਇਸ ਤਰ੍ਹਾਂ ਪ੍ਰਕਾਸ਼ਿਆ ਜਾਂਦਾ ਹੈ ਕਿ ਸਾਧਾਰਨ ਤੋਂ ਸਾਧਾਰਨ ਪਾਠਕ ਵੀ ਉਸ ਵਿਚ ਕੋਈ ਕਲਾਕਾਰੀ ਨਹੀਂ ਸਮਝਦਾ। ਇੰਨੀ ਸਾਦਗੀ ਅਤੇ ਸਪੱਸ਼ਟਤਾ ਦਾ ਗੁਣ ਸਾਰਥਕ ਜੀਵਨ ਅਨੁਭਵ ਅਤੇ ਉਸ ਵਿਚੋਂ ਲਏ ਪ੍ਰਤਿਨਿਧ ਅਤੇ ਕਾਵਿਕ ਆਸ਼ੇ ਤੋਂ ਬਹੁਤ ਸਰਲ ਚਿੰਨ੍ਹਾਂ ਅਤੇ ਰੂਪਕਾਂ ਕਰਕੇ ਹੈ। ਕੋਈ ਚਿੰਨ੍ਹ ਜਾਂ ਰੂਪਕ ਅਜਿਹਾ ਵਰਤੋਂ ਵਿਚ ਨਹੀਂ ਲਿਆਂਦਾ ਜਿਹੜਾ ਨਿਰੋਲ ਸਥਾਨਕ ਹੋਵੇ ਜਾਂ ਜਿਸ ਦੀਆਂ ਕੀਮਤਾਂ ਅਤੇ ਵਿਚਾਰਧਾਰਾ ਜਨ-ਸਾਧਾਰਨ ਵਿਚ ਸਥਾਪਤ ਨਾ ਹੋਵੇ। ਕੋਈ ਸ਼ਲੋਕ ਵੀ ਇਸ ਪੱਖ ਤੋਂ ਮਹੱਤਤਾ ਰਹਿਤ ਨਹੀਂ ਕਿਹਾ ਜਾ ਸਕਦਾ।

ਫ਼ਰੀਦ ਦੀ ਸ਼ੈਲੀ ਦਾ ਦੂਸਰਾ ਗੁਣ ਜਿਸ ਦੀ ਮਹੱਤਤਾ ਪੰਜਾਬੀ ਕਾਵਿ ਸਾਹਿਤ ਵਿਚ ਵੰਨਗੀ ਹੀਣ ਹੈ, ਕਵਿਤਾ ਦੀ ਚਿਤ੍ਰਨ ਸ਼ਕਤੀ ਕਿਹਾ ਜਾ ਸਕਦਾ ਹੈ। ਚਿਤ੍ਰ ਦੀ ਕੋਈ ਪ੍ਰੀਭਾਸ਼ਾ ਅਜਿਹੀ ਨਹੀਂ ਜਿਹੜੀ ਫ਼ਰੀਦ ਦੇ ਚਿਤ੍ਰਾਂ ਤੇ ਨਾ ਢੁਕਦੀ

ਹੋਵੇ। Ezra Pound ਦਾ ਵਿਚਾਰ ਹੈ ਕਿ ਚਿਤ੍ਰ ਇਕ ਛਿਨ ਵਿਚ ਭਾਵਕ ਅਤੇ ਬੌਧਕ ਅਪੀਲ ਰਾਹੀਂ ਵਿਚਾਰ ਦਾ ਸੁਝਾ ਦੇ ਜਾਂਦਾ ਹੈ। ਫ਼ਰੀਦ ਦੇ ਚਿਤ੍ਰਾਂ ਵਿਚ ਇਹ ਵਿਸ਼ੇਸ਼ ਗੁਣ ਪਾਇਆ ਜਾਂਦਾ ਹੈ। Eliot ਦਾ ਵਿਚਾਰ ਹੈ ਕਿ ਮਹਾਨ ਕਵੀ ਆਮ ਵਰਤੀਂਦੇ ਜੀਵਨ ਵਿਚੋਂ ਆਪਣੇ ਚਿਤ੍ਰ ਲਭਦਾ ਹੈ ਅਤੇ ਉਨ੍ਹਾਂ ਨੂੰ ਅਜਿਹੀ ਕਾਵਿ ਛੋਹ ਦਿੰਦਾ ਹੈ ਕਿ ਉਸ ਵਿਚ ਸੁੰਦਰਤਾ ਦੇ ਨਾਲ ਉਹ ਗੁਣ ਆ ਜਾਂਦਾ ਹੈ ਜਿਹੜਾ ਕਲਾ ਦੀ ਸਿਖਰ ਮੰਨਿਆ ਜਾਂਦਾ ਹੈ। ਫ਼ਰੀਦ ਦੀ ਸਾਰੀ ਚਿਤ੍ਰਾਵਲੀ ਸਾਧਾਰਨ ਜੀਵਨ ਦੀ ਪ੍ਰਤੀਨਿਧ ਚਿਤ੍ਰਾਵਲੀ ਹੈ। ਉਸ ਦੀ ਕਾਵਿ ਮਹੱਤਤਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। Hulme ਦਾ ਵਿਚਾਰ ਹੈ ਕਿ ਚਿਤ੍ਰ ਦੀ ਚੋਣ ਅਜਿਹੀ ਹੁੰਦੀ ਹੈ ਜਿਹੜੀ ਕਵੀ ਦੇ ਭਾਵਾਂ ਨੂੰ ਇਨਬਿਨ ਪ੍ਰਗਟਾ ਜਾਂਦੀ ਹੈ। ਜਿਥੋਂ ਤੀਕ ਇਸ ਗੁਣ ਦਾ ਸਵਾਲ ਹੈ, ਫ਼ਰੀਦ ਦੇ ਮਨੋਭਾਵਾਂ ਦੀ ਸੂਖਮਤਾ ਅਤੇ ਡੂੰਘਾਈ ਲਈ ਵਰਤੇ ਸਫਲ ਚਿਤਰ ਸਪਸ਼ਟ ਉਤਰ ਦਿੰਦੇ ਹਨ। Coleridge ਦਾ ਵਿਚਾਰ ਹੈ ਕਿ ਕਵੀ ਦੀ ਮਹਾਨਤਾ ਹੀ ਮਨੋਭਾਵਾਂ ਅਤੇ ਵਿਚਾਰਾਂ ਦੇ ਪ੍ਰਗਟਾ ਲਈ ਸਫਲ ਚਿਤ੍ਰਨ-ਸ਼ਕਤੀ ਤੇ ਨਿਰਭਰ ਹੈ। ਉਸ ਦਾ ਹਰ ਚਿਤ੍ਰ ਇਸ ਤਰ੍ਹਾਂ ਪ੍ਰਕਾਸ਼ ਕਰੇ ਕਿ ਉਸ ਵਿਚੋਂ ਵਿਚਾਰ ਦੇ ਨਾਲ ਜੀਵਨ ਸਪਸ਼ਟ ਭਾਂਤ ਅਨੁਭਵ ਹੋਣ ਲਗ ਪਏ ਜਾਂ ਉਸ ਦੀ ਡੂੰਘਾਈ ਇਕ ਦਮ ਆਪਣਾ ਲਿਸ਼ਕਾਰਾ ਦੇ ਜਾਏ। ਜੇ ਬਾਬਾ ਫ਼ਰੀਦ ਦੇ ਚਿਤ੍ਰਾਂ ਨੂੰ ਜ਼ਰਾ ਡੂੰਘਾਈ ਨਾਲ ਵੇਖੀਏ ਤਾਂ ਇਹ ਗੁਣ ਵੀ ਪ੍ਰਤਖ ਹੋ ਜਾਂਦਾ ਹੈ। ਬਾਬਾ ਫ਼ਰੀਦ ਦੇ ਕੁਝ ਸ਼ਲੋਕਾਂ ਦੀਆਂ ਉਦਾਹਰਨਾਂ ਇਨ੍ਹਾਂ ਗੁਣਾਂ ਨੂੰ ਸਪਸ਼ਟ ਕਰ ਦੇਣਗੀਆਂ :—

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ ॥੩੦॥

... ... ...

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥ ੧੦੨ ॥

... ... ...

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥
ਚਿੰਜੂ ਬੋੜਨਿ੍ ਨਾ ਪੀਵਹਿ, ਉਡਣ ਸੰਦੀ ਡੰਝ ॥੬੪॥

... ... ...

ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥

ਬਹੁਤਿਆਂ ਸ਼ਲੋਕਾਂ ਵਿਚ ਤਾਂ ਫਰੀਦ ਜੀ ਪਹਿਲੀ ਸਤਰ ਵਿਚ ਚਿਤ੍ਰ ਖਿਚ ਦਿੰਦੇ ਹਨ ਅਤੇ ਦੂਸਰੀ ਸਤਰ ਵਿਚ ਆਪਣੇ ਭਾਵ ਪ੍ਰਗਟ ਕਰ ਦਿੰਦੇ ਹਨ, ਪਰ ਕਈ ਸ਼ਲੋਕ ਨਿਰਾ ਚਿਤ੍ਰ ਹੀ ਹੁੰਦਾ ਹੈ, ਉਨ੍ਹਾਂ ਵਿਚ ਚਿਤ੍ਰ ਦਾ ਸਭ ਤੋਂ ਵਡਾ ਗੁਣ ਸ੍ਵੈ-ਵਿਆਖਿਆ ਸੁਭਾਵਕ ਹੀ ਭਰਿਆ ਪ੍ਰਤੀਤ ਹੁੰਦੀ ਹੈ। ਇਹ ਸ਼ਲੋਕ ਹਨ ਜਿਨ੍ਹਾਂ ਵਿਚ ਕਵੀ ਦੇ ਮਨੋਭਾਵ ਇੰਨ ਬਿਨ ਅਨੁਭਵ ਕੀਤੇ ਜਾਂਦੇ ਹਨ। ਫ਼ਰੀਦ ਜੀ ਦੇ ਚਿਤ੍ਰਾਂ ਵਿਚ ਸੰਖੇਪਤਾ ਦਾ ਗੁਣ ਵੀ ਆਪਣੀ ਸਿਖਰ ਤੇ ਹੈ। ਦੋ ਚਾਰ ਸ਼ਬਦਾਂ ਨਾਲ ਹੀ ਤਸਵੀਰ ਅਖਾਂ ਸਾਹਵੇਂ ਫਿਰ ਜਾਂਦੀ ਹੈ। ਅਤੇ ਫਿਰ ਇਨ੍ਹਾਂ ਕੁਝ ਸ਼ਬਦਾਂ ਵਿਚੋਂ ਹੀ ਇਕ ਸ਼ਬਦ ਫਰੀਦ ਜੀ ਦੀ ਵਿਚਾਰਧਾਰਾ ਜਾਂ ਵਿਚਾਰ ਨੂੰ ਸਪਸ਼ਟ ਕਰ ਜਾਂਦਾ ਹੈ। ਚਿਤ੍ਰਾਂ ਵਿਚ ਸਨਾਤਨੀ ਸ਼ੈਲੀ ਦਾ ਗੁਣ ਸਾਦਗੀ ਅਤੇ ਸਪਸ਼ਟਤਾ ਆਪਣੀਆਂ ਸਿਖਰਾਂ ਤੇ ਹਨ।

ਫ਼ਰੀਦ ਜੀ ਦੀ ਸ਼ੈਲੀ ਦਾ ਤੀਸਰਾ ਗੁਣ ਚਿਤ੍ਰਾਵਲੀ ਦੇ ਨਾਲ ਚਿੰਨ੍ਹਵਾਦ ਦਾ ਹੈ।

## ਚਿਨ੍ਹਵਾਦ

ਚਿੰਨ੍ਹਵਾਦ ਕਵਿਤਾ ਦੀ ਇਕ ਵਿਸ਼ੇਸ਼ ਸਮੱਸਿਆ ਹੈ। ਸੰਜਮ ਅਤੇ ਸੁਝਾਉਪਨ ਕਵਿਤਾ ਦਾ ਆਤਮਕ ਸੁਭਾ ਹੈ। ਜਿਸ ਵੇਲੇ ਕਵੀ ਵਿਚਾਰਾਂ ਜਾਂ ਭਾਵਾਂ ਦੇ ਹੜ੍ਹ ਵਿਚ ਬਹੁਤ ਕੁਝ ਪ੍ਰਗਟਾਉਣਾ ਚਾਹੁੰਦਾ ਹੈ ਤਾਂ ਸੁਭਾਵਕ ਹੀ ਉਹ ਅਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ ਜਿਨ੍ਹਾਂ ਵਿਚ ਬਹੁਤ ਕੁਝ ਥੋੜੇ ਵਿਚ ਸੁਝਾ ਜਾਣ ਦੀ ਸ਼ਕਤੀ ਹੋਵੇ। ਜਾਂ ਕਈ ਵਾਰੀ ਉਹ ਵਿਸ਼ਵਤਾ ਨੂੰ ਵਿਸ਼ੇਸ਼ ਰਾਹੀਂ ਪਰਗਟਾਉਣਾ ਚਾਹੁੰਦਾ ਹੈ, ਉਸ ਹਾਲਤ ਵਿਚ ਵੀ ਉਹ ਅਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ ਜਿਨ੍ਹਾਂ ਰਾਹੀਂ ਇਸ ਮੰਤਵ ਦੀ ਪੂਰਤੀ ਹੋ ਸਕੇ। ਵੈਸੇ ਤਾਂ ਦਿਸਦੀ ਦੁਨੀਆਂ ਦੀ ਕੋਈ ਚੀਜ਼ ਅਜਿਹੀ ਨਹੀਂ ਜਿਨ੍ਹਾਂ ਨਾਲ ਮਨੁਖ ਦੇ ਮਨੋਭਾਵ ਸਮਿਲਤ ਨਹੀਂ ਹੁੰਦੇ ਪਰ ਕਈ ਚੀਜ਼ਾਂ ਜਾਂ ਪ੍ਰਕ੍ਰਿਤਕ (Object) ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਵਿਸ਼ੇਸ਼ ਮਨੋਭਾਵ ਅਤੇ ਕੋਈ ਨਾ ਕੋਈ ਵਿਚਾਰਧਾਰਾ ਸਮੇਂ ਦੀ ਚਾਲ ਨਾਲ ਸੰਬੰਧਤ ਹੋ ਜਾਂਦੀ ਹੈ। ਹਰ ਮਨੁਖ ਲਈ ਉਸ ਦੀ ਭਾਵਕ ਅਤੇ ਬੌਧਕ ਅਪੀਲ ਇਕੋ ਜਿਹੀ ਹੁੰਦੀ ਹੈ। ਕਵੀ ਇਨ੍ਹਾਂ ਸ਼ਬਦਾਂ ਦੀ ਵਰਤੋਂ ਤੋਂ ਵਿਸ਼ੇਸ਼ ਲਾਭ ਉਠਾਉਂਦਾ ਹੈ।

ਇਸ ਤਰ੍ਹਾਂ ਅਜਿਹੇ ਸ਼ਬਦ ਸਾਹਿਤ ਦਾ ਇਕ ਵਾਰੀ ਅੰਗ ਬਣ ਜਾਣ ਨਾਲ ਸਦੀਵੀ ਮਹੱਤਤਾ ਵਾਲੇ ਹੋ ਜਾਂਦੇ ਹਨ। ਪਹਿਲਾਂ ਪਹਿਲਾਂ ਇਨ੍ਹਾਂ ਦੀ ਵਰਤੋਂ ਰੂਪਕ ਵਾਂਗ ਹੁੰਦੀ ਹੈ। ਪਰ ਜਦ ਸਾਹਿਤ ਪਰੰਪਰਾ ਵਿਚ ਇਨ੍ਹਾਂ ਦੀ ਵਿਸ਼ੇਸ਼ਤਾ ਵਿਸ਼ੇਸ਼ ਹੋ ਜਾਏ ਤਾਂ ਇਹ ਚਿੰਨ੍ਹ ਰੂਪ ਹੋ ਜਾਂਦੇ ਹਨ।

ਜਦ ਮਨੁੱਖ ਆਪਣੀ ਆਰੰਭਕ ਅਵਸਥਾ 'ਚੋਂ ਨਿਕਲ ਕੇ ਆਪਣੇ ਆਪ ਸੰਬੰਧੀ ਚੇਤੰਨ ਹੁੰਦਾ ਹੈ ਤਾਂ ਇਕ ਪਾਸੇ ਉਸ ਨੂੰ ਆਪਣੀ ਹੋਂਦ ਲਈ ਪ੍ਰਕ੍ਰਿਤੀ ਨਾਲ ਘੋਲ ਕਰਨਾ ਪੈਂਦਾ ਹੈ। ਅਤੇ ਦੂਸਰੇ ਪਾਸੇ ਆਪਣੀਆਂ ਇਛਾਵਾਂ ਜਿਨ੍ਹਾਂ ਦਾ ਆਧਾਰ ਮੂਲ ਮਨੋ-ਪ੍ਰਵ੍ਰਿਤੀਆਂ ਤੇ ਹੁੰਦਾ ਹੈ, ਦੀ ਪੂਰਤੀ ਲਈ ਘੋਲ ਕਰਨਾ ਪੈਂਦਾ ਹੈ। ਮਨੁੱਖ ਜਿਥੇ ਪ੍ਰਕ੍ਰਿਤੀ ਨੂੰ ਆਪਣੇ ਵਸ ਵਿਚ ਕਰਨਾ ਲੋਚਦਾ ਹੈ, ਉਥੇ ਇਨ੍ਹਾਂ ਮੂਲ ਮਨੋ-ਪ੍ਰਵਿਰਤੀਆਂ ਤੋਂ ਵੀ ਸੁਤੰਤਰ ਹੋਣਾ ਚਾਹੁੰਦਾ ਹੈ। ਲਿੰਗ-ਮੂਲ-ਮਨੋ-ਪ੍ਰਵਿਰਤੀ ਇਸ ਦੇ ਮੰਤਵ ਪੂਰਤੀ ਸਹਿਜ ਨਹੀਂ ਹੋਣ ਦਿੰਦੀ। ਇਸ ਲਈ ਸੰਸਕ੍ਰਿਤੀ ਦੇ ਵਿਕਾਸ ਨਾਲ ਇਹ ਪ੍ਰਵਿਰਤੀ ਸਭਿਆ ਹੀਨ ਸਮਝੀ ਜਾਂਦੀ ਹੈ। ਇਸ ਪ੍ਰਵਿਰਤੀ ਨੂੰ ਸਭਿਅਕ ਬੋਲੀ ਵਿਚ ਰੂਪਕ ਰਾਹੀਂ ਸੁਝਾਇਆ ਜਾਂਦਾ ਹੈ। ਅਤੇ ਸਮੇਂ ਦੀ ਚਾਲ ਨਾਲ ਇਹ ਵੀ ਚਿੰਨ੍ਹ ਬਣ ਜਾਂਦੇ ਹਨ। ਇਸ ਪ੍ਰਵਿਰਤੀ ਨਾਲ ਮਨੁੱਖ ਦਾ ਘੋਲ ਸਭ ਤੋਂ ਵਧੇਰੇ ਹੈ। ਸਾਹਿਤ ਵਿਚ ਵੀ ਇਸ ਦਾ ਭਾਗ ਵਿਸ਼ੇਸ਼ਤਮ ਹੈ। ਆਦਿ ਕਾਲ ਤੋਂ ਕਵਿਤਾ ਵਿਚ ਵਰਤੀਂਦੇ ਚਿੰਨ੍ਹਾਂ ਦਾ ਬਹੁਤ ਭਾਗ ਅਜਿਹੇ ਚਿੰਨ੍ਹ ਕਹੇ ਜਾ ਸਕਦੇ ਹਨ। ਸੋ ਕਵਿਤਾ ਦੇ ਸੁਭਾ ਕਰ ਕੇ ਅਤੇ ਬੋਲੀ ਨੂੰ ਸਭਿਅਕ ਬਣਾਉਣ ਲਈ ਵਿਸ਼ੇਸ਼ ਕਰ ਕੇ ਸਾਹਿਤ ਲਈ, ਚਿੰਨ੍ਹਾਂ ਦੀ ਹੋਂਦ ਸਮਝੀ ਜਾਣੀ ਚਾਹੀਦੀ ਹੈ।

ਆਧੁਨਿਕ ਸੰਸਾਰ ਕਵਿਤਾ ਵਿਚ ਭਾਵਾਂ ਅਤੇ ਵਿਚਾਰਾਂ ਦਾ ਸੰਘਣਾਪਨ ਇਕ ਵਿਸ਼ੇਸ਼ ਕਾਵਿ ਗੁਣ ਸਮਝਿਆ ਜਾਂਦਾ ਹੈ। ਅਸਲ ਵਿਚ ਇਹ ਗੁਣ ਕਵਿਤਾ ਵਿਚ ਆਧੁਨਿਕ ਕਾਲ ਦੀ ਉਪਜ ਨਹੀਂ ਸਗੋਂ ਪਹਿਲਾਂ ਵੀ ਜਦ ਕਵੀ ਵਿਚਾਰਾਂ ਅਤੇ ਭਾਵਾਂ ਦੇ ਸੰਘਣੇਪਨ ਨੂੰ ਕਾਵਿ ਪ੍ਰਗਟਾ ਦੇਣਾ ਚਾਹੁੰਦਾ ਹੈ, ਤਾਂ ਉਹ ਚਿੰਨ੍ਹ ਤੋਂ ਵਧ ਸਫਲ ਹਥਿਆਰ ਕੋਈ ਹੋਰ ਨਹੀਂ ਲੱਭ ਸਕਦਾ। ਸੋ ਸੰਘਣੇ ਪਨ ਦਾ ਸਿਟਾ ਕਵਿਤਾ ਵਿਚ ਚਿੰਨ੍ਹਾਂ ਦੀ ਵਰਤੋਂ ਹੈ।

ਸੋ ਕਈ ਚਿੰਨ੍ਹਾਂ ਦੀ ਵਰਤੋਂ ਭਾਵੇਂ ਸੰਜਮ ਅਤੇ ਬਹੁਤ ਕੁਝ ਦਾ ਸੁਝਾਓ ਦੇਣ ਲਈ ਵਰਤੇ, ਜਾਂ ਸੰਘਣੇ ਪਨ ਲਈ ਜਾਂ ਸਭਿਅਕ ਬੋਲੀ ਦੀ ਵਰਤੋਂ ਲਈ ਜਾ ਕਿਸੇ ਹੋਰ ਕਾਰਨ, ਚਿੰਨ੍ਹ ਵਿਚ ਬਹੁਤ ਕੁਝ ਸੁਝਾਓ ਦੇਣ ਦੀ ਸ਼ਕਤੀ ਹੋਣੀ ਚਾਹੀਦੀ ਹੈ।

ਉਸ ਨਾਲ ਜਨ-ਸਾਧਾਰਨ ਦੇ ਸਦੀਆਂ ਤੋਂ ਪ੍ਰਚਲਤ ਆ ਰਹੇ ਵਿਚਾਰ ਅਤੇ ਮਨੋਭਾਵ ਸਮਿਲਤ ਹੋਣ ਤਾਂ ਹੀ ਉਹ ਥੋੜੇ ਵਿਚ ਬਹੁਤ ਕੁਝ ਸੁਝਾ ਦੇਣ ਦੀ ਸ਼ਕਤੀ ਰਖ ਸਕੇਗਾ। ਦੂਸਰੇ ਸ਼ਬਦਾਂ ਵਿਚ ਉਸ ਵਿਚ ਪਰੰਪਰਾ ਅਤੇ ਸੱਸਕ੍ਰਿਤੀ ਇਕ ਸੁਰ ਹੋਣੀ ਚਾਹੀਦੀ ਹੈ। ਦੂਸਰਾ ਗੁਣ ਚਿੰਨ੍ਹ ਦਾ ਠੋਸ-ਪਨ ਹੈ। ਉਸ ਸ਼ਬਦ ਨੂੰ ਚਿੰਨ੍ਹ ਬਣਾਇਆ ਜਾਏ ਜਿਸ ਦੀ ਠਸ ਅਸਲੀਅਤ ਹੈ। ਸੂਖਮ ਸ਼ਬਦ ਨੂੰ ਚਿੰਨ੍ਹ ਲਈ ਵਰਤਣਾ ਚਿੰਨ੍ਹ ਦੇ ਪਖ ਤੋਂ ਬਿਲਕੁਲ ਨਿਰਮੂਲ ਹੈ। ਇਕ ਠੋਸ ਅਸਲੀਅਤ ਨਾਲ ਹੀ Caudwell ਦੇ ਕਹਿਣ ਅਨੁਸਾਰ ਸਾਡੀ ਕੋਈ ਸੰਸਕ੍ਰਿਤੀ, ਵਿਸ਼ੇਸ਼ ਵਿਚਾਰਧਾਰਾ ਜਾਂ ਮਨੋਭਾਵ ਸਮਲਿਤ ਹੋ ਸਕਦੇ ਹਨ। ਚਿੰਨ੍ਹ ਦਾ ਤੀਸਰਾ ਗੁਣ ਸਵੈ-ਵਿਆਖਿਆ ਹੈ। ਉਹ ਸ਼ਬਦ ਕਾਵਿਕ ਆਸ਼ੇ ਤੋਂ ਚਿੰਨ੍ਹ ਦਾ ਸਥਾਨ ਪ੍ਰਾਪਤ ਕਰ ਸਕਦਾ ਹੈ ਜਿਹੜਾ ਆਪਣੇ ਆਪ ਬਹੁਤ ਕੁਝ ਸੁਝਾਓ ਦੇ ਜਾਏ। ਜੇ ਉਸ ਲਈ ਕਿਸੇ ਹੋਰ ਰੂਪਕ ਨੂੰ ਵਿਆਖਿਆ ਲਈ ਵਰਤਣਾ ਪੈਂਦਾ ਹੈ ਤਾਂ ਉਹ ਚਿੰਨ੍ਹ ਰੂਪਕ ਦੀ ਪੱਧਰ ਤੇ ਸਮਝਿਆ ਜਾਣਾ ਚਾਹੀਦਾ ਹੈ। ਚਿੰਨ੍ਹਾਂ ਦਾ ਚੌਥਾ ਗੁਣ ਇਸ ਦੀ ਵਧ ਤੋਂ ਵਧ ਵਰਤੋਂ ਸ਼ਕਤੀ ਹੈ। ਭਾਵ ਇਹ ਹੈ ਕਿ ਚਿੰਨ੍ਹ ਅਜਿਹਾ ਹੋਣਾ ਚਾਹੀਦਾ ਹੈ ਜੋ ਵਧ ਤੋਂ ਵਧ ਮਨੁੱਖ ਜਾਤੀ ਨੂੰ ਅਪੀਲ ਕਰ ਜਾਏ। ਸਥਾਨਕ ਚਿੰਨ੍ਹਾਂ ਵਿਚ ਇਹ ਗੁਣ ਨਹੀਂ ਹੁੰਦਾ। ਉਨ੍ਹਾਂ ਦੀ ਅਪੀਲ ਹੁੰਦੀ ਹੈ। ਕੇਵਲ ਜਾਤੀ ਵਿਚ ਜਾ ਕੌਮ ਵਿਚ ਜਿਸ ਦੀ ਸੰਸਕ੍ਰਿਤੀ ਜਾਂ ਸਭਿਅਤਾ ਨਾਲ ਉਸ ਸ਼ਬਦ ਚਿੰਨ੍ਹ ਦੀ ਜਾਣਕਾਰੀ ਹੁੰਦੀ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਚਰਖਾ ਆਦਿ ਅਜਿਹੇ ਸਥਾਨਕ ਚਿੰਨ੍ਹ ਹਨ। ਪਰ ਫਰੀਦ ਦੇ ਛਪਰ, ਸਰੋਵਰ, ਬਗਲਾ, ਹੰਸ ਆਦਿ ਚਿੰਨ੍ਹ ਵਿਚ ਉਹ ਸਰਬਾਂਗੀ ਗੁਣ ਹੈ ਜਿਹੜਾ ਚਿੰਨ੍ਹ ਵਿਚ ਹੋਣਾ ਚਾਹੀਦਾ ਹੈ। ਅਸਲ ਵਿਚ ਜੇ ਪ੍ਰਕ੍ਰਿਤੀ ਨੂੰ ਚਿੰਨ੍ਹਾਂ ਦਾ ਖੇਤਰ ਬਣਾਇਆ ਜਾਏ ਤਾਂ ਉਨ੍ਹਾਂ ਵਿਚ ਇਹ ਗੁਣ ਸੁਭਾਵਕ ਆ ਜਾਂਦਾ ਹੈ, ਪਰ ਅਜਿਹਾ ਕਰਨ ਤੋਂ ਪਹਿਲਾਂ ਉਸ ਸ਼ਬਦ ਨੂੰ ਉਪਰਲੇ ਗੁਣਾਂ ਤੋਂ ਭਰਪੂਰ ਹੋਣਾ ਜ਼ਰੂਰੀ ਹੈ। ਮਹਾਨ ਚਿੰਨ੍ਹ ਬਣਨ ਲਈ ਕਿਸੇ ਚਿੰਨ੍ਹ ਦਾ ਮਹਤਤਾ ਪੂਰਵਕ ਮਨੁਖੀ ਜੀਵਨ ਨਾਲ ਸੰਬੰਧ ਹੋਣਾ ਜ਼ਰੂਰੀ ਹੈ। ਜੇ ਕੋਈ ਚਿੰਨ੍ਹ ਉਪਰਲੇ ਚੌਹਾਂ ਗੁਣਾਂ ਨਾਲ ਭਰਪੂਰ ਪਰ ਉਸ ਦਾ ਸੰਬੰਧ ਵਿਸ਼ਸ਼ ਜੀਵਨ ਦੇ ਕਿਸੇ ਪੱਖ ਨਾਲ ਨਹੀਂ ਤਾਂ ਮਹਾਨ ਸਾਹਿਤ ਵਾਂਗ ਉਸ ਵਿਚ ਮਹਾਨਤਾ ਦਾ ਗੁਣ ਨਹੀਂ ਆ ਸਕਦਾ।

ਇਕ ਮਹਾਨ ਵਿਸ਼ੇ ਲਈ ਵਰਤਿਆ ਚਿੰਨ੍ਹ ਹੀ ਮਹਾਨ ਹੋ ਸਕਦਾ ਹੈ ਜਿਸ

ਤਰ੍ਹਾਂ ਅਧਿਆਤਮਕ ਅਤੇ ਆਦਰਸ਼ਕ ਵਿਸ਼ੇ ਲਈ ਹੀ ਚਿੰਨ੍ਹ ਵਰਤੇ ਜਾਂਦੇ ਹਨ। ਆਧੁਨਿਕ ਯੁਗ ਵਿਚ ਅਧਿਆਤਮਵਾਦ ਦੀ ਥਾਂ ਸਮਾਜਵਾਦ ਲਈ ਵਰਤੇ ਚਿੰਨ੍ਹ ਮਹਾਨ ਸਮਝੇ ਜਾਣੇ ਚਾਹੀਦੇ ਹਨ। ਛੇਵਾਂ ਅਤੇ ਆਖਰੀ ਗੁਣ ਚਿੰਨ੍ਹ ਦਾ ਪ੍ਰਭਾਵ-ਸ਼ਾਲੀ ਹੋਣਾ ਹੈ। ਕਾਵਿ-ਆਸ਼ੇ ਤੋਂ ਉਹੀ ਚਿੰਨ੍ਹ ਸਰਲ ਸਮਝਿਆ ਜਾਣਾ ਚਾਹੀਦਾ ਹੈ ਜਿਹੜਾ ਮਨੁੱਖ ਨੂੰ ਹਲੂਣਨ ਦੀ ਸ਼ਕਤੀ ਰਖਦਾ ਹੋਵੇ। ਆਦਰਸ਼ਕ ਪਿਆਰ ਲਈ ਵਰਤੋਂ ਵਿਚ ਆਏ ਚਿੰਨ੍ਹ ਵਿਸ਼ੇਸ਼ ਗੁਣ ਰਖਦੇ ਹਨ। ਅਧਿਆਤਮਕ ਚਿੰਨ੍ਹਾਂ ਵਿਚ ਵੀ ਇਹ ਗੁਣ ਵਿਸ਼ੇਸ਼ ਹੁੰਦਾ ਸੀ ਪਰ ਸਮੇਂ ਦੇ ਹਾਲਾਤ ਬਦਲਣ ਨਾਲ ਇਨ੍ਹਾਂ ਦੀ ਪ੍ਰਭਾਵਕ ਸ਼ਕਤੀ ਕੁਝ ਘਟ ਗਈ ਹੈ।

ਆਦਿ ਕਾਲ ਤੋਂ ਸਾਹਿੱਤ ਵਿਚ ਇਸ਼ਕ-ਮਜ਼ਾਜੀ ਅਤੇ ਹਕੀਕੀ ਦੇ ਪ੍ਰਮੁਖ ਵਿਸ਼ੇ ਰਹੇ ਹਨ। ਦੁਨਿਆਵੀ ਜਾਂ ਸੰਸਾਰਕ ਪ੍ਰੀਤ ਦਾ ਵਿਸ਼ਾ ਲਿੰਗ ਪ੍ਰਵਿਰਤੀ ਦੇ ਵਿਸ਼ੇਸ਼ ਹੋਣ ਕਰਕੇ ਸੀ, ਪਰਮਾਤਮਾ ਜਾਂ ਵਾਹਿਗੁਰੂ ਮਨੁੱਖ ਲਈ ਜਿਥੇ ਆਰੰਭ ਕਾਲ ਤੋਂ ਇਕ ਮਹਾਨ ਹਸਤੀ-ਸਮਝੀ ਜਾਂਦੀ ਰਹੀ ਹੈ, ਉਥੇ ਇਸ ਹਸਤੀ ਸੰਬੰਧੀ ਅਦਭੁਤਤਾ ਅਤੇ ਰਹਸ ਇਸ ਦੇ ਸੂਖਮ ਅਤੇ ਅਦ੍ਰਿਸ਼ਟ ਹੋਣ ਕਰ ਕੇ ਹੈ। ਸਾਹਿੱਤ ਵਿਚ ਇਸ ਦਾ ਪ੍ਰਗਟਾ ਚਿੰਨ੍ਹ ਅਤੇ ਰੂਪਕ ਤੋਂ ਬਿਨਾਂ ਕਾਵਿਕ ਆਸ ਤੋਂ ਸਫਲ ਨਹੀਂ ਹੋ ਸਕਦਾ। ਵਾਰਤਕ ਇਸ ਵਿਸ਼ੇ ਲਈ ਮੂਲੋਂ ਹੀ ਅਢੁਕਵੀਂ ਹੈ। ਸੋ ਜੇ ਆਦਿ ਕਾਲ ਤੋਂ ਰਚੇ ਅਧਿਕਤਮ ਸਾਹਿੱਤ ਨੂੰ ਦ੍ਰਿਸ਼ਟੀ ਗੋਚਰ ਕੀਤਾ ਜਾਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਥੇ ਇਹ ਸਾਰੇ ਦਾ ਸਾਰਾ ਕਵਿਤਾ ਵਿਚ ਹੈ, ਉਥੇ ਇਸ ਦਾ ਕਾਵਿਕ ਪ੍ਰਗਟਾ ਚਿੰਨ੍ਹਾਤਮਕ ਅਤੇ ਰੂਪਕ ਬੋਲੀ ਵਿਚ ਹੈ। ਪਰ ਜਿਸ ਤਰ੍ਹਾਂ ਕਿ ਉਪਰ ਦਸਿਆ ਗਿਆ ਹੈ ਕਿ ਕਾਵਿਕ ਆਸ਼ੇ ਤੋਂ ਸਫ਼ਲ ਹੋਣ ਲਈ ਇਨ੍ਹਾਂ ਚਿੰਨ੍ਹਾਂ ਵਿਚ ਵੀ ਸਾਰੇ ਗੁਣ ਹੋਣੇ ਚਾਹੀਦੇ ਹਨ। ਅਧਿਆਤਮਕ ਅਤੇ ਰਹੱਸਵਾਦੀ ਚਿੰਨ੍ਹਾਂ ਦੀ ਆਲੋਚਨਾ ਤੋਂ ਪਤਾ ਲਗਦਾ ਹੈ ਕਿ ਇਹ ਸਾਰੇ ਜੀਵਨ ਦੀਆਂ ਵਿਸ਼ੇਸ਼ ਘਟਨਾਵਾਂ, ਜਾਂ ਵਿਸੇਸ਼ ਵਸਤੂਆਂ ਨਾਲ ਸੰਬੰਧਤ ਹਨ।

ਭਾਰਤੀ ਸੰਸਕ੍ਰਿਤੀ ਵਿਚ ਪਤੀ ਅਤੇ ਪਤਨੀ ਦਾ ਰਿਸ਼ਤਾ ਜਿਥੇ ਅਟੁੱਟ ਮੰਨਿਆ ਜਾਂਦਾ ਹੈ, ਉਥੇ ਬੜਾ ਆਦਰਸ਼ਕ ਵੀ ਮੰਨਿਆ ਜਾਂਦਾ ਹੈ। ਪਤਨੀ ਦੀ ਪਤੀ ਸੰਬੰਧੀ ਜ਼ਿੰਮੇਵਾਰੀ ਅਤੇ ਕਰਤਵ ਵਿਸ਼ੇਸ਼ ਕਰ ਕੇ ਆਦਰਸ਼ਕ ਹੈ। ਪਤਨੀ ਲਈ ਸੁਹਾਗਣ ਹੋਣਾ, ਭਾਣੇ ਵਿਚ ਰਹਿਣਾ, ਭਗਤੀ ਕਰਨੀ ਪਤੀ ਲਈ ਸਰੀਰ ਨੂੰ ਸੁੰਦਰ ਬਣਾਉਣਾ ਅਤੇ ਉਸ ਨੂੰ ਰਿਝਾਉਣਾ, ਆਦਿ ਉਸ ਦੇ ਆਦਰਸ਼ਕ ਗੁਣ ਮੰਨੇ

ਜਾਂਦੇ ਹਨ। ਇਸੇ ਆਦਰਸ਼ਕ ਸੰਬੰਧ ਤੋਂ ਪ੍ਰਮਾਤਮਾ ਨੂੰ ਪਤੀ ਰੂਪ ਅਤੇ ਮਨੁੱਖ ਨੂੰ ਇਸਤਰੀ ਰੂਪ ਦਾ ਚਿੰਨ੍ਹ ਦਿੱਤਾ ਗਿਆ ਹੈ। ਹੰਸ ਅਤੇ ਬਗਲਾ ਦੋਵੇਂ ਇਕੋ ਰੂਪ ਦੇ ਪ੍ਰਕ੍ਰਿਤਕ ਜੀਵ ਹਨ ਪਰ ਦੋਹਾਂ ਦੀ ਕਰਣੀ ਵਿਚ ਅੰਤਰ ਹੈ। ਇਕ ਦੀ ਕਰਣੀ ਆਦਰਸ਼ਕ ਹੈ ਅਤੇ ਦੂਸਰੇ ਦੀ ਵਿਵਹਾਰਕ, ਅਤੇ ਮਕਰ ਫਰੇਬ ਤੇ ਆਧਾਰਤ ਹੈ। ਇਥੋਂ ਹੀ ਰੱਬ ਦੇ ਸੱਚੇ ਭਗਤ ਨੂੰ ਹੰਸ ਅਤੇ ਦੁਨਿਆਵੀ ਭਗਤ ਨੂੰ ਬਗਲੇ ਦਾ ਰੂਪਕ ਚਿੰਨ੍ਹ ਦਿਤਾ ਗਿਆ ਹੈ। ਇਸੇ ਤਰ੍ਹਾਂ ਹੀ ਹੋਰ ਭਾਰਤੀ ਵਿਚਾਰ ਧਾਰਾ ਦੇ ਚਿੰਨ੍ਹ ਹੋਂਦ ਵਿਚ ਆਏ। ਉਹਨਾਂ ਦਾ ਸੰਬੰਧ ਜਾਂ ਮਨੁੱਖ ਦੇ ਆਪੋ ਵਿਚ ਸੰਬੰਧ ਜਾਂ ਪ੍ਰਕ੍ਰਿਤੀ ਜੀਵਾਂ ਅਤੇ ਵਸਤੂਆਂ ਨਾਲ ਹੈ।

ਬਾਬਾ ਫ਼ਰੀਦ ਇਕ ਮੁਸਲਮਾਨ ਸੂਫ਼ੀ ਕਵੀ ਸੀ। ਇਸਲਾਮ ਦੇ ਪ੍ਰਭਾਵ ਥਲੇ ਮੁਸਲਮਾਨ ਕਵੀਆਂ ਐਨਾ ਭਾਰਤੀ ਵਿਚਾਰ ਧਾਰਾ ਨੂੰ ਨਹੀਂ ਕਬੂਲਿਆ ਜਿੰਨਾ ਸੂਫ਼ੀ ਫ਼ਕੀਰਾਂ ਅਤੇ ਕਵੀਆਂ ਨੇ। ਜੇ ਗਹੁ ਨਾਲ ਵਿਚਾਰੀਏ ਤਾਂ ਭਾਰਤੀ ਵਿਚਾਰ ਧਾਰਾ ਇਸਲਾਮੀ ਅਤੇ ਭਾਰਤੀ ਵਿਚਾਰ ਧਾਰਾ ਦਾ ਸੁਮੇਲ ਹੀ ਆਖਿਆ ਜਾ ਸਕਦਾ ਹੈ। ਬਾਬਾ ਫ਼ਰੀਦ ਉਤੇ ਭਾਰਤੀ ਵਿਚਾਰ ਧਾਰਾ ਦਾ ਵਿਸ਼ੇਸ਼ ਪ੍ਰਭਾਵ ਹੈ। ਸੁਭਾਵਕ ਹੀ ਸੀ ਕਿ ਉਸ ਦੀ ਕਵਿਤਾ ਵਿਚ ਉਨ੍ਹਾਂ ਚਿੰਨ੍ਹਾਂ ਦੀ ਵਰਤੋਂ ਵੀ ਆ ਜਾਂਦੀ ਜਿਹੜੇ ਭਾਰਤੀ ਵਿਚਾਰ ਧਾਰਾ ਨੂੰ ਪ੍ਰਗਟਾਉਂਦੇ ਸਨ। ਬਾਬਾ ਫ਼ਰੀਦ ਨੇ ਇਸਲਾਮੀ ਵਿਦਿਆ ਦਾ ਅਧਿਐਨ ਵੀ ਚੰਗੀ ਤਰ੍ਹਾਂ ਕੀਤਾ ਸੀ। ਸੋ ਇਸਲਾਮੀ ਵਿਚਾਰਧਾਰਾ ਦਾ ਪ੍ਰਭਾਵ ਵੀ ਉਹਨਾਂ ਦੀ ਕਵਿਤਾ ਵਿਚ ਪ੍ਰਤੱਖ ਲਭਿਆ ਜਾ ਸਕਦਾ ਹੈ। ਅਸਲ ਵਿਚ ਮੌਤ ਦਾ ਪ੍ਰਸਿਧ ਵਿਸ਼ਾ ਇਸਲਾਮੀ ਵਿਚਾਰਧਾਰਾ ਦਾ ਪ੍ਰਭਾਵ ਹੀ ਕਹਿਣਾ ਚਾਹੀਦਾ ਹੈ। ਇਸ ਤਰ੍ਹਾਂ ਬਾਬਾ ਫਰੀਦ ਜੀ ਦੇ ਚਿੰਨ੍ਹਾਂ ਨੂੰ ਇਨ੍ਹਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ - ਪਹਿਲੀ ਪ੍ਰਕਾਰ ਦੇ ਉਹ ਚਿੰਨ੍ਹ ਜਿਹੜੇ ਇਸਲਾਮੀ ਵਿਚਾਰਧਾਰਾ ਨੂੰ ਪ੍ਰਗਟਾਉਂਦੇ ਹਨ।

ਭਾਰਤੀ ਵਿਚਾਰਧਾਰਾ ਨਾਲ ਸੰਬੰਧਤ ਚਿੰਨ੍ਹਾਂ ਦੀਆਂ ਹੇਠ ਲਿਖੀਆਂ ਮੁਖ ਸ਼੍ਰੇਣੀਆਂ ਕੀਤੀਆਂ ਜਾ ਸਕਦੀਆਂ ਹਨ—

੧. ਪ੍ਰਮਾਤਮਾ ਨਾਲ ਸੰਬੰਧ ਪ੍ਰਗਟਾਉਣ ਲਈ ਵਰਤੇ ਚਿੰਨ੍ਹ ਕੰਤ, ਸਹੁ ਸਾਹੁਰੇ, ਪੇਕੇ, ਸੁਹਾਗਣ, ਡੋਹਾਗਣ ਆਦਿ। ਇਹਨਾਂ ਚਿੰਨ੍ਹਾਂ ਦਾ ਆਧਾਰ ਆਦਰਸ਼ਕ ਪਤਨੀ ਦੇ ਪਤੀ ਸੰਬੰਧੀ ਕਰਤੱਵਾਂ ਤੇ ਹੈ।

੨. ਭਗਤੀ, ਭਗਤ ਅਤੇ ਇਸ ਸੰਸਾਰ ਨਾਲ ਉਹਨਾਂ ਦਾ ਸੰਬੰਧ ਪ੍ਰਗਟਾਉਣ

ਲਈ ਵਰਤੇ ਚਿੰਨ੍ਹ : ਬਗਲਾ, ਹੰਸ, ਛਪਰੀ, ਸਰੋਵਰ, ਚਿਕੜ ਆਦਿ। ਇਹਨਾਂ ਦਾ ਆਧਾਰ ਬਹੁਤ ਕਰਕੇ ਪ੍ਰਕ੍ਰਿਤਕ ਜੀਵਾਂ ਅਤੇ ਵਸਤੂਆਂ ਦੇ ਗੁਣਾਂ ਤੇ ਔਗੁਣਾਂ ਤੇ ਆਧਾਰਤ ਹੈ।

੩. ਪੀਰ, ਮੁਰਸ਼ਦ ਅਤੇ ਗੁਰੂ ਦੇ ਮਨੁੱਖ ਨਾਲ ਸੰਬੰਧਤ ਚਿੰਨ੍ਹ : ਬੇੜੀ, ਮਲਾਹ ਦਰਿਆ ਜਾਂ ਸਾਗਰ, ਕਪਰੁ ਜਾਂ ਲਹਿਰ, ਲੰਮੀ ਨਦੀ ਆਦਿ। ਇਹਨਾਂ ਦਾ ਆਧਾਰ ਸੰਸਾਰ ਨੂੰ ਨਦੀ ਮੰਨ ਕੇ ਬੇੜੀ ਨੂੰ ਇਸ ਜੀਵਨ ਤੋਂ ਪਾਰ ਉਤਾਰਨ ਵਾਲੇ ਮਲਾਹ ਜਾਂ ਗੁਰੂ ਦੇ ਆਧਾਰਤ ਹੈ।

੪. ਕੂੜੀ ਦੁਨੀਆਂ ਅਤੇ ਇਸਦੀਆਂ ਕੂੜੀਆਂ ਵਸਤੂਆਂ ਲਈ ਵਰਤੇ ਚਿੰਨ੍ਹ : ਅੰਗਿਆਰ, ਵਿਸ ਗੰਦਲਾਂ, ਪੋਟਲੀ, ਗੁਝੀ ਭਾਹਿ ਆਦਿ।

੫. ਭਗਤੀ ਦੀ ਪਵਿਤ੍ਰਤਾ ਅਤੇ ਇਸ ਸੰਬੰਧੀ ਵਰਤੇ ਹੋਰ ਚਿੰਨ੍ਹ : ਕਥੂਰੀ ਨੀਂਦ, ਹਿੰਗ ਦੀ ਬੇੜੀ, ਰਾਤੀ, ਦਰਵੇਸ਼ੀ ਆਦਿ। ਦੂਸਰੀ ਪ੍ਰਕਾਰ ਦੇ ਚਿੰਨ੍ਹ ਇਸਲਾਮੀ ਵਿਚਾਰ-ਧਾਰਾ ਨੂੰ ਮੁਖ ਰਖ ਕੇ ਵਰਤੋਂ ਵਿਚ ਲਿਆਂਦੇ ਗਏ ਹਨ। ਇਹਨਾਂ ਵਿਚੋਂ ਪ੍ਰਮੁਖ ਚਿੰਨ੍ਹ ਮੌਤ ਸੰਬੰਧੀ ਹੀ ਹਨ। ਜਿਸ ਤਰ੍ਹਾਂ : ਗੋਰ, ਮਿੱਟੀ, ਅਜ਼ਰਾਈਲ ਫਰੇਸ਼ਤਾ, ਨਾਗਰ ਲਜ ਆਦਿ।

ਅਸਲ ਵਿਚ ਇਹ ਚਿੰਨ੍ਹ ਬਾਬਾ ਫ਼ਰੀਦ ਜੀ ਦੀ ਵਿਚਾਰ-ਧਾਰਾ ਨੂੰ ਸਪਸ਼ਟ ਕਰਦੇ ਹਨ। Coleridge ਕਵਿਤਾ ਦਾ ਸਭ ਤੋਂ ਵੱਡਾ ਗੁਣ ਉਸ ਵੇਲੇ ਸਮਝਦਾ ਹੈ ਜਦ ਉਸ ਵਿਚ ਆਈ ਬਿੰਬਾਵਲੀ ਜਾਂ ਚਿੰਨ੍ਹ ਕਵੀ ਦੇ ਪ੍ਰਮੁਖ ਜਜ਼ਬਿਆਂ ਨੂੰ ਪ੍ਰਕਾਸ਼ਮਾਨ ਕਰਦੇ ਹਨ। ਸੋ ਇਸ ਪੱਖ ਤੋਂ ਬਾਬਾ ਫ਼ਰੀਦ ਜੀ ਦੇ ਚਿੰਨ੍ਹਾਂ ਦੀ ਮਹੱਤਤਾ ਹੋਰ ਵਧ ਜਾਂਦੀ ਹੈ। ਜੇ ਉਨ੍ਹਾਂ ਦੇ ਚਿੰਨ੍ਹਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖੀਏ ਤਾਂ ਸਭ ਤੋਂ ਵੱਡਾ ਗੁਣ ਇਹਨਾਂ ਦਾ ਫ਼ਰੀਦ ਜੀ ਦੇ ਭਾਰਤੀ ਵਿਚਾਰ-ਧਾਰਾ ਸੰਬੰਧੀ ਸੂਖਮ ਮਨੋਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਦਾ ਹੈ। ਅਸਲ ਵਿਚ ਹਰ ਚਿੰਨ੍ਹ ਦੀ ਵਰਤੋਂ ਵੱਖ ਵੱਖ ਕਵੀਆਂ ਵਿਚ ਜਦ ਆਉਂਦੀ ਹੈ ਤਾਂ ਵਿਹਾਰਾਂ ਵਿਚ ਐਨਾ ਅੰਤਰ ਨਹੀਂ ਹੁੰਦਾ ਜਿੰਨਾ ਉਸ ਸੰਬੰਧੀ ਮਨੋਭਾਵਾਂ ਦਾ ਹੁੰਦਾ ਹੈ। ਸੁਹਾਗਣ ਦਾ ਚਿੰਨ੍ਹ ਗੁਰਬਾਣੀ ਵਿਚ ਵੀ ਆਮ ਹੈ ਪਰ ਉਥੇ ਜਿਨ੍ਹਾਂ ਮਨੋਭਾਵਾਂ ਦਾ ਪ੍ਰਗਟਾ ਹੁੰਦਾ ਹੈ, ਉਹ ਫ਼ਰੀਦ ਜੀ ਦੇ ਪ੍ਰਗਟਾਏ ਮਨੋਭਾਵਾਂ ਕੋਲੋਂ ਬਹੁਤ ਅੱਡ ਹੈ। ਗੁਰੂ ਸਾਹਿਬਾਨ ਸੁਹਾਗਣ ਦਾ ਵੱਡਾ ਗੁਣ ਉਸ ਦੀ ਨਿਮਰਤਾ ਅਤੇ ਭਾਣਾ ਮੰਨਣ ਨੂੰ ਲੈਂਦੇ ਹਨ ਪਰ ਫ਼ਰੀਦ ਜੀ ਸੁਹਾਗਣ ਲਈ ਵੱਡਾ ਗੁਣ ਪਤੀ ਨੂੰ ਹਰ ਵੇਲੇ ਰੀਝਾਉਣ

ਲਈ ਚੇਤੰਨ ਰਹਿਣ ਦਾ ਲੈਂਦੇ ਹਨ। ਇਹ ਨਿਜੀ ਛਾਪ ਹਰ ਕਵੀ ਆਪਣੀ ਆਤਮਾ ਅਨੁਸਾਰ ਚਿੰਨ੍ਹ ਤੇ ਲਾ ਦਿੰਦਾ ਹੈ ਜਾਂ ਇਹ ਸੁਭਾਵਕ ਹੀ ਲੱਗ ਜਾਂਦੀ ਹੈ, ਜੋ ਉਸ ਚਿੰਨ੍ਹ ਦੀ ਵਰਤੋਂ ਕਾਵਿਕ ਆਸ਼ੇ ਤੋਂ ਬਹੁਤ ਸਫਲ ਹੋਵੇ। ਦੂਸਰਾ ਵਡਾ ਗੁਣ ਫ਼ਰੀਦ ਜੀ ਦੇ ਚਿੰਨ੍ਹਾਂ ਦਾ ਸਰਬਾਂਗੀ ਅੰਸ਼ ਕਿਹਾ ਜਾ ਸਕਦਾ ਹੈ। ਕੋਈ ਚਿੰਨ੍ਹ ਅਜਿਹਾ ਨਹੀਂ ਜਿਸ ਦਾ ਸੰਬੰਧ ਵਿਸ਼ੇਸ਼ ਸਥਾਨ ਨਾਲ ਹੋਵੇ। ਇਸ ਉਪਰ ਵੱਡਾ ਗੁਣ ਇਹ ਹੈ ਕਿ ਚਿੰਨ੍ਹ ਵਿਚ ਉਹੀ ਅਰਥ ਅਤੇ ਮਨੋਭਾਵ ਲਿਆਂਦੇ ਗਏ ਹਨ ਜਿਹੜੇ ਲਗ ਪਗ ਸਮੁੱਚੀ ਮਨੁੱਖ ਜ਼ਾਤੀ ਸਵੀਕਾਰ ਕਰਦੀ ਹੈ। ਸੁਹਾਗਣ ਅਤੇ ਡੋਹਾਗਣ ਦੇ ਅਰਥਾਂ ਵਿਚ ਆਦਰਸ਼ਕ ਪੱਖ ਤੋਂ ਸੰਸਾਰ ਦੇ ਹਰ ਦੇਸ਼ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ, ਬੇੜੀ, ਮਲਾਹ, ਕਪਰੁ ਜਾਂ ਲਹਿਰ ਆਦਿ ਦੇ ਭਾਵ-ਅਰਥਾਂ ਵਿਚ। ਚਿੰਨ੍ਹਾਂ ਦਾ ਇਹੀ ਗੁਣ ਹੀ ਉਹਨਾਂ ਨੂੰ ਕਾਵਿਕ ਆਸ਼ੇ ਤੋਂ ਬਹੁਤ ਪ੍ਰਭਾਵਸ਼ਾਲੀ ਬਣਾਉਂਦਾ ਹੈ। ਚਿੰਨ੍ਹਾਂ ਦਾ ਇਕ ਹੋਰ ਗੁਣ ਜਿਸ ਦੀ ਝਲਕ ਫ਼ਰੀਦ ਜੀ ਦੇ ਚਿੰਨ੍ਹਾਂ ਵਿਚੋਂ ਹੀ ਪੈਂਦੀ ਹੈ, ਚਿੰਨ੍ਹ-ਵਸਤੂਆਂ ਦੇ ਕਰਤਵਾਂ ਅਤੇ ਕਰਨੀਆਂ ਨੂੰ ਚਿਤਰ ਰਾਹੀਂ ਪ੍ਰਗਟਾਉਣ ਵਿਚ ਹੈ। ਇਹ ਗੁਣ ਜਿਥੇ ਚਿੰਨ੍ਹ ਦੀ ਆਤਮਾ ਨੂੰ ਪ੍ਰਕਾਸ਼ਮਾਨ ਕਰਦਾ ਹੈ ਉਥੇ ਪ੍ਰਭਾਵਸ਼ਾਲੀ ਬਣਾਉਣ ਵਿਚ ਬਹੁਤ ਸਹਾਇਤਾ ਕਰਦਾ ਹੈ। ਉਦਾਹਰਣ ਲਈ ਸੁਹਾਗਣ, ਬਗਲਾ ਜਾਂ ਹੰਸ ਅਤੇ ਪਾਤਣੀ ਆਦਿ ਚਿੰਨ੍ਹ ਲਏ ਜਾ ਸਕਦੇ ਹਨ। ਜਿਸ ਵੇਲੇ ਫ਼ਰੀਦ ਜੀ ਸੁਹਾਗਣ ਦੀ ਅਸਲੀ ਕਰਨੀ ਜਾਂ ਕਰਤਵ ਦਾ ਪ੍ਰਗਟਾ ਕਰਨਾ ਚਾਹੁੰਦੇ ਹਨ ਤਾਂ ਚਿੱਤਰ ਕਿਸ ਤਰ੍ਹਾਂ ਖਿਚਦੇ ਹਨ :

> ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।
> ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦॥

ਇਹ ਉਹਨਾਂ ਦੀ ਚਿੰਨ੍ਹ ਵਰਤੋਂ ਦਾ ਇਕ ਵਿਸ਼ੇਸ਼ ਗੁਣ ਹੈ।

ਸਮਾਜਵਾਦ ਦੇ ਦ੍ਰਿਸ਼ਟੀਕੋਣ ਤੋਂ ਪਤੀ ਅਤੇ ਪਤਨੀ ਦੇ ਚਿੰਨ੍ਹਾਂ ਤੇ ਕਾਫ਼ੀ ਇਤਰਾਜ਼ ਕੀਤਾ ਜਾਂਦਾ ਹੈ। ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਪਤੀ ਅਤੇ ਪਤਨੀ ਨੂੰ ਇਕੋ ਜਹੇ ਹਕ ਪ੍ਰਾਪਤ ਹਨ। ਪਤੀ ਨੂੰ ਹਕ ਹੈ ਕਿ ਉਸ ਦੇ ਤਰਸ ਤੇ ਹਰ ਵਕਤ ਪਤਨੀ ਰਹੇ। ਇਹ ਚਿੰਨ੍ਹ ਪੁਰਾਤਨ ਭਾਰਤੀ ਸਮਾਜ ਵਿਚ ਇਸਤਰੀ ਦੀ ਅਧੋਗਤੀ ਨੂੰ ਨਿਰੂਪਣ ਕਰਦਾ ਹੈ। ਜੇ ਅਸੀਂ ਇਹਨਾਂ ਚਿੰਨ੍ਹਾਂ ਦੇ ਕਾਵਿਕ ਆਸ਼ੇ ਨੂੰ ਕੇਵਲ ਰਹੱਸਵਾਦੀ ਵਿਚਾਰਾਂ ਦੇ ਪ੍ਰਗਟਾ ਲਈ ਵੀਚਾਰੀਏ ਤਾਂ ਇਹਨਾਂ ਵਿਚ ਸਹਿਜੇ

ਦੋਸ਼ ਨਹੀਂ ਕਢਿਆ ਜਾ ਸਕਦਾ; ਪਰ ਜੇ ਇਹਨਾਂ ਚਿੰਨ੍ਹਾਂ ਰਾਹੀਂ ਕਵੀ ਦੀ ਵਿਚਾਰ-ਧਾਰਾ ਅਤੇ ਦ੍ਰਿਸ਼ਟੀ ਕੋਣ ਨੂੰ ਸਮਾਜਵਾਦੀ ਦ੍ਰਿਸ਼ਟੀ ਕੋਣ ਤੋਂ ਵੀਚਾਰੀਏ ਤਾਂ ਇਤਰਾਜ਼ ਯੋਗ ਹੈ। ਸੋ ਜਿਥੋਂ ਤੀਕ ਚਿੰਨ੍ਹ ਦਾ ਸਵਾਲ ਹੈ, ਕਵੀ ਸਫਲ ਹੈ ਪਰ ਜਿਥੋਂ ਤੀਕ ਇਸ ਦੀ ਸਮਾਜਕ ਸਾਰਥਕਤਾ ਦਾ ਸੰਬੰਧ ਹੈ, ਆਧੁਨਿਕ ਯੁਗ ਵਿਚ ਇਸ ਚਿੰਨ੍ਹ ਨੂੰ ਕੋਈ ਵਿਸ਼ੇਸ਼ ਥਾਂ ਨਹੀਂ ਦਿੱਤੀ ਜਾ ਸਕਦੀ। ਸਮੇਂ ਦੇ ਨਾਲ ਚਿੰਨ੍ਹ ਦੀ ਭਾਵੁਕ ਅਪੀਲ ਘਟ ਜਾਣੀ ਕਾਵਿਕ ਆਸ਼ੇ ਤੋਂ ਜ਼ਰੂਰ ਦੋਸ਼ ਹੈ।

ਨਿਰਸੰਦੇਹ ਫ਼ਰੀਦ ਦੇ ਚਿੰਨ੍ਹ ਵਾਦ ਦੀ ਸਮਾਜਕ ਸਾਰਥਿਕਤਾ ਘਟ ਹੈ, ਪਰ ਨਿਰੋਲ ਅਜ ਦੇ ਦ੍ਰਿਸ਼ਟੀ-ਕੋਣ ਤੋਂ ਇਹਨੂੰ ਪਰਖਣਾ ਵੀ ਅਨਿਆਏ ਹੈ! ਅਸਲ ਕਸੌਟੀ ਇਤਿਹਾਸਕ-ਪਦਾਰਥਵਾਦ ਠੀਕ ਕਹੀ ਜਾ ਸਕਦੀ ਹੈ। ਫ਼ਰੀਦ ਦੇ ਚਿੰਨ੍ਹਵਾਦ ਦੀ ਸਮਾਜਕ ਸਾਰਥਕਤਾ ਆਪਣੇ ਸਮੇਂ ਅਨੁਸਾਰ ਜ਼ਰੂਰ ਹੈ। ਆਦਰਸ਼-ਵਾਦੀ ਗੁਣਾਂ ਲਈ ਮਨੁੱਖ ਨੂੰ ਪ੍ਰੇਰਨਾ ਉਸ ਸਮੇਂ ਲਈ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਨਿੰਦਨੀ ਨਹੀਂ, ਅਤੇ ਫਿਰ ਉਸਦਾ ਘੇਰਾ ਸਮੁੱਚੀ ਮਨੁੱਖ ਜਾਤੀ ਨੂੰ ਚੁਨਣਾ ਘਟ ਵਡਿਆਈ ਨਹੀਂ, ਜੇ ਅਸੀਂ ਗੁਰਬਾਣੀ ਦੀ ਕਵਿਤਾ ਨੂੰ ਸਮਾਜਕ ਸਾਰਥਕਤਾ ਦਾ ਦਰਜਾ ਦਿੰਦੇ ਹਾਂ ਤਾਂ ਫ਼ਰੀਦ ਦੀ ਕਵਿਤਾ ਅਤੇ ਚਿੰਨ੍ਹਵਾਦ ਨੂੰ ਦੇਣਾ ਪੈਂਦਾ ਹੈ, ਕਿਉਂ ਜੋ ਇਹ ਵੀ ਗੁਰਬਾਣੀ ਦਾ ਅੰਗ ਹੈ। ਇਸ ਦੇ ਨਾਲ ਫ਼ਰੀਦ ਦੀ ਚਿੰਨ੍ਹਾਵਲੀ ਕਲਾ ਦੇ ਪੱਖ ਤੋਂ ਮਹਾਨਤਾ ਅਸਵੀਕਾਰ ਕਰ ਦਿਦੀ ਹੈ। ਉਸ ਦੀ ਸਮਾਜਕ ਸਾਰਥਕਤਾ ਘਟ ਸਕਦੀ ਹੈ, ਪਰ ਉਸ ਦੀ ਕਲਾ-ਮਹਾਨਤਾ ਕਲਾ ਦੇ ਵਿਕਾਸ ਨਾਲ ਵਧਦੀ ਹੀ ਜਾਏਗੀ।

ਫ਼ਰੀਦ ਦੀ ਸ਼ੈਲੀ ਦਾ ਤੀਸਰਾ ਗੁਣ ਬੋਲੀ ਦੀ ਅਮੀਰ ਵਰਤੋਂ ਹੈ। ਕਵੀ ਲਈ ਸਭ ਤੋਂ ਵਿਸ਼ੇਸ਼ ਸਮੱਸਿਆ ਭਾਵਾਂ ਦੇ ਪ੍ਰਗਟਾ ਲਈ ਬੋਲੀ ਨੂੰ ਬਤੌਰ ਮਾਧਿਅਮ ਦੇ ਵਰਤਣ ਦੀ ਹੁੰਦੀ ਹੈ। ਵਾਰਤਕ ਸ਼ਬਦਾਂ ਦੇ ਸਾਹਿਤਕ ਅਰਥ ਪੂਰਾ ਕੰਮ ਨਹੀਂ ਸਾਰ ਸਕਦੇ। ਮਹਾਨ ਕਵੀ ਇਸ ਕਠਨਾਈ ਨੂੰ ਆਪਣੀ ਪ੍ਰਤਿਭਾ ਨਾਲ ਇਕ ਕਾਵਿਕ ਗੁਣ ਬਣਾ ਦਿੰਦਾ ਹੈ। ਨਾ ਕੇਵਲ ਉਹ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਣ ਯੋਗ ਹੋ ਜਾਂਦਾ ਹੈ ਸਗੋਂ ਬੋਲੀ ਦੇ ਸ਼ਬਦਾਂ ਨੂੰ ਨਵੇਂ ਭਾਵਾਰਥ ਦੇ ਕੇ ਅਮੀਰ ਬਣਾਉਂਦਾ ਹੈ ਅਤੇ ਸਮਿਅਕ ਆਤਮਾ ਉਨ੍ਹਾਂ ਭਾਵਾਰਥਾਂ ਵਿਚ ਭਰ ਦਿੰਦਾ ਹੈ। ਇਸ ਗੁਣ ਦੀ ਝਲਕ ਫ਼ਰੀਦ ਦੀ ਕਵਿਤਾ ਵਿਚ ਬਹੁਤ ਥਾਈਂ ਪ੍ਰਤੱਖ ਅਨੁਭਵ ਕੀਤੀ ਜਾਂਦੀ ਹੈ। ਕਈ ਥਾਈਂ ਫ਼ਰੀਦ ਸ਼ਬਦਾਂ ਦੇ ਅੰਤ੍ਰੀਵ ਭਾਵਅਰਥਾਂ

ਨੂੰ ਲੈ ਕੇ ਇਸ ਢੰਗ ਨਾਲ ਪ੍ਰਯੋਗ ਕਰਦਾ ਹੈ ਕਿ ਉਨ੍ਹਾਂ ਵਿਚ ਇਕ ਨਵੀਨ ਅਰਥ ਭਰ ਜਾਂਦੇ ਹਨ :—

ਫ਼ਰੀਦਾ ਖਿੰਥੜਿ ਮੇਖਾ ਅਗਲੀਆਂ ਜਿੰਦ ਨਾ ਕਾਈ ਮੇਖ ॥

... ... ... ...

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

... ... ... ...

ਇਨ੍ਹਾਂ ਸ਼ਲੋਕਾਂ ਵਿਚ 'ਮੇਖਾ' ਅਤੇ 'ਸੁਲਤਾਨੁ' ਸ਼ਬਦਾਂ ਨੂੰ ਆਪਣੇ ਘੇਰੇ ਵਿਚੋਂ ਨਵੀਨ ਸੰਬੰਧ ਦਿਤਾ ਗਿਆ ਹੈ। ਇਸ ਨਾਲ ਜਿੱਥੇ ਇਨ੍ਹਾਂ ਸ਼ਬਦਾਂ ਨੂੰ ਨਵੀਨ ਛੋਹ ਮਿਲੀ ਹੈ, ਉਥੇ ਇਨ੍ਹਾਂ ਦੇ ਭਾਵਾਰਥਾਂ ਵਿਚ ਵੀ ਨਵੀਨਤਾ ਆ ਗਈ ਹੈ।

ਕਈ ਥਾਂ ਫ਼ਰੀਦ ਜੀ ਨੇ ਸ਼ੈਕਸਪੀਅਰ ਵਾਂਗ ਵਿਸ਼ੇਸ਼ਣਾਂ ਨੂੰ ਨਾਂਵ ਦੇ ਰੂਪ ਵਿਚ ਵਰਤ ਕੇ ਉਨ੍ਹਾਂ ਵਿਚ ਸੱਜਰ ਪਨ ਅਤੇ ਭਾਵਾਰਥ ਦੇ ਪੱਖ ਤੋਂ ਨਵੀਨਤਾ ਲੈ ਆਂਦੀ ਹੈ। ਇਹ ਗੁਣ ਸੁਭਾਵਕ ਹੀ ਕਿਸੇ ਪੰਜਾਬੀ ਕਵੀ ਵਿਚ ਛੋਹ ਮਾਤਰ ਆ ਗਿਆ ਹੋਵੇ ਤਾਂ ਵਖਰੀ ਗੱਲ ਹੈ ਪਰ ਉਸ ਦੀ ਸੁਚੇਤ ਵਰਤੋਂ ਸ਼ਾਇਦ ਛੇਤੀ ਕਿਤੇ ਨਾ ਲੱਭ ਸਕੇ। ਉਦਾਹਰਨ ਵਜੋਂ :

ਚਬਣ, ਚਲਣ, ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲ ਗਏ ॥੭੭॥

ਇਸ ਸ਼ਲੋਕ ਵਿਚ 'ਚਬਣ' 'ਚੱਲਣ' 'ਰਤੰਨ' ਅਤੇ ਸੁਣੀਅਰ ਸ਼ਬਦਾਂ ਨੂੰ ਨਾਂਵ ਰੂਪ ਵਿਚ ਦੰਦ, ਲੱਤਾਂ, ਕੰਨ ਅਤੇ ਹਥਾਂ ਲਈ ਵਰਤਿਆ ਗਿਆ ਹੈ। ਇਹ ਗੁਣ ਜਿਥੇ ਕਵੀ ਨੂੰ ਆਪਣੇ ਭਾਵਾਂ ਨੂੰ ਇੰਨ ਬਿੰਨ ਪ੍ਰਗਟਾਉਣ ਵਿਚ ਹਥਿਆਰ ਵਜੋਂ ਕੰਮ ਦੇ ਰਿਹਾ ਹੈ, ਨਾਲ ਹੀ ਕਵਿਤਾ ਦੀ ਸੁੰਦਰਤਾ ਵਿਚ ਵਾਧਾ ਕਰ ਕੇ ਬੋਲੀ ਨੂੰ ਅਮੀਰ ਬਣਾਉਣ ਵਿਚ ਵਿਸ਼ੇਸ਼ ਹੱਥ ਵਟਾ ਰਿਹਾ ਹੈ।

ਫ਼ਰੀਦ ਦੀ ਸ਼ੈਲੀ ਦਾ ਚੌਥਾ ਗੁਣ ਜਿਹੜਾ ਸਨਾਤਨੀ ਸ਼ੈਲੀ ਦੇ ਮਹਾਨ ਕਵੀਆਂ ਵਿਚ ਲੱਭਿਆ ਅਤੇ ਜਿਸ ਨਾਲ ਕਵਿਤਾ ਵਿਚ ਸੁੰਦਰਤਾ ਆਪਣੇ ਸਿਖਰ ਤੇ ਭਾਸਦੀ ਹੈ, ਖ਼ਿਆਲ ਦਾ ਬੱਝਵਾਂ-ਪਨ ਕਿਹਾ ਜਾ ਸਕਦਾ ਹੈ। ਸ਼ਲੋਕ ਇਕ ਕਾਵਿ-ਭੇਦ ਹੀ ਅਜਿਹਾ ਹੈ ਜਿਸ ਦੀਆਂ ਆਮ ਕਰਕੇ ਦੋ ਸਤਰਾਂ, ਅਤੇ ਬਹੁਤ

ਘਟ ਇਸ ਤੋਂ ਕੁਝ ਵਧ ਵਿਚ ਖਿਆਲ ਨੂੰ ਸਪਸ਼ਟ ਕਰਨਾ ਪੈਂਦਾ ਹੈ ਅਤੇ ਜਦ ਤੀਕ ਉਸ ਵਿਚ ਬੱਝਵਾਂ-ਪਨ ਨਾ ਆ ਜਾਏ, ਵਿਚਾਰ ਵਿਚ ਸਪਸ਼ਟਤਾ ਅਤੇ ਕਾਵਿਕ ਸੁੰਦਰਤਾ ਨਹੀਂ ਆਉਂਦੀ। ਉਸ ਵਿਚਾਰ-ਧਾਰਾ ਨੂੰ ਜਿਸ ਨੂੰ ਆਧੁਨਿਕ ਯੁਗ ਵਿਚ ਕਈ ਪੁਸਤਕਾਂ ਪ੍ਰਗਟਾਉਣ ਲਈ ਚਾਹੀਦੀਆਂ ਹਨ, ਫ਼ਰੀਦ ਨੇ ੧੧੬ ਦੇ ਲਗ ਪਗ ਸ਼ਲੋਕਾਂ ਵਿਚ ਪ੍ਰਗਟਾ ਦਿਤਾ ਹੈ। Coleridge ਵੀ ਇਸ ਗੁਣ ਤੇ ਬਹੁਤ ਜ਼ੋਰ ਦਿੰਦਾ ਹੈ। ਉਸ ਦਾ ਅਤੇ Goethe ਦਾ ਇਹ ਵਿਚਾਰ ਹੈ ਕਿ ਕਵਿਤਾ ਵਿਚ ਸੁੰਦਰਤਾ ਆਉਂਦੀ ਹੀ ਉਸ ਵੇਲੇ ਹੈ ਜਦ ਕੁਝ ਉਚਤਮ ਸ਼ਬਦਾਂ ਨਾਲ ਕਵੀ ਆਪਣੇ ਖਿਆਲ ਨੂੰ ਬੰਨ੍ਹ ਆਪਣੀ ਸਾਰੀ ਵਿਚਾਰਧਾਰਾ ਜਾਂ ਜੀਵਨ ਨੂੰ ਪ੍ਰਕਾਸ਼ਮਾਨ ਕਰ ਦਿੰਦਾ ਹੈ। ਇਸ ਲਈ ਜਿਥੇ ਇਹ ਜ਼ਰੂਰੀ ਹੈ ਕਿ ਕਵੀ ਕੋਈ ਅਜਿਹੀ ਘਟਨਾ ਹੀ ਚੁਣੇ ਜਿਸ ਨਾਲ ਆਦੇਸ਼ ਦੀ ਪੂਰਤੀ ਹੋ ਸਕੇ, ਉਥੇ ਇਹ ਵੀ ਜ਼ਰੂਰੀ ਹੈ ਕਿ ਉਚਤਮ ਸ਼ਬਦ, ਚਾਹੇ ਉਹ ਚਿੰਨ੍ਹ ਹੋਣ ਜਾਂ ਕੁਝ ਹੋਰ, ਉਸ ਸਾਰੇ ਨੂੰ ਜਿਸ ਨੂੰ ਪ੍ਰਗਟਾਉਣ ਲਈ ਕਵੀ ਵਿਲਕ ਰਿਹਾ ਹੈ, ਪ੍ਰਕਾਸ਼ਮਾਨ ਕਰ ਦੇਵੇ। ਕੁਝ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

> ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
> ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੯੩॥

ਇਸ ਸ਼ਲੋਕ ਵਿਚ ਇਹ ਗੁਣ ਸਿਖਰ ਤੇ ਵੇਖਿਆ ਜਾ ਸਕਦਾ ਹੈ। ਦੋ ਗੁਣ ਹਨ; ਫ਼ਰੀਦ ਦੇ ਮੌਤ ਦੇ ਪ੍ਰਸਿਧ ਵਿਸ਼ੇ ਲਈ ਜਿਥੇ ਇਕ ਅਜਿਹੀ ਪ੍ਰਤੀਨਿਧ ਘਟਨਾ ਚੁਣੀ ਗਈ ਹੈ, ਉਥੇ ਕੁਝ ਸ਼ਬਦਾਂ ਨਾਲ ਹੀ ਕਾਵਿਕ ਸੁੰਦਰਤਾ ਭਰ ਕੇ ਕਵੀ ਆਪਣੀ ਸਾਰੀ ਵਿਚਾਰ-ਧਾਰਾ ਅਤੇ ਮਨੋਭਾਵਾਂ ਨੂੰ ਸਪਸ਼ਟ ਭਾਂਤਿ ਪ੍ਰਗਟਾ ਦਿੰਦਾ ਹੈ।

ਫ਼ਰੀਦ ਜੀ ਦੀ ਸ਼ੈਲੀ ਦਾ ਇਕ ਹੋਰ ਗੁਣ ਰਾਗਾਤਮਕਤਾ ਹੈ। ਅਸਲ ਵਿਚ ਇਹ ਗੁਣ ਆਪਣੀ ਸ਼ੋਖੀ ਅਤੇ ਨਜ਼ਾਕਤ ਵਿਚ ਬਾਕੀ ਸੂਫ਼ੀ ਕਵੀਆਂ ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਨੇ ਵਰਤਿਆ ਹੈ। ਫ਼ਰੀਦ ਜੀ ਦੀ ਕਵਿਤਾ ਵਿਚ ਇਹ ਗੁਣ ਹੈ, ਪਰ ਰੁਮਾਂਚਕ ਕਵੀਆਂ ਵਾਂਗ ਆਪਣੀ ਸ਼ੋਖੀ ਵਿਚ ਨਹੀਂ, ਸਗੋਂ ਸਨਾਤਨੀ ਕਲਾਕਾਰਾਂ ਵਾਂਗ ਸੰਜਮ ਵਿਚ ਵਰਤਿਆ ਗਿਆ ਹੈ। ਅਸਲੀਅਤ ਇਹ ਹੈ ਕਿ ਫ਼ਰੀਦ ਜੀ ਦੇ ਸ਼ਲੋਕਾਂ ਨੂੰ ਜਦ ਤੀਕ ਆਪਣੇ ਪੂਰੇ ਰਾਗ ਵਿਚ ਨਾ ਪੜ੍ਹਿਆ ਜਾਏ ਨਾ ਉਹ ਆਨੰਦ ਆਉਂਦਾ ਹੈ ਅਤੇ ਨਾ ਹੀ ਕਵੀ ਦੇ ਮਨੋਭਾਵ, ਟੋਨ ਅਤੇ ਰੁਖ

ਜਾਂ Attitude ਸਪਸ਼ਟ ਹੁੰਦੇ ਹਨ। ਫ਼ਰੀਦ ਜੀ ਨੇ ਕਿਧਰੇ ਦੋਹਰੇ ਦੇ ਤੋਲ ਵਿਚ ਖੁਲ੍ਹ ਲਈ ਹੈ ਤਾਂ ਉਹ ਰਾਗ ਦੀ ਖਿਚ ਵਧਾਉਣ ਲਈ ਤੀਖਣ ਕਰਨ ਲਈ ਜਾਂ ਆਪਣੇ ਕਿਸੇ ਵਿਸ਼ੇਸ਼ ਬ੍ਰਿਤੀ ਨੂੰ ਪ੍ਰਗਟਾਉਣ ਲਈ ਹੈ। ਸਾਰੇ ਸ਼ਲੋਕਾਂ ਅਤੇ ਸ਼ਬਦਾਂ ਦੀ ਅੰਤ੍ਰੀਵ ਆਤਮਾ ਜਾਂ ਰਾਗਾਤਮਕਤਾ ਦੇ ਗੁਣ ਨਾਲ ਹੀ ਆਪਣੀ ਉਦੇਸ਼ ਪੂਰਤੀ ਕਰਦੀ ਹੈ।

## ਫ਼ਰੀਦ ਜੀ ਦੀ ਸ਼ੈਲੀ ਦੇ ਤੱਤ

ਬਿੰਬਾਵਲੀ, ਬੋਲੀ, ਕਾਵਿ-ਭੇਦ ਅਤੇ ਛੰਦ —

**ਬੋਲੀ**—

ਲਹਿੰਦੀ ਦੇ ਪਜਾਬੀ ਸਾਹਿਤ ਨੂੰ ਸਮੁੱਚੇ ਪੰਜਾਬੀ ਸਾਹਿੱਤ ਵਿਚ ਵਿਸ਼ੇਸ਼ ਸਥਾਨ ਇਸ ਕਰ ਕੇ ਦਿਤਾ ਜਾਂਦਾ ਹੈ ਕਿ ਇਹ ਉਹ ਕੇਂਦਰ ਸੀ, ਜਿਥੇ ਪੰਜਾਬੀ ਸਾਹਿੱਤ ਦੀ ਨੁਹਾਰ ਅਤੇ ਪਿੰਡਾ ਆਪਣੀ ਬਾਲ-ਪਨ ਸਟੇਜ ਤੇ ਨਿਖਰਿਆ, ਅਤੇ ਸੰਵਰਿਆ।

ਮੁਗਲ ਰਾਜ ਤੋਂ ਪਹਿਲਾਂ ਪੰਜਾਬੀ ਸਾਹਿੱਤ ਦੀ ਨੁਹਾਰ ਜਿਹੜੀ ਆਪਣੇ ਠੇਠ ਰੂਪ ਵਿਚ ਨਿਖਰੀ ਉਹ ਲਹਿੰਦੀ ਬੋਲੀ ਵਿਚ ਹੀ ਸੀ। ਪੰਜਾਬੀ ਦੇ ਇਸ ਪਾਸੇ ਭਾਈ ਗੁਰਦਾਸ ਤੀਕ ਪੰਜਾਬੀ ਦੀ ਨੁਹਾਰ ਲਗਭਗ ਸਾਧ ਭਾਸ਼ਾ ਹੀ ਰਹੀ ਹੈ। ਫਰੀਦ ਜੀ ਦੀ ਕਵਿਤਾ ਨੂੰ ਜਿਥੇ ਇਹ ਮਾਨ ਪ੍ਰਾਪਤ ਹੈ ਕਿ ਇਹ ਠੇਠ ਪੰਜਾਬੀ ਦਾ ਸਭ ਤੋਂ ਮੁੱਢਲਾ ਸਾਹਿੱਤ ਹੈ ਉਥੇ ਲਹਿੰਦੀ ਬੋਲੀ ਦੀ ਇਸ ਵਡਿਆਈ ਦਾ ਹੱਕ ਰਖਦੀ ਹੈ ਜਿਹੜੀ ਉਸ ਦੀ ਮਿਠਾਸ ਨੇ ਪੰਜਾਬੀ ਸਾਹਿੱਤ ਨੂੰ ਪ੍ਰਦਾਨ ਕੀਤੀ। ਇਹ ਇਕ ਅਜਿਹੀ ਲੀਹ ਸੀ, ਜਿਸ ਦੇ ਪ੍ਰਭਾਵ ਆਧੁਨਿਕ ਯੁਗ ਦੇ ਕਵੀ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕੇ।

ਸੂਫ਼ੀ ਫ਼ਕੀਰਾਂ ਵਿਚ ਅਸਲਾਮੀ ਤਅੱਸੁਬ ਨਾ ਹੋਣ ਕਰਕੇ ਬੋਲੀ ਸੰਬੰਧੀ ਤਅੱਸੁਬ ਦੀ ਅਣਹੋਂਦ ਸੁਭਾਵਕ ਹੀ ਸੀ। ਫ਼ਰੀਦ ਜੀ ਨੇ ਆਪਣੇ ਸਾਰੇ ਵਿਚਾਰਾਂ ਨੂੰ ਆਮ ਲੋਕਾਂ ਤੀਕ ਪੁਚਾਉਣ ਲਈ ਉਨ੍ਹਾਂ ਦੀ ਬੋਲੀ ਨੂੰ ਕਾਵਿ-ਮਾਧਿਅਮ ਚੁਣਿਆ। ਜਿਸ ਨਾਲ ਜਿਥੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਯੋਗ ਮਾਧਿਅਮ ਮਿਲਿਆ, ਉਥੇ ਜਨ ਸਾਧਾਰਨ ਦੀ ਪੱਧਰ ਨੂੰ ਮੁਖ ਰਖਣ ਕਰਕੇ ਸਮਾਜਕ ਪੱਖ ਉਘੜ

ਆਇਆ। ਫ਼ਰੀਦ ਜੀ ਦੀ ਸਮਾਜਕ ਸਾਰਥਕਤਾ ਲਈ ਇਹ ਕਾਫ਼ੀ ਹੈ ਕਿ ਉਨ੍ਹਾਂ ਨੇ ਜਨ ਸਾਧਾਰਨ ਦੀ ਬੋਲੀ ਨੂੰ ਸਾਹਿੱਤਕ ਸਿਖਰ ਤੇ ਵਰਤਿਆ।

ਉਨ੍ਹਾਂ ਦੀ ਬੋਲੀ ਵਿਚ ਸ਼ਬਦਾਵਲੀ ਦਾ ਵਿਸ਼ੇਸ਼ ਭਾਗ ਮੁਲਤਾਨ ਲਾਗੇ ਬੋਲੀਂਦੀ ਲਹਿੰਦੀ ਹੈ। ਇਸ ਬੋਲੀ ਦੀ ਅਪਣਤ 'ਡ' ਦੀ ਵਿਸ਼ੇਸ਼ ਵਰਤੋਂ; ਜਿਸ ਤਰ੍ਹਾਂ ਡੋਹਾਗਨ, ਡੇਖਾਂ ਆਦਿ 'ਚੋਂ ਪ੍ਰਗਟ ਹੈ, ਦੀ ਹੈ। ਇਹ ਬੋਲੀ ਦਾ ਇਕ ਹੋਰ ਗੁਣ ਸੰਜੋਗਾਤਮਕ ਰੁਚੀ ਹੈ, ਕ੍ਰਿਆ, ਪੜਨਾਵ ਆਦਿ ਨੂੰ ਇਕਠਿਆਂ ਇਕ ਸ਼ਬਦ ਵਿਚ ਹੀ ਪ੍ਰਗਟਾਇਆ ਜਾਂਦਾ ਹੈ। ਇਸ ਦੀ ਖੁਲ੍ਹੀ ਵਰਤੋਂ ਤਾਂ ਫ਼ਰੀਦ ਜੀ ਦੀ ਕਵਿਤਾ ਵਿਚ ਬਹੁਤ ਘਟ ਮਿਲਦੀ ਹੈ ਪਰ ਯੋਜਕ, ਸੰਬੰਧਕ ਆਦਿ ਦੀ ਅਣਹੋਂਦ ਇਸ ਰੁਚੀ ਦਾ ਸੁਝਾਉ ਦੇਂਦੀ ਹੈ। ਉਨ੍ਹਾਂ ਦੀਆਂ ਕ੍ਰਿਆਵਾਂ, ਨਾਂਵ ਆਦਿ ਤਾਂ ਜ਼ਰੂਰ ਨਿਖੇੜੇ ਹੋਏ ਮਿਲਦੇ ਹਨ। ਸ਼ਾਇਦ ਇਹ ਉਹ ਅਵਸਥਾ ਜਾਪਦੀ ਹੈ ਜਿਸ ਵੇਲੇ ਸੰਜੋਜਗਾਤਮਕ ਰੁਚੀ ਟੁਟ ਰਹੀ ਸੀ, ਘਟੋ ਘਟ ਸ਼ਬਦਾਂ ਦੀ ਵਿਜੋਗਾਤਮਕ ਵਰਤੋਂ ਇਸ ਦਲੀਲ ਦੀ ਪੁਸ਼ਟੀ ਥੋੜੀ ਜਾਂ ਬਹੁਤੀ ਜ਼ਰੂਰ ਕਰ ਦਿੰਦੀ ਹੈ। ਸ਼ਬਦਾਵਲੀ ਸੰਬੰਧੀ ਕੋਈ ਸੰਦੇਹ ਨਹੀਂ ਕਿ ਇਹ ਉਸ ਇਲਾਕੇ ਦੀ ਨਹੀਂ। ਇਸ ਬੋਲੀ ਦੀ ਇਕ ਹੋਰ ਅਪਣੱਤ ਕ੍ਰਿਆ ਨੂੰ ਆਧੁਨਿਕ ਰੂਪ ਵਿਚ ਨਾ ਵਰਤਣ ਦੀ ਹੈ। ਭੂਤ ਕਾਲ, ਭਵਿਖਤ ਅਤੇ ਵਰਤਮਾਨ ਕਾਲ ਨੂੰ ਨਿਖੇੜਨ ਲਈ "ਿ" "ੀ" ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। 'ਸੀ' ਅਤੇ 'ਗਾ' ਭਵਿਖਤ ਅਤੇ ਵਰਤਮਾਨ ਕ੍ਰਿਆ ਦੇ ਕੋਚਿਮਾਂ ਦੀ ਅਣਹੋਂਦ ਤਾਂ ਪ੍ਰਤੱਖ ਹੈ। ਇਸ ਤਰ੍ਹਾਂ ਸੰਬੋਧਨ ਕਾਰਨ ਲਈ ਕੋਈ ਵਿਸ਼ੇਸ਼ ਸ਼ਬਦ ਨਹੀਂ। ਇਕ ਸ਼ਲੋਕ ਦੀ ਉਦਾਹਰਨ ਦਿਤੀ ਜਾ ਸਕਦੀ ਹੈ :—

ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮਹੁ

... ... ...

ਇਸ ਸ਼ਲੋਕ ਵਿਚ 'ਭਿਜ ਜਾਵੇ ਜੇ ਭਿਜਦੀ ਹੈ' ਦੇ ਭਾਵਅਰਥਾਂ ਲਈ ਕ੍ਰਿਆ ਦੇ ਨਾਲ ਕੇਵਲ 'ਉ' ਦੀ ਵਾਧੂ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ 'ਜੇ' ਅਤੇ ਕਈ ਸੰਬੰਧਕ 'ਅਤੇ' ਇਸ ਤਰ੍ਹਾਂ ਪ੍ਰਸਰਗ 'ਤੇ', 'ਉਤੇ' ਆਦਿ ਦੀ ਬਿਲਕੁਲ ਅਣਹੋਂਦ ਹੈ। ਸੋ ਫਰੀਦ ਜੀ ਦੀ ਬੋਲੀ ਨੂੰ ਨਾ ਤਾਂ ਨਿਰੋਲ ਵਿਜੋਗਾਤਮਕ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਨਿਰੋਲ ਸੰਜੋਗਾਤਮਕ। ਇਹ ਦੋਹਾਂ ਦੀ ਵਿਚਲੀ ਅਵਸਥਾ ਨੂੰ ਪ੍ਰਗਟ ਕਰਦੀ ਹੈ।

ਫ਼ਰੀਦ ਜੀ ਨੇ ਅਸਲਾਮੀ ਵਿਦਿਆ ਕਾਫੀ ਪ੍ਰਾਪਤ ਕੀਤੀ ਹੋਈ ਸੀ। ਨਿਰਸੰਦੇਹ ਉਨ੍ਹਾਂ ਨੇ ਜਨਸਾਧਾਰਨ ਨੂੰ ਅਖੋਂ ਉਹਲੇ ਨਹੀਂ ਕੀਤਾ, ਪਰ ਜਿਹੜੇ ਅਰਬੀ ਅਤੇ ਫ਼ਾਰਸੀ ਸ਼ਬਦਾਂ ਜਾਂ ਵਿਆਕਰਣ ਰੂਪ ਦੀ ਵਰਤੋਂ ਜਨਸਾਧਾਰਨ ਦੀ ਬੋਲੀ ਵਿਚ ਪ੍ਰਚੱਲਤ ਹੋ ਗਈ ਸੀ, ਉਸ ਨੂੰ ਅਪਨਾਉਣ ਵਿਚ ਆਪ ਨੇ ਸੰਕੋਚ ਨਹੀਂ ਕੀਤਾ। ਇਸਲਾਮੀ ਵਿਚਾਰਧਾਰਾ ਜਿਹੜੀ ਮੌਤ ਦੇ ਵਿਸ਼ੇ ਨਾਲ ਸੰਬੰਧਤ ਹੈ, ਉਸ ਨੂੰ ਪ੍ਰਗਟਾਉਣ ਲਈ ਤਾਂ ਇਸਲਾਮੀ ਸ਼ਬਦਾਵਲੀ ਦੀ ਵਰਤੋਂ ਸੁਭਾਵਕ ਹੀ ਹੋ ਗਈ ਹੈ। 'ਮੌਤ' 'ਇਜ਼ਰਾਈਲ' 'ਗੋਰ' 'ਪੁਰਸਲਾਤ' ਆਦਿ, ਅਜਿਹੇ ਸ਼ਬਦ ਉਦਾਹਰਨ ਵਜੋਂ ਦਿਤੇ ਜਾ ਸਕਦੇ ਹਨ। ਇਕ ਥਾਂ ਫ਼ਰੀਦ ਜੀ ਫ਼ਾਰਸੀ ਦਾ ਕ੍ਰਿਆ ਰੂਪ ਵੀ ਵਰਤਦੇ ਹਨ। ਉਸ ਦੀ ਵੱਧ ਵਰਤੋਂ ਜ਼ਰੂਰ ਜਾਪਦੀ ਹੈ।

ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍॥

... ... ... ...

ਫਾਰਸੀ ਵਿਚ 'ਭਵਿਓਮ੍' ਦਾ ਅਸਲੀ ਵਿਅਕਰਣਕ ਰੂਪ 'ਭਵਿਸ' ਚਾਹੀਦਾ ਹੈ, ਜਿਸ ਦੇ ਅਰਥ ਹਨ 'ਮੈਂ ਭਵਿਆਂ ਹਾਂ।' 'ਓ' ਦੀ ਵਾਧੂ ਵਰਤੋਂ ਨੇ ਕੁਝ ਭਾਸ਼ਾ ਵਿਗਿਆਨੀਆਂ ਲਈ ਸ਼ੰਕਾ ਦਾ ਕਾਰਨ ਉਪਜਾ ਦਿੱਤਾ ਹੈ। ਹੋ ਸਕਦਾ ਹੈ ਕਿ ਫ਼ਾਰਸੀ ਰੂਪ ਜਨਸਾਧਾਰਨ ਵਿਚ ਇਸ ਤਰ੍ਹਾਂ ਪ੍ਰਚਲਤ ਹੋਵੇ। ਕਿਉਂ ਜੋ ਮੈਂ ਭਵਿਆ ਹਾਂ ਦੇ ਅਰਥ ਸ਼ਲੋਕ ਦੇ ਠੀਕ ਅਰਥਾਂ ਨਾਲ ਮੇਲ ਖਾ ਜਾਂਦੇ ਹਨ। ਇਸ ਲਈ ਇਸ ਫ਼ਾਰਸੀ ਕ੍ਰਿਆ ਰੂਪ ਹੋਣ ਲਈ ਕੋਈ ਵਿਸ਼ੇਸ਼ ਸ਼ੰਕਾ ਉਤਪੰਨ ਨਹੀਂ ਹੋਣਾ ਚਾਹੀਦਾ। 'ਓ' ਦੀ ਵਾਧੂ ਵਰਤੋਂ ਲਹਿੰਦੀ ਦੇ ਇਲਾਕੇ ਵਿਚ ਧੁਨੀ ਨੂੰ ਲਮਕਾ ਕੇ ਬੋਲਣ ਦਾ ਸਿੱਧਾ ਕਾਰਨ ਜਾਪਦੀ ਹੈ। ਅਸੀਂ ਪਹਿਲਾਂ ਕਹਿ ਚੁਕੇ ਹਾਂ ਕਿ ਫ਼ਰੀਦ ਜੀ ਨੇ ਪੰਜਾਬੀ ਕਵਿਤਾ ਰਚਨ ਲਗਿਆਂ ਜਨ ਸਾਧਾਰਨ ਦੀ ਸ਼ਬਦਾਵਲੀ ਨੂੰ ਹੀ ਮੁਖ ਰੱਖਿਆ। ਇਸ ਲਈ ਸੁਭਾਵਕ ਹੀ ਸੀ ਕਿ ਉਹ 'ਭਵਿਸ' ਦੀ ਥਾਂ ਇਸ ਦਾ ਜਨ ਸਾਧਾਰਨ ਰੂਪ 'ਭਵਿਓਸਿ' ਵਰਤਦੇ। ਇਹ ਦੂਸਰੇ ਸ਼ਬਦਾਂ ਵਿਚ ਵੀ ਪ੍ਰਤਖ ਜਾਪਦਾ ਹੈ।

ਭਾਰਤੀ ਵਿਚਾਰਧਾਰਾ ਨੂੰ ਅਪਨਾਉਣ ਕਰਕੇ ਕੁਝ ਚਿੰਨ੍ਹ ਅਤੇ ਸ਼ਬਦਾਵਲੀ ਵੀ ਸੁਭਾਵਕ ਹੀ ਫ਼ਰੀਦ ਜੀ ਦੀ ਕਵਿਤਾ ਵਿਚ ਆ ਗਈ ਹੈ। 'ਹੰਸ' ਭਾਰਤੀ ਸ਼ਬਦ ਹੈ ਅਤੇ 'ਹੰਝ' ਇਸ ਦਾ ਲਹਿਦੀ ਰੂਪ ਹੈ। ਦੋਹਾਂ ਦੀ ਵਰਤੋਂ ਫ਼ਰੀਦ ਜੀ ਨੇ ਕੀਤੀ ਹੈ। ਇਸ ਤਰ੍ਹਾਂ 'ਸਰੋਵਰ' ਮਡਪ ਮਾੜੀਆਂ' 'ਕੇਤ' ਆਦਿ ਸ਼ਬਦ

ਉਦਾਹਰਣ ਵਜੋਂ ਲਏ ਜਾ ਸਕਦੇ ਹਨ। ਪਰ ਇਨ੍ਹਾਂ ਦੀ ਵਰਤੋਂ ਕਰਨ ਵੇਲੇ ਵੀ ਇਉਂ ਜਾਪਦਾ ਹੈ ਕਿ ਫ਼ਰੀਦ ਜੀ ਨੇ ਇਨ੍ਹਾਂ ਦੇ ਪ੍ਰਚਲਤ ਲਹਿੰਦੀ ਰੂਪ ਨੂੰ ਹੀ ਮੁਖ ਰਖਿਆ।

ਸਮੁੱਚੇ ਤੌਰ ਤੇ ਫ਼ਰੀਦ ਜੀ ਦੀ ਬੋਲੀ ਨੂੰ ਗੁਣ ਮਿਠਾਸ ਦੇ ਨਾਲ ਇਸ ਦਾ ਅਮੀਰ ਪ੍ਰਗਟਾਉ ਹੈ। ਫ਼ਰੀਦ ਨੇ ਸ਼ਬਦਾਂ ਨੂੰ ਨਵੇਂ ਅਰਥ ਦਿਤੇ ਹਨ। ਸਾਧਾਰਨ ਸ਼ਬਦਾਂ ਨੂੰ ਸਾਹਿੱਤਕ ਪੱਧਰ ਤੇ ਵਰਤਣਾ ਵੀ ਉਨ੍ਹਾਂ ਦੀ ਬੋਲੀ ਦਾ ਇਕ ਵਿਸ਼ੇਸ਼ ਗੁਣ ਹੈ। ਸਭ ਤੋਂ ਵੱਡਾ ਗੁਣ ਸ਼ਾਇਦ ਇਸ ਦਾ ਸੱਜਰਾਪਨ ਹੈ। ਫ਼ਰੀਦ ਜੀ ਨੇ ਉਨ੍ਹਾਂ ਸ਼ਬਦਾਂ ਨੂੰ ਹੀ ਵਧੇਰੇ ਕਾਵਿ-ਖੇਤਰ ਵਿਚ ਲਿਆਂਦਾ, ਜਿਹੜੇ ਸਦੀਆਂ ਤੀਕ ਪੁਰਾਣੇ ਨਹੀਂ ਹੁੰਦੇ ਅਤੇ ਉਨ੍ਹਾਂ ਦੀ ਭਾਵਕ ਅਪੀਲ ਵਿਚ ਸੱਜਰਾਪਨ ਸਦੀਵੀ ਹੁੰਦਾ ਹੈ। ਸੁਖੈਨਤਾ ਅਤੇ ਸਾਧਾਰਨਤਾ ਉਨ੍ਹਾਂ ਦੀ ਬੋਲੀ ਦਾ ਹੋਰ ਗੁਣ ਹੈ। ਇਨ੍ਹਾਂ ਸਾਰੇ ਗੁਣਾਂ ਨਾਲ ਹੀ ਸਨਾਤਨੀ ਕਾਵਿ-ਸੁੰਦਰਤਾ ਦਾ ਗੁਣ ਸਪਸ਼ਟਤਾ ਅਤੇ ਸਾਦਗੀ ਆਏ ਹਨ।

## ਬਿੰਬਾਵਲੀ

**Coleridge** ਅਤੇ **Goethe** ਅਤੇ ਨਾਲ ਹੀ **Arnold** ਕਵਿਤਾ ਦੇ ਗੁਣਾਂ ਦੇ ਸੰਬੰਧ ਵਿਚ ਚਰਚਾ ਕਰਦਿਆਂ ਕਵਿਤਾ ਦੇ ਮੁਖ ਚਾਰ ਗੁਣ ਮੰਨਦੇ ਹਨ। ਪਹਿਲੀ ਮਹਾਨਤਾ ਵਿਸ਼ੇ ਦੀ ਚੋਣ ਤੇ ਨਿਰਭਰ ਹੈ। ਇਸ ਲਈ ਕਸੌਟੀ ਉਹ **Disinterested** ਅਤੇ **Detachment** ਨੂੰ ਨੀਯਤ ਕਰਦੇ ਹਨ। ਜਦ ਤੀਕ ਕਵੀ ਆਪਣੇ ਨਿਜੀ ਮਨੋਭਾਵਾਂ ਨੂੰ ਸਮੂਹੀ ਨਹੀਂ ਬਣਾ ਦਿੰਦਾ ਤਦ ਤੀਕ ਕਲਾ-ਪੱਖ ਤੋਂ ਬਿਲਕੁਲ ਅਸਫਲ ਹੈ। ਵਿਸ਼ੇ ਦੀ ਚੋਣ ਤੇ ਇਕ ਹੋਰ ਕਸੌਟੀ ਲਾਈ ਜਾਂਦੀ ਹੈ ਕਿ ਕਵੀ ਜੀਵਨ ਦੀਆਂ ਅਜਿਹੀਆਂ ਘਟਨਾਵਾਂ, ਮਨੋਭਾਵ ਅਤੇ ਵਿਚਾਰ ਪੇਸ਼ ਕਰੇ ਜਿਸ ਰਾਹੀਂ ਸਮੁੱਚੇ ਜੀਵਨ ਦੀ ਝਲਕ ਪੈ ਜਾਏ। ਇਸ ਦੀ ਨਿਪੁੰਨਤਾ ਲਈ ਕਲਾ-ਪੱਖ ਸਹਾਈ ਹੁੰਦਾ ਹੈ। ਜਿਸ ਵੇਲੇ ਕਵੀ ਮੁਖ ਅਤੇ ਕੇਂਦਰੀ ਵਿਚਾਰ ਘਟਨਾ ਜਾਂ ਮਨੋਭਾਵ ਨੂੰ ਚੁਣ ਲੈਂਦਾ ਹੈ ਤਾਂ ਉਸ ਦਾ ਕਲਾ-ਨਿਭਾ ਜੇ ਨਿਪੁੰਨ ਹੋਵੇ ਤਾਂ ਇਕ ਮਹਾਨ ਕਲਾ ਦੀ ਉਪਜ ਹੁੰਦੀ ਹੈ। ਕਲਾ-ਨਿਭਾ ਲਈ ਕਵਿਤਾ ਵਿਚ ਬਿੰਬਾਵਲੀ ਦਾ ਉੱਚਤਮ ਚੋਣ ਤੋਂ ਵਧ ਕੋਈ ਹੋਰ ਗੁਣ ਐਨ ਸਹਾਈ ਨਹੀਂ ਹੁੰਦਾ। ਬਿੰਬਾਵਲੀ ਦੀ ਚੋਣ ਲਈ ਸਭ ਤੋਂ ਉੱਚਤਮ ਗੁਣ ਕਲਾਕਾਰ ਦੀ ਆਤਮਾ

ਨੂੰ ਪ੍ਰਕਾਸ਼ਮਾਨ ਕਰਨਾ ਹੈ, ਇਹ ਗੁਣ ਤਾਂ ਹੀ ਉਪਜ ਸਕਦਾ ਹੈ ਜੇ ਬਿੰਬਾਵਲੀ ਵਿਸ਼ੇ ਨਾਲ ਇਕ ਸੁਰ ਹੋਵੇ। ਵਿਸ਼ੇ ਨਾਲ ਇਕ ਸੁਰਤਾ ਇਸ ਦਾ ਦੂਸਰਾ ਗੁਣ ਮੰਨਿਆ ਜਾ ਸਕਦਾ ਹੈ। ਕਵਿਤਾ ਵਿਚ ਬਿੰਬਾਵਲੀ ਤੋਂ ਬਿਨਾਂ ਕਵੀ ਪਾਸ ਮਨੋਭਾਵਾਂ ਨੂੰ ਪ੍ਰਗਟਾਉਣ ਲਈ ਇਸ ਤੋਂ ਨਿਪੁੰਨ ਵਸੀਲਾ ਕੋਈ ਨਹੀ। Eliot ਦਾ ਵਿਚਾਰ ਹੈ ਕਿ ਜੇ ਬੋਧਕ ਵਿਚਾਰਾਂ ਨੂੰ ਕਲਾ ਵਸਤੂ ਬਣਾਇਆ ਜਾਏ ਤਾਂ ਬਿੰਬਾਵਲੀ ਬਿਨਾਂ ਸਰ ਹੀ ਨਹੀਂ ਸਕਦਾ। ਵਿਚਾਰਾਂ ਦੀ ਸੁਗੰਧੀ ਨੂੰ ਤੱਤਕਾਲ ਅਨੁਭਵ ਕਰਨ ਲਈ ਵਿਚਾਰਾਂ ਨੂੰ ਸਫਲ ਅਤੇ ਉਚਤਮ ਬਿੰਬਾਵਲੀ ਦੀ ਲੋੜ ਹੁੰਦੀ ਹੈ। ਇਹ ਬਿੰਬਾਵਲੀ ਦਾ ਤੀਸਰਾ ਗੁਣ ਮੰਨਿਆ ਜਾ ਸਕਦਾ ਹੈ। ਕਲਾ ਅਤੇ ਵਿਸ਼ੇਸ਼ ਕਰਕੇ ਕਵਿਤਾ ਨੂੰ ਸੂਖਮਤਾ ਨਾਲ ਵਧੇਰੇ ਵਾਹ ਪੈਂਦਾ ਹੈ। ਵਿਚਾਰ ਸੂਖਮ ਹੁੰਦੇ ਹਨ, ਮਨੋਭਾਵ ਸੂਖਮ ਹੁੰਦੇ ਹਨ ਅਤੇ ਜੀਵਨ ਅਨੁਭਵ ਲਗ ਪਗ ਸਾਰਾ ਹੀ ਸੂਖਮ ਹੁੰਦਾ ਹੈ। ਕਲਾ ਦੀ ਆਸ਼ਾ ਪੂਰਤੀ ਇਸ ਦੇ ਠੋਸ ਪਨ ਵਿਚ ਹੈ, ਇਸ ਨੂੰ ਕਲਾ ਮਈ ਨਕਲ ਇਸੇ ਲਈ ਕਿਹਾ ਜਾਂਦਾ ਹੈ। ਕਵਿਤਾ ਨੂੰ ਠੋਸ ਅਤੇ ਸਾਰਥਕ ਬਨਾਉਣ ਲਈ ਬਿੰਬਾਵਲੀ ਦਾ ਹੀ ਆਸਰਾ ਲੈਣਾ ਪੈਂਦਾ ਹੈ। Caudwell ਦਾ ਦੁਨੀਆਂ ਦੀ ਕੋਈ ਵਸਤੂ, ਪਦਾਰਥ ਜੀਵਨ ਅਜਿਹਾ ਨਹੀਂ ਜਿਸ ਨਾਲ ਸਾਡੇ ਮਨੋਭਾਵ ਸਮਿਲਤ ਨਹੀਂ। ਉਨ੍ਹਾਂ ਨੂੰ ਹੀ ਚੋਣ ਕਰਕੇ ਕਵੀ ਆਪਣੀ ਕਵਿਤਾ ਨੂੰ ਸਾਰਥਕਤਾ ਦੇ ਕੇ ਸਾਡੇ ਮਨੋਭਾਵ ਹਿਲੂਣਦਾ ਹੈ।

ਇਹ ਬਿੰਬਾਵਲੀ ਦਾ ਚੌਥਾ ਗੁਣ ਮੰਨਿਆ ਜਾ ਸਕਦਾ ਹੈ। ਕਲਾ ਦਾ ਮੁਖ ਮੰਤਵ ਅਤੇ ਆਸ਼ਾ ਸੁੰਦਰਤਾ ਉਪਜਾ ਕੇ ਸੁਹਜ ਸੁਆਦ ਦੀ ਪੂਰਤੀ ਕਰਨਾ ਹੈ। ਕਵਿਤਾ ਵਿਚ ਅਤੇ ਕਲਾ ਦੇ ਬਾਕੀ ਰੂਪਾਂ ਵਿਚ ਵੀ ਇਹ ਸੁੰਦਰਤਾ ਰੂਪ ਤੇ ਨਿਰਭਰ ਹੁੰਦੀ ਹੈ। ਕਵਿਤਾ ਦਾ ਰੂਪ ਬਾਹਰ ਮੁਖੀ ਬਿੰਬਾਵਲੀ ਹੀ ਹੈ। ਇਹ ਕਵਿਤਾ ਨੂੰ ਸੁੰਦਰਤਾ ਦਿੰਦੀ ਹੈ ਅਤੇ ਇਹੀ ਸੁਹਜ ਸਵਾਦ ਦੀ ਪੂਰਤੀ ਕਰਦੀ ਹੈ। ਭਾਰਤੀ ਕਲਾ-ਸਿਧਾਤ ਵਿਚ ਇਸ ਨੂੰ ਕਵਿਤਾ ਦਾ ਸ਼ਿੰਗਾਰ-ਰੂਪ ਦਾ ਦਰਜਾ ਦਿਤਾ ਗਿਆ ਹੈ। ਇਹ ਬਿੰਬਾਵਲੀ ਦਾ ਪੰਜਵਾਂ ਗੁਣ ਹੈ। ਕਲਾ ਜੀਵਨ ਵਿਚੋਂ ਉਗਮਦੀ ਹੈ ਅਤੇ ਜੀਵਨ ਨੂੰ ਹੀ ਨਿਰੂਪਣ ਕਰਨਾ ਇਸ ਦਾ ਆਸ਼ਾ ਹੈ। ਕਲਾਕਾਰ ਇਸ ਦਿਸਦੇ ਜੀਵਨ ਵਾਂਗ ਹੀ ਕਲਪਨਾ ਤੇ ਆਧਾਰਤ ਜੀਵਨ ਪੇਸ਼ ਕਰਦਾ ਹੈ। ਇਹ ਜੀਵਨ ਦਿਸਦੀ ਅਸਲੀਅਤ ਨਾਲੋਂ ਭਿੰਨ ਵੀ ਹੁੰਦਾ ਹੈ ਅਤੇ ਉਸ ਨਾਲ ਇਕ-ਸੁਰ ਵੀ ਹੁੰਦਾ ਹੈ। ਇਸ ਵਿਚ ਵਾਧੂ ਕੇਵਲ ਕਲਾਕਾਰ ਦੀ ਆਤਮਾ ਹੁੰਦੀ ਹੈ।

ਨਾਟਕ-ਕਾਰ, ਨਾਵਲ-ਕਾਰ ਜੀਵਨ ਨੂੰ ਕਹਾਣੀ ਰਾਹੀਂ ਉਸ ਤਰ੍ਹਾਂ ਰੂਪਮਾਨ ਕਰ ਸਕਦੇ ਹਨ। ਪਰ ਕਵਿਤਾ ਇਸ ਤਰ੍ਹਾਂ ਨਹੀਂ ਕਰਦੀ ਉਹ ਬਿੰਬਾਵਲੀ ਜੀਵਨ ਦੀ ਉਹ ਉੱਚਤਮ, ਮਹੱਤਤਾ ਪੂਰਨ ਅਤੇ ਮਹਾਨ ਘਟਨਾਵਾਂ ਨੂੰ ਪੇਸ਼ ਕਰਦੀ ਹੈ ਜਿਸ ਰਾਹੀਂ ਕਵੀ ਦੀ ਆਤਮਾ ਅਤੇ ਜੀਵਨ ਦੋਵੇਂ ਝਲਕ ਪੈਂਦੇ ਹਨ ਇਸ ਲਈ ਬਿਬਾ-ਵਲੀ ਕੇਵਲ ਕਵਿਤਾ ਦਾ ਸ਼ਿੰਗਾਰ ਜਾਂ ਮਨੋਭਾਵ ਪ੍ਰਗਟਾਉਣ ਦੇ ਸਾਧਨ ਹੀ ਨਹੀਂ ਸਗੋਂ ਜੀਵਨ ਨੂੰ ਇਸ ਦੇ ਪੜਦੇ ਵਿਚ ਰੂਪਮਾਨ ਕਰਨਾ ਹੈ। ਬਿੰਬਾਵਲੀ ਕਵੀ ਦਾ ਪੇਸ਼ ਕੀਤਾ ਜੀਵਨ ਹੈ ਜਿਸ ਵਿਚੋਂ ਕਵਿਤਾ ਦੀ ਆਤਮਾ, ਜੀਵਨ ਜੀ ਅਸਲੀਅਤ ਅਤੇ ਕਵੀ ਦੀ ਆਤਮਾ ਦਾ ਪ੍ਰਕਾਸ਼ ਹੋਣਾ ਹੈ। ਇਹ ਬਿੰਬਾਵਲੀ ਦਾ ਇਕ ਮਹਾਨ ਗੁਣ ਹੈ। ਬਿੰਬਾਵਲੀ ਲਈ ਜਿਥੇ ਇਹ ਜ਼ਰੂਰੀ ਹੈ ਕਿ ਉਹ ਕਵੀ ਦਾ ਜੀਵਨ ਸੰਬੰਧੀ ਦ੍ਰਿਸ਼ਟੀ-ਕੋਣ ਅਤੇ ਕਵੀ ਦੀ ਆਤਮਾ ਨੂੰ ਪ੍ਰਕਾਸ਼-ਮਾਨ ਕਰੇ, ਉਥੇ ਉਸ ਲਈ ਇਹ ਹੋਰ ਵੀ ਜ਼ਰੂਰੀ ਹੈ ਕਿ ਸਮੇਂ ਦੀ ਆਤਮਾ ਦਾ ਜਾਂ ਸਮੇਂ ਦਾ ਕੋਈ ਵਿਸ਼ੇਸ਼ ਦ੍ਰਿਸ਼ਟੀਕੋਨ ਝਲਕ ਪਏ। Eliot, 'Sense of his age,' ਭਾਵ ਇਹ ਗੁਣ ਨੂੰ ਬਿੰਬਾਵਲੀ ਕਲਾ ਦੀਆਂ ਸਿਖਰਾਂ ਤੇ ਉਸ ਵੇਲੇ ਪੁਚਾਉਂਦਾ ਹੈ ਜਦ ਕਵੀ ਆਪਣੇ ਸਮੇਂ ਦੀ ਆਤਮਾ ਤੋਂ ਭਲੀ ਭਾਤ ਚੇਤੰਨ ਹੋਵੇ। ਅਜ ਦੀ ਬਿੰਬਾਵਲੀ ਅਤੇ ਫ਼ਰੀਦ ਦੀ ਬਿੰਬਾਵਲੀ ਵਿਚ ਢੇਰ ਅੰਤਰ ਦਾ ਕਾਰਨ ਆਧੁਨਿਕ ਕਾਲ ਅਤੇ ਮਧ-ਕਾਲੀਨ ਕਾਲ ਵਿਚ ਜੀਵਨ-ਸੰਬੰਧੀ ਦ੍ਰਿਸ਼ਟੀਕੋਨ ਦਾ ਹੈ। ਸੋ ਕਲਾ ਦੇ ਪਖ ਤੋਂ ਬਿੰਬਾਵਲੀ ਵਿਚ ਇਹ ਗੁਣ ਤਾਂ ਹੀ ਉਪਜ ਸਕਦਾ ਹੈ ਜੇ ਕਵੀ ਸੁਚੇਤ ਹੋ ਕੇ ਆਪਣੀ ਬਿੰਬਾਵਲੀ ਦੀ ਚੋਣ ਕਰੇ। ਇਹ ਬਿੰਬਾਵਲੀ ਦਾ ਛੇਵਾਂ ਗੁਣ ਮੰਨਿਆ ਜਾ ਸਕਦਾ ਹੈ। ਚਿਤਰਕਾਰ ਕਲ ਰੰਗਾਂ ਦੀ ਖਿਚ ਹੈ, ਜਿਸ ਰਾਹੀਂ ਉਹ ਮਨੁੱਖੀ ਮਨੋਭਾਵਾਂ ਨੂੰ ਭਿੰਨ ਭਿੰਨ ਰੰਗਾਂ ਰਾਹੀਂ ਪ੍ਰਗਟਾਉਂਦਾ ਹੈ। ਕਵੀ ਕੋਲ ਸ਼ਬਦ ਹਨ, ਇਹ ਸ਼ਬਦਾਂ ਦੀ ਧੁਨੀ ਅਤੇ ਅਰਥਾਂ ਰਾਹੀਂ ਆਪਣੇ ਭਾਵ ਪ੍ਰਗਟਾਉਂਦੀ ਹੈ। ਇੰਦਰਈ ਅਨੁਭਵ ਨੂੰ ਚਿਤ੍ਰਕਾਰ ਰੰਗਾਂ ਦੀ ਛੋਹ ਨਾਲ ਅਤੇ ਰੇਖਾ ਦੀ ਸਹਾਇਤਾ ਨਾਲ ਚਿਤ੍ਰਦਾ ਹੈ। ਕਵੀ ਕੋਲ ਇਸ ਮੰਤਵ ਲਈ ਬਿੰਬਾਵਲੀ ਤੋਂ ਵੱਡਾ ਸਹਾਇਕ ਕੋਈ ਨਹੀਂ। ਉਸ ਨੇ ਪੰਜ ਪ੍ਰਕਾਰ ਦੇ ਇੰਦਰਈ ਅਨੁਭਵ ਦੀ ਧੁਨੀ ਅਤੇ ਅਰਥਾਂ ਦੀ ਸਹਾਇਤਾ ਨਾਲ ਉਸਾਰੀ ਬਿੰਬਾਵਲੀ ਰਾਹੀਂ ਨਿਰੂਪਣ ਕਰਨਾ ਹੈ। ਆਮ ਕਵੀ ਤਾਂ ਦ੍ਰਿਸ਼ਟੀ, ਇੰਦਰਈ ਅਨੁਭਵ ਨੂੰ ਹੀ ਪ੍ਰਗਟਾਉਣ ਯੋਗ ਹੁੰਦਾ ਹੈ! ਪਰ Keats ਵਰਗੇ ਮਹਾਨ ਕਵੀ ਪੰਜੇ ਪ੍ਰਕਾਰ ਦੇ ਇੰਦਰਈ ਅਨੁਭਵ ਨੂ ਕਲਾ ਦੇ ਸ਼ਿਖਰ ਤੇ ਜਾ

ਕੇ ਨਿਰੂਪਣ ਕਰਦੇ ਹਨ। ਬਿੰਬਾਵਲੀ ਵਿਚ ਇਹ ਬਹੁਪੱਖੀ ਗੁਣ ਕਿਸੇ ਕਵੀ ਵਿਚ ਹੀ ਰੂਪਮਾਨ ਹੁੰਦਾ ਹੈ। ਇਹ ਬਿੰਬਾਵਲੀ ਦਾ ਸੱਤਵਾਂ ਗੁਣ ਹੈ। ਪੁਰਾਤਨ ਕਵਿਤਾ ਵਿਚ ਕਵਿਤਾ ਦਾ ਘੇਰਾ ਵਿਸ਼ੇਸ਼ ਵਿਸ਼ਿਆਂ ਤੀਕ ਸੀਮਤ ਸੀ; ਆਧੁਨਿਕ ਯੁਗ ਵਿਚ ਕਵਿਤਾ ਦਾ ਖੇਤਰ ਬਹੁਤ ਹੀ ਚੌੜਾ ਹੋ ਗਿਆ ਹੈ। ਅਜੋ ਕਵੀ ਆਪਣੇ ਸਾਧਾਰਨ ਮਨੋਂਭਾਵ ਨੂੰ ਪ੍ਰਗਟਾਉਣ ਤੀਕ ਸੀਮਤ ਨਹੀਂ। ਉਸ ਮਨ ਦੇ ਅੰਤਹਕਰਣ ਦੀਆਂ ਗਹਿਰਾਈਆਂ ਨੂੰ ਵੀ ਕਵਿਤਾ ਦੇ ਘੇਰੇ ਵਿਚ ਪ੍ਰਵੇਸ਼ ਕਰ ਚੁਕਾ ਹੈ। ਸੁਭਾਵਿਕ ਸੀ ਕਿ ਆਧੁਨਿਕ ਯੁਗ ਦੀ ਬਿੰਬਾਵਲੀ ਵਿਚ ਵੀ ਬਹੁਤ ਚੁੜੱਤਣ ਆ ਜਾਂਦੀ ਹੈ। ਬਿੰਬਾਵਲੀ ਨੂੰ ਅਚੇਤ ਮਨ ਅਤੇ ਅਰਧ ਚੇਤਨ ਮਨ ਦੀਆਂ ਡੂੰਘਾਣਾਂ ਨੂੰ ਪ੍ਰਗਟ ਕਰਨ ਲਈ ਵਰਤਣਾ ਅਜ ਦੀ ਵਿਸ਼ੇਸ਼ ਸਮੱਸਿਆ ਹੈ। ਇਕ ਪਾਸੇ ਕਲਾ ਦੀ ਸੁੰਦਰਤਾ, ਸਮੂਹੀਪਨ, ਆਦਿ ਗੁਣ ਹਨ, ਦੂਸਰੇ ਪਾਸੇ ਵਿਸ਼ਾਲ ਅਨੁਭਵ। ਇਸ ਦਾ ਸਿੱਟਾ ਇਹ ਨਿਕਲਿਆ ਕਿ ਬਿੰਬਾਵਲੀ ਵਿਚ ਉਹ ਸੂਖਮਤਾ ਅਤੇ ਕੋਮਲਤਾ ਆ ਗਈ ਜਿਹੜੀ ਪਹਿਲੇ ਅਨੁਭਵ ਤਕ ਨਹੀਂ ਕੀਤੀ ਗਈ ਸੀ। ਅਗੇ ਬਿੰਬਾਵਲੀ ਦਾ ਘੇਰਾ ਪਰੰਪਰਾ ਅਤੇ ਸਥਾਪਤ ਕੀਤੀਆਂ ਲੀਹਾਂ ਤੀਕ ਹੀ ਸੀਮਤ ਸੀ, ਪਰ ਹੁਣ ਬਿੰਬਾਵਲੀ ਦਾ ਘੇਰਾ ਅਕਾਸ਼ ਵਾਂਗ ਅਸੀਮਤ ਹੈ। ਆਧਨਿਕ ਯੁਗ ਦੀ ਬਿੰਬਾਵਲੀ ਦਾ ਸਭ ਤੋਂ ਵੱਡਾ ਗੁਣ ਉਪਰ ਆਏ ਗੁਣਾਂ ਦੇ ਨਾਲ ਇਸ ਦਾ ਸੂਖਮਪਨ ਅਤੇ ਬਾਰੀਕੀ ਹੈ। ਇਹ ਗੁਣ ਕਿਸੇ ਮਹਾਨ ਕਵੀ ਵਿਚ ਹੀ ਹੋ ਸਕਦਾ ਹੈ। ਬਿੰਬਾਵਲੀ ਵਿਚ ਮੌਲਿਕਤਾ-ਗੁਣ ਵੀ ਵਿਸ਼ੇਸ਼ ਕਰਕੇ ਆਧੁਨਿਕ ਯੁਗ ਵਿਚ ਪ੍ਰਗਟ ਹੋਇਆ ਹੈ। ਪੁਰਾਤਨ ਕਵੀ ਵਿਚ ਸਥਾਪਤ ਬਿੰਬਾਵਲੀ ਤੇ ਹੀ ਨਿਜੀ ਛਾਪ ਲਾਉਣੀ ਕਵਿਤਾ ਦੀ ਮਹਾਨਤਾ ਸੀ ਪਰ ਆਧੁਨਿਕ ਯੁਗ ਵਿਚ ਮੌਲਿਕ ਬਿੰਬਾਵਲੀ ਦੀ ਵਰਤੋਂ ਵਿਚ ਉਪਰਲੇ ਸਾਰੇ ਗੁਣ ਭਰ ਦੇਣੇ ਕਵੀ ਦੀ ਮਹਾਨਤਾ ਦਾ ਸੂਚਕ ਹੈ। ਮੌਲਿਕਤਾ ਦੇ ਨਾਲ ਬਿੰਬਾਵਲੀ ਦਾ ਇਕ ਹੋਰ ਵਿਸ਼ੇਸ਼ ਗੁਣ ਸੱਜਰਾਪਨ ਹੈ। ਪੁਰਾਤਨ ਕਵੀਆਂ ਵਿਚ ਵਿਸ਼ੇ ਅਤੇ ਅਨੁਭਵ ਦੀ ਮਹਾਨਤਾ ਨਾਲ ਇਹ ਗੁਣ ਉਪਜ ਪੈਂਦਾ ਸੀ, ਪਰ ਆਧੁਨਿਕ ਕਾਵਿ ਵਿਚ ਇਹ ਗੁਣ ਸਫਲ ਮੌਲਿਕ ਬਿੰਬਾਵਲੀ ਹੀ ਉਪਜਾ ਸਕਦਾ ਹੈ। ਪ੍ਰੋ: ਪੂਰਨ ਸਿੰਘ ਦੀ ਉਦਾਹਰਣ ਇਸ ਪੱਖ ਵਿਚ ਇਕ ਵਿਸ਼ੇਸ਼ ਉਦਾਹਰਣ ਹੈ।

ਸਮੁੱਚੇ ਤੌਰ ਤੇ ਬਿੰਬਾਵਲੀ ਦੀ ਮਹਾਨਤਾ ਕਵਿਤਾ ਦੀ ਮਹਾਨਤਾ ਹੈ। ਇਕ ਪਾਸੇ ਕਵੀ ਦਾ ਜੀਵਨ ਅਨੁਭਵ ਅਤੇ ਦੂਸਰੇ ਪਾਸੇ ਬਿੰਬਾਵਲੀ, ਜਿਸ ਵੇਲੇ ਦੋਹਾਂ

ਦਾ ਸੁਮੇਲ ਹੁੰਦਾ ਹੈ ਤਾਂ ਇਕ ਮਹਾਨ ਕਲਾ ਆਪਣੀ ਸੁੰਦਰਤਾ ਸਹਿਤ ਕਲਾ ਸੰਸਾਰ ਵਿਚ ਪ੍ਰਵੇਸ਼ ਕਰਦੀ ਹੈ। ਇਸ ਲਈ ਜਿਥੇ ਇਕ ਮਹਾਨ ਕਵੀ ਦੀ ਮਹਾਨਤਾ ਉਸ ਦੇ ਜੀਵਨ ਅਨੁਭਵ ਤੇ ਨਿਰਭਰ ਹੈ, ਉਥੇ ਨਾਲ ਹੀ ਉਸ ਦੀ ਵਰਤੋਂ ਵਿਚ ਲਿਆਉਂਦੀ ਮਹਾਨ ਬਿੰਬਾਵਲੀ ਤੇ ਵੀ ਨਿਰਭਰ ਹੈ। ਇਕ ਮਹਾਨ ਕਵੀ ਕੋਲ ਆਲੋਚਨਾਤਮਕ ਪੱਖ ਤੋਂ ਇਹ ਸਾਡੀ ਪਹਿਲੀ ਮੰਗ ਹੋਣੀ ਚਾਹੀਦੀ ਹੈ।

ਬਿੰਬਾਵਲੀ ਦੀਆਂ ਤਿੰਨ ਮੁਖ ਸ਼੍ਰੇਣੀਆਂ ਪੰਜਾਬੀ ਕਾਵਿ-ਸਾਹਿੱਤ ਵਿਚ ਲੱਭੀਆਂ ਜਾ ਸਕਦੀਆਂ ਹਨ। ਉਹ ਮੁਖ ਸ਼੍ਰੇਣੀਆਂ ਅਲੰਕਾਰ, ਰੂਪਕ ਅਤੇ ਚਿੰਨ੍ਹਾਂ ਵਿਚ ਵੰਡੀਆਂ ਜਾ ਸਕਦੀਆਂ ਹਨ। ਅਲੰਕਾਰ ਦਾ ਆਧਾਰ, ਜੇ ਜ਼ਰਾ ਡੂੰਘਾਈ ਨਾਲ ਵੇਖਿਆ ਜਾਏ ਤਾਂ ਵਸਤੂ ਜੀਵਨ ਜਾਂ ਕੋਈ ਪਦਾਰਥ ਹੁੰਦਾ ਹੈ, ਜਿਸ ਨੂੰ ਅਲੰਕਾਰ ਦਾ ਆਧਾਰ ਬਣਾਇਆ ਜਾਂਦਾ ਹੈ। ਇਸੇ ਕਰਕੇ ਅਲੰਕਾਰ ਨੂੰ ਗਹਿਣਾ ਜਾਂ ਭੂਸ਼ਣ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਕੇਵਲ ਕਵੀ ਦੇ ਪ੍ਰਗਟਾਏ ਜਾ ਰਹੇ ਮਨੋਭਾਵਾਂ ਦੇ ਨਿਰੂਪਣ ਵਿਚ ਬਹੁਤਾ ਸਜਾਵਟ ਦਾ ਹੀ ਕੰਮ ਕਰਦੇ ਹਨ। ਜਿਥੇ ਮਨੋਭਾਵਾਂ ਨੂੰ ਪ੍ਰਕਾਸ਼ਮਾਨ ਵੀ ਕਰ ਰਹੇ ਹੁੰਦੇ ਹਨ, ਉਥੇ ਵੀ ਇਹ ਇਕ ਸੁੰਦਰਤਾ ਦੀ ਮੂਰਤ ਹੁੰਦੇ ਹਨ। ਅਲੰਕਾਰਾਂ ਦੀਆਂ ਅਗੋਂ ਕਈ ਮੁਖ ਸ਼੍ਰੇਣੀਆਂ ਕੀਤੀਆਂ ਜਾਂਦੀਆਂ ਹਨ। ਭਾਰਤੀ ਕਾਵਿ-ਸਿਧਾਂਤ ਦਾ ਵਿਸ਼ੇਸ਼ਤਮ ਭਾਗ ਅਲੰਕਾਰ ਸਿਧਾਂਤ ਨਾਲ ਸੰਬੰਧਤ ਹੈ। ਉਪਮਾ, ਦ੍ਰਿਸ਼ਟਾਂਤ, ਦੀਪਕ ਆਦਿ ਕਈ ਪਰਕਾਰ ਦੇ ਅਲੰਕਾਰ ਹਨ। ਪ੍ਰਕ੍ਰਿਤੀ ਨੂੰ ਅਲੰਕਾਰ ਦਾ ਆਧਾਰ ਕਰਕੇ ਵਰਤਣਾ ਕਾਵਿਕ ਆਸ਼ੇ ਤੋਂ ਸਲਾਹਿਆ ਜਾਂਦਾ ਹੈ ਕਿਉਂ ਜੋ ਸਮੁੱਚੀ ਮਨੁੱਖ ਜਾਤੀ ਪ੍ਰਕ੍ਰਿਤੀ ਨਾਲ ਸੰਬੰਧਤ ਹੈ। ਅਲੰਕਾਰਾਂ ਦੀਆਂ ਮੁਖ-ਸ਼੍ਰੇਣੀਆਂ ਸ਼ਬਦ-ਅਲੰਕਾਰ, ਧੁਨੀ-ਅਲੰਕਾਰ ਅਤੇ ਅਰਥ ਅਲੰਕਾਰ ਮੰਨੇ ਜਾਂਦੇ ਹਨ।

ਰੂਪਕ ਦਾ ਆਧਾਰ ਵਿਸ਼ੇਸ਼ ਕਰਕੇ ਇਕ ਵਿਚਾਰ ਤੇ ਨਿਰਭਰ ਹੁੰਦਾ ਹੈ। ਕਵੀ ਆਪਣੇ ਸਾਰੇ ਵਿਚਾਰ ਨੂੰ ਸਿੱਧਾ ਕਹਿਣ ਦੀ ਥਾਂ ਰੂਪਕ ਰਾਹੀਂ ਪ੍ਰਗਟਾਉਂਦਾ ਹੈ। ਉਸ ਵਿਚ ਇਸ ਤਰ੍ਹਾਂ ਇਕ ਵਿਸ਼ੇਸ਼ ਸੁੰਦਰਤਾ ਜਿਹੀ ਆ ਜਾਂਦੀ ਹੈ। ਅਤੇ ਮਨੋਭਾਵਾਂ ਦੀ ਬਾਰੀਕੀ ਵੀ ਆਪਣੇ ਆਪ ਪ੍ਰਕਾਸ਼ਮਾਨ ਹੋ ਜਾਂਦੀ ਹੈ। ਰੂਪਕ ਨੂੰ Aristotle ਪ੍ਰਭਾਵਸ਼ਾਲੀ ਕਵੀ ਦੀ ਰੱਬੀ ਦਾਤ ਸਮਝਦਾ ਹੈ। ਰੂਪਕ ਦੀ ਸਫ਼ਲ ਵਰਤੋਂ ਕਰ ਲੈਣੀ ਇਕ ਮਹਾਨ ਪ੍ਰਤਿਭਾ ਦਾ ਸੂਚਕ ਹੈ। ਬਾਬਾ ਫ਼ਰੀਦ ਵਰਗੇ ਕਵੀ ਤਾਂ ਇਸ ਦੀ ਉਚੇਚ ਨਾਲ ਵਰਤੋਂ ਕਰਦੇ ਹਨ। ਅਲੰਕਾਰ ਇਕ ਸਜਾਵਟ

ਤੀਕ ਹੀ ਸੀਮਤ ਰਹਿ ਜਾਂਦੇ ਹਨ, ਪਰ ਰੂਪਕ ਕਵਿਤਾ ਦੀ ਅੰਤ੍ਰੀਵ ਆਤਮਾ ਨੂੰ ਨੰਗਾ ਕਰ ਦਿੰਦੇ ਹਨ। ਸੋ ਕਿਸੇ ਕਵੀ ਵਿਚ ਇਹ ਵਿਸ਼ੇਸ਼ ਅਤੇ ਸਫਲ ਵਰਤੋਂ ਉਸ ਦੀ ਮਹਾਨਤਾ ਦੀ ਸੂਚਕ ਹੁੰਦੀ ਹੈ। ਰੂਪਕ ਦਾ ਸਭ ਤੋਂ ਵੱਡਾ ਗੁਣ ਸ੍ਵੈ-ਵਿਆਖਿਆ ਅਤੇ ਪ੍ਰਭਾਵਕ ਸ਼ਕਤੀ ਮੰਨਣਾ ਚਾਹੀਦਾ ਹੈ। ਚਿੰਨ੍ਹ ਵਿਚ ਵੀ ਇਹੀ ਗੁਣ ਹੁੰਦਾ ਹੈ, ਪਰ ਉਸ ਦੀ ਨੋਕ ਤੀਖਣ ਹੁੰਦੀ ਹੈ ਕਿਉਂਕਿ ਉਹ ਇਕ ਸ਼ਬਦ ਨਾਲ ਹੀ ਆਪਣੇ ਮੰਤਵ ਦੀ ਪੂਰਤੀ ਕਰ ਜਾਂਦਾ ਹੈ। ਰੂਪਕ ਦਾ ਦੂਸਰਾ ਗੁਣ ਚਿਤਰਨ-ਸ਼ਕਤੀ ਹੈ। ਸਫ਼ਲ ਰੂਪਕ ਦਾ ਆਧਾਰ ਹੀ ਇਕ ਸਫਲ ਚਿੱਤਰ ਤੇ ਹੋਣਾ ਚਾਹੀਦਾ ਹੈ।

ਚਿੰਨ੍ਹ ਦਾ ਆਧਾਰ ਇਕ ਵਿਸ਼ੇਸ਼ ਵਿਚਾਰ-ਧਾਰਾ ਅਤੇ ਮਨੋਭਾਵਾਂ ਤੇ ਨਿਰਭਰ ਹੁੰਦਾ ਹੈ। ਚਿੰਨ੍ਹ ਕਾਵਿਕ ਆਸ਼ੇ ਤੋਂ ਬਹੁਤ ਸਫਲ ਮੰਨਿਆ ਜਾਂਦਾ ਹੈ : ਇਸ ਦੇ ਵਿਸ਼ੇਸ਼ ਗੁਣ ਸ੍ਵੈ-ਵਿਦਿਆ, ਪਰਭਾਵ-ਸ਼ਕਤੀ, ਮਨੋਭਾਵ ਅਤੇ ਬੌਧਿਕ ਅਪੀਲ, ਮਹਾਨ ਜੀਵਨ-ਪੱਖ ਨਾਲ ਸੰਬੰਧ ਆਦਿ ਮੁਖ ਰਖ ਕੇ ਕਹੇ ਜਾ ਸਕਦੇ ਹਨ। ਆਧੁਨਿਕ ਯੁਗ ਵਿਚ ਚਿੰਨ੍ਹ ਦੀ ਮੌਲਿਕ ਵਰਤੋਂ ਦਾ ਰਿਵਾਜ ਪੈ ਗਿਆ ਹੈ; ਪਰ ਉਨ੍ਹਾਂ ਵਿਚ ਵੀ ਹੋਰ ਗੁਣਾਂ ਦੇ ਨਾਲ ਇਹ ਮੁਖ ਚਾਹੀਦੇ ਹਨ।

ਫ਼ਰੀਦ ਜੀ ਦੀ ਕਵਿਤਾ ਵਿਚ ਮੁਖ ਅਲੰਕਾਰ, ਦ੍ਰਿਸ਼ਟਾਂਤ, ਅਤੇ ਪਰਾਸ੍ਰੀਰਕ ਅਲੰਕਾਰ ਕਹੇ ਜਾ ਸਕਦੇ ਹਨ। ਅਸਲ ਵਿਚ ਉਹਨਾਂ ਦੀ ਮਹਾਨਤਾ ਰੂਪਕ ਅਤੇ ਚਿੰਨ੍ਹ ਕਰ ਕੇ ਵਧੇਰੇ ਹੈ ਪਰ ਫਿਰ ਵੀ ਦ੍ਰਿਸ਼ਟਾਂਤ ਅਤੇ ਪ੍ਰਾਸ੍ਰੀਰਕ ਦੀਆਂ ਸੁੰਦਰ ਉਦਾਹਰਨਾਂ ਸਹਿਜੇ ਹੀ ਲੱਭੀਆਂ ਜਾ ਸਕਦੀਆਂ ਹਨ। ਪਰਾਸ੍ਰੀਰਕ ਅਲੰਕਾਰ ਜਾਂ ਰਹੱਸਵਾਦੀ ਵਿਸ਼ਾ ਹੋਣ ਕਰਕੇ ਸੁਭਾਵਕ ਹੀ ਵਰਤੋਂ ਵਿਚ ਆ ਜਾਣਾ ਸੀ। ਪਰਾਸਰੀਰਕ ਅਲੰਕਾਰ ਦਾ ਆਧਾਰ ਆਮ ਮਨੁੱਖੀ ਘਟਨਾਵਾਂ ਅਤੇ ਵਸਤੂਆਂ ਨੂੰ ਬਣਾਇਆ ਗਿਆ ਹੈ। ਜਿਸ ਤਰ੍ਹਾਂ ਕਿ 'ਵੜੇਵਾਂ', 'ਤਿਲ', 'ਗੁੜ', 'ਕਾਗਦ' ਅਤੇ 'ਘੜਿਆਲ' ਆਦਿ ਨੂੰ ਸਦਾਚਾਰਕ ਸਿਖਿਆ ਦੇਣ ਲਈ ਵਰਤਿਆ ਹੈ। ਸਭ ਤੋਂ ਸਫਲ ਅਲੰਕਾਰ ਬਾਬਾ ਫ਼ਰੀਦ ਜੀ ਦਾ ਦ੍ਰਿਸ਼ਟਾਂਤ ਅਲੰਕਾਰ ਕਿਹਾ ਜਾ ਸਕਦਾ ਹੈ। ਅਸਲ ਵਿਚ ਉਨ੍ਹਾਂ ਦੇ ਸ਼ਲੋਕ ਦੀ ਬਹੁਗਿਣਤੀ ਵਿਚ ਪਹਿਲੀ ਲਾਈਨ ਕਿਸੇ ਚਿੱਤਰ ਰਾਹੀਂ ਦ੍ਰਿਸ਼ਟਾਂਤ ਦੇਣ ਦੀ ਹੁੰਦੀ ਹੈ ਅਤੇ ਦੂਸਰੀ ਲਾਈਨ ਵਿਚ ਉਹਨਾਂ ਦਾ ਮੁਖ ਭਾਵ ਉਜਾਗਰ ਹੁੰਦਾ ਹੈ। ਸੋ ਦ੍ਰਿਸ਼ਟਾਂਤ ਦੀ ਮਹਾਨਤਾ ਚਿਤਰ ਦੀ ਪ੍ਰਭਾਵ-ਸ਼ਕਤੀ, ਅਤੇ ਵਿਸ਼ੇ ਦੀ ਸੇਧ ਅਤੇ ਸੰਜਮ ਤੇ ਆਧਾਰਤ ਹੈ। ਸੁੰਦਰਤਾ ਤਾਂ

ਸੁਭਾਵਕ ਹੀ ਅਜਿਹੇ ਅਲੰਕਾਰਾਂ ਵਿਚ ਆ ਗਈ ਹੈ। ਉਦਾਹਰਣ ਵਜੋਂ ਇਕ ਸ਼ਲੋਕ ਦਿੱਤਾ ਜਾ ਸਕਦਾ ਹੈ :—

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ ॥੧੪॥

... .. .. ...

ਫਰੀਦਾ ਰਾਤੀਂ ਵਡੀਆਂ ਧੁਖਿ ਧੁਖਿ ਉਠਨਿ ਪਾਸ ॥
ਧਿਗੁ ਤਿਨ੍ਹਾਂ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥

... ... ... ...

ਕਈ ਥਾਈਂ ਉਪਮਾ ਅਲੰਕਾਰ ਦੀਆਂ ਉਦਾਹਰਨਾਂ ਵੀ ਬਹੁਤ ਸੁੰਦਰ ਹਨ।

ਫਰੀਦ ਜੀ ਦੇ ਰੂਪਕ ਤਾਂ ਪੰਜਾਬੀ ਸਾਹਿੱਤ ਵਿਚ ਆਪਣੀ ਸੁੰਦਰਤਾ ਕਾਰਨ ਇਕ ਵਿਸ਼ੇਸ਼ ਸਥਾਨ ਰਖਦੇ ਹਨ। ਇਨ੍ਹਾਂ ਦੇ ਰੂਪਕਾਂ ਦਾ ਆਧਾਰ ਬਹੁਤ ਕਰ ਕੇ ਪ੍ਰਕ੍ਰਿਤੀ ਜਾਂ ਜਾਣੀਆ ਪਛਾਣੀਆਂ ਵਸਤੂਆਂ ਜਾਂ ਜੀਵਾਂ ਨੂੰ ਰਖਿਆ ਗਿਆ ਹੈ। ਉਨ੍ਹਾਂ ਦੇ ਰੂਪਕਾਂ ਦਾ ਪਹਿਲਾ ਮਹਾਨ ਗੁਣ ਸੁੰਦਰਤਾ ਹੈ ਜਿਹੜੀ ਕਾਵਿਕ ਆਸ਼ੇ ਤੋਂ ਮਹਾਨਤਾ ਦੀ ਸੂਚਕ ਹੈ। ਰੂਪਕਾਂ ਦਾ ਦੂਜਾ ਗੁਣ ਸ੍ਵੈ-ਵਿਆਖਿਆ ਅਤੇ ਪ੍ਰਭਾਵ ਦੀ ਸ਼ਕਤੀ ਅਤੇ ਤੀਖਣਤਾ ਹੈ। ਕੋਈ ਰੂਪਕ ਅਜਿਹਾ ਨਹੀਂ ਮਿਲਦਾ ਜਿਹੜਾ ਕਠਨ ਜਾਪੇ ਜਾਂ ਜਿਸ ਵਿਚ ਆਪਣੇ ਅੰਦਰ ਲੁਕੇ ਮਨੋਭਾਵ ਵਿਚਾਰ ਨੂੰ ਉਜਾਗਰ ਕਰਨ ਦੀ ਸ਼ਕਤੀ ਨਾ ਹੋਵੇ। ਰੂਪਕਾਂ ਦਾ ਤੀਸਰਾ ਗੁਣ ਉਨ੍ਹਾਂ ਜੀਵਨ ਦੇ ਕਿਸੇ ਵਿਸ਼ੇਸ਼ ਪੱਖ ਨੂੰ ਪ੍ਰਕਾਸ਼ਮਾਨ ਕਰਨ ਕਰਕੇ ਹੈ। ਸਾਧਾਰਨ ਮਨੋਭਾਵਾਂ ਜਾਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਰੂਪਕ ਨਹੀਂ ਵਰਤੇ ਗਏ। ਸਗੋਂ ਇਕ ਮਹਾਨ ਆਸ਼ੇ ਦੀ ਪੂਰਤੀ ਲਈ ਵਰਤੇ ਹਨ। ਫਰੀਦ ਜੀ ਦੇ ਰੂਪਕਾਂ ਦਾ ਚੌਥਾ ਗੁਣ ਸਾਰਥਕਤਾ ਹੈ ਅਤੇ ਸਪਸ਼ਟਤਾ ਹੈ। ਇਹ ਗੁਣ ਮਹਾਨ ਜੀਵਨ-ਅਨੁਭਵ ਤੋਂ ਬਿਨਾਂ ਕਿਸੇ ਕਵੀ ਵਿਚ ਸਹਿਜੇ ਨਹੀਂ ਆ ਸਕਦਾ। ਫਰੀਦ ਜੀ ਦੇ ਬਹੁਤ ਰੂਪਕ ਤਾਂ ਸ਼ਲੋਕਾਂ ਦੀਆਂ ਦੋ ਲਾਈਨਾਂ ਤੀਕ ਹੀ ਸੀਮਤ ਹੁੰਦੇ ਹਨ। ਪਰ ਪੰਜਾਬੀ ਸਾਹਿਤ ਵਿਚ ਲੰਮੇਰੇ ਰੂਪਕ ਵਰਤਣ ਵਿਚ ਇਕ ਸਫਲ ਅਤੇ ਮਹਾਨ ਪਹਿਲ ਦੀ ਉਦਾਹਰਣ ਫਰੀਦ ਜੀ ਦੇ ਉਨ੍ਹਾਂ ਰੂਪਕਾਂ ਵਿਚੋਂ ਲੱਭੀ ਜਾ ਸਕਦੀ ਹੈ ਜਿਹੜੇ ਸਮੁੱਚੇ ਸ਼ਬਦ ਤੇ ਆਧਾਰਤ ਹਨ ਜਾਂ ਸ਼ਲੋਕ ਦੀਆਂ ਦੋ ਵਧ ਲਾਈਨਾਂ ਤੇ। ਲੰਮੇਰੇ ਰੂਪਕ ਦੀ ਮਹਾਨਤਾ ਵੀ ਮਹਾਨ ਵਿਚਾਰ ਜਾਂ ਜੀਵਨ ਦੇ ਮਹਾਨ ਪੱਖ ਤੇ ਨਿਰਭਰ ਕਰਦੀ

ਹੈ। ਆਧੁਨਿਕ ਕਵਿਤਾ ਵਾਲੀ ਇਸ ਦੀ ਰੁਚੀ ਬਹੁਤ ਵਧ ਗਈ ਹੈ, ਪਰ ਫ਼ਰੀਦ ਜੀ ਵਾਲਾ ਮਹਾਨ ਜੀਵਨ-ਅਨੁਭਵ ਦਾ ਗੁਣ ਹਾਲੀ ਉਜਾਗਰ ਹੋਇਆ ਨਹੀਂ ਪ੍ਰਤੀਤ ਹੁੰਦਾ, ਲੰਮੇਰੇ ਰੂਪਕ ਦੀ ਉਦਾਹਰਣ ਵੇਖੋ :—

ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥

ਛੋਟੇ ਰੂਪਕਾਂ ਦੀਆਂ ਉਦਾਹਰਨਾਂ ਅਨੇਕ ਲਭੀਆਂ ਜਾ ਸਕਦੀਆਂ ਹਨ।

ਫ਼ਰੀਦ ਜੀ ਦੀ ਕਵਿਤਾ ਦਾ ਇਕ ਵਿਸ਼ੇਸ਼ ਪੱਖ ਹੀ ਚਿੰਨ੍ਹਵਾਦ ਹੈ। ਉਨ੍ਹਾਂ ਭਾਰਤੀ ਵਿਚਾਰਧਾਰਾ ਅਤੇ ਅਸਲਾਮੀ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਚਿੰਨ੍ਹਾਂ ਦੀ ਸਹਾਇਤਾ ਹੀ ਲਈ। ਪਤੀ, ਪ੍ਰਮਾਤਮਾ, ਇਸਤ੍ਰੀ ਦਾ ਸੰਬੰਧ ਭਾਰਤੀ ਚਿੰਨ੍ਹਾਂ ਰਾਹੀਂ ਪ੍ਰਗਟਾਇਆ ਹੈ। ਅਸਲਾਮੀ ਵਿਚਾਰਧਾਰਾ ਅਨੁਸਾਰ ਮੌਤ ਦੇ ਵਿਸ਼ੇ ਨੂੰ ਚਿੰਨ੍ਹਾਂ ਰਾਹੀਂ ਵਰਨਣ ਕੀਤਾ ਹੈ। ਉਨ੍ਹਾਂ ਦੇ ਚਿੰਨ੍ਹ ਦੇ ਗੁਣ ਸ੍ਵੈ-ਵਿਆਖਿਆ, ਭਾਵਕ ਅਤੇ ਬੌਧਿਕ ਅਪੀਲ ਸਪੱਸ਼ਟਤਾ ਅਤੇ ਸਾਦਗੀ, ਮਹਾਨ ਜੀਵਨ ਸੰਬੰਧ, ਪ੍ਰਭਾਵ ਦੀ ਪ੍ਰਬਲਤਾ, ਤਿੱਖੀ ਨੋਕ ਤੇ ਪਰੰਪਰਾਈ ਸ਼ਕਤੀ ਕਹੇ ਜਾ ਸਕਦੇ ਹਨ। ਚਿੰਨ੍ਹਾਂ ਦੀ ਵਰਤੋਂ ਕਾਵਿਕ ਆਸ਼ੇ ਤੋਂ ਬਹੁਤ ਸਫਲ ਕੀਤੇ ਜਾਣ ਦਾ ਕਾਰਨ ਚਿੰਨ੍ਹਾਂ ਦਾ ਸੰਬੰਧ ਵਿਸ਼ੇਸ਼ ਸਥਾਨ ਨਾਲ ਨਾ ਹੋਣ ਕਰ ਕੇ ਸਮੁੱਚੀ ਮਨੁੱਖ ਜਾਤੀ ਜਾਂ ਪ੍ਰਕ੍ਰਿਤੀ ਨਾਲ ਹੈ ਪ੍ਰਭਾਵ ਦੀ ਡੂੰਘਾਈ ਅਤੇ ਤੀਖਣਤਾ ਵੀ ਇਸੇ ਕਰਕੇ ਹੈ।

ਸਮੁੱਚੇ ਤੌਰ ਤੇ ਫ਼ਰੀਦ ਜੀ ਦੀ ਬਿੰਬਾਵਲੀ ਵਿਚ ਉਹ ਸਾਰੇ ਗੁਣ ਹਨ ਜਿਨ੍ਹਾਂ ਦਾ ਵਰਨਣ ਉਪਰ ਕੀਤਾ ਗਿਆ ਹੈ। ਵਿਸ਼ੇਸ਼ ਕਰਕੇ ਉਹ ਗੁਣ ਜਿਹੜੇ ਕਾਵਿਕ ਸੁੰਦਰਤਾ, ਵਿਸ਼ੇ ਤੇ ਆਤਮਾ, ਮਨੋਭਾਵਾਂ ਦੇ ਇੰਨ ਬਿੰਨ ਪ੍ਰਗਟਾ ਸਪਸ਼ਟਤਾ ਅਤੇ ਸਾਦਗੀ ਕਹੇ ਜਾ ਸਕਦੇ ਹਨ। ਮਹਾਨ ਜੀਵਨ ਅਨੁਭਵ ਅਤੇ ਮਹਾਨ ਕਾਵਿਕ ਅੰਸ਼, ਸਫਲ ਬਿੰਬਾਵਲੀ ਦਾ ਸੁਮੇਲ ਉਨ੍ਹਾਂ ਦੀ ਮਹਾਨਤਾ ਨੂੰ ਕਦੀ ਅੱਖੋਂ ਉਹਲ ਨਹੀਂ ਹੋਣ ਦੇਏਗਾ।

ਪ੍ਰ: ਦਰਸ਼ਨ ਸਿੰਘ—

# ਫ਼ਰੀਦ ਦੀ ਬਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ

## (ਵਿਚਾਰ ਪੱਖ ਤੋਂ)

ਫ਼ਰੀਦ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਕੇਵਲ ਉਸ ਦੀ ਪ੍ਰਾਥਮਤਾ ਕਰ ਕੇ ਹੀ ਨਹੀਂ ਬਲਕਿ ਇਸ ਕਰਕੇ ਭੀ ਕਿ ਉਸਨੇ ਪੰਜਾਬੀ ਸਾਹਿੱਤ ਜੀਵਨ ਅਰਥਾਤ ਸਿਧਾਂਤ-ਖੇਤ੍ਰ ਨੂੰ ਇਕ ਵਿਸ਼ੇਸ਼ ਸਿਧਾਂਤ ਅਥਵਾ ਜੀਵਨ-ਸਿਧਾਂਤ ਤੋਂ ਜਾਣੂ ਕਰਾਇਆ ਹੈ। ਸੂਫ਼ੀ ਸਿਧਾਂਤ ਯਾ ਸਾਧਨਾ-ਮਾਰਗ, ਜਿਸਦਾ ਪ੍ਰਚਾਰ ਅਤੇ ਵਿਸਤਾਰ ਇਸਲਾਮੀ ਦੇਸ਼ਾਂ ਵਿਚ ਦੋ ਤਿੰਨ ਸੌ ਸਾਲਾਂ ਤੋਂ ਹੋ ਰਹਿਆ ਸੀ, ਇਕ ਵਿਸ਼ੇਸ਼ ਮਾਰਗ ਹੈ ਅਤੇ ਬਾਹਰਵੀਂ ਤੇਰ੍ਹਵੀਂ ਸਦੀ ਨੂੰ ਇਸ ਦੇ ਉੱਥਾਨ ਦਾ ਸ੍ਵਰਣ-ਕਾਲ ਮੰਨਿਆ ਜਾਂਦਾ ਹੈ। ਇਸ ਕਾਲ-ਖੰਡ ਵਿਚ ਇਸ ਵਿਸ਼ੇਸ਼ ਮਾਰਗ ਨੇ ਦੁਨੀਆਂ ਦੇ ਬਹੁਤੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਪ੍ਰਭਾਵ ਦੀ ਅਭਿਵਿਅੰਜਨਾ ਇਸਲਾਮੀ ਦੇਸ਼ਾਂ ਤੋਂ ਵਿਪਰੀਤ ਅਫਰੀਕੀ ਦੇਸ਼ਾਂ ਅਤੇ ਇਸ ਤੋਂ ਉਪਰੰਤ ਸਪੇਨ, ਜਰਮਨ ਆਦਿ ਦੇ ਕਲਾਕਾਰਾਂ ਅਥਵਾ ਸਾਹਿਤਕਾਰਾਂ ਨੇ ਕੀਤੀ। ਇਸ ਤਰ੍ਹਾਂ ਸੰਸਾਰ ਪ੍ਰਸਿਧ ਸਾਹਿਤਕਾਰਾਂ ਦੁਆਰਾ ਇਸਦੀ ਅਭਿਵਿਅੰਜਨਾ ਜਿਥੇ ਇਸਦਾ ਸਰਬ-ਪ੍ਰਿਯਤਾ ਦਾ ਸਬੂਤ ਹੈ ਉਥੇ ਇਸਦੀ ਪ੍ਰਭਾਵ-ਸ਼ਕਤੀ ਅਤੇ ਜੀਵਨ ਪ੍ਰਤਿ ਦ੍ਰਿਸ਼ਟੀਕੋਣ ਦੀ ਸਾਰਥਕਤਾ, ਘਟ ਤੋਂ ਘਟ ਆਪਣੇ ਸਮੇਂ ਲਈ, ਦਾ ਪ੍ਰਮਾਣ ਵੀ ਹੈ। ਇਸ ਸਮੇਂ ਤਕ ਸੂਫ਼ੀ-ਮੱਤ ਯਾ ਸਿਧਾਂਤ ਇਕ ਵਿਸ਼ੇਸ਼ ਧਰਮ ਦੀ ਸੀਮਾਂ ਤੋਂ ਵਿਮੁਕਤ ਹੋ ਕੇ

ਸਿਧਾਂਤ ਦਾ ਰੂਪ ਗ੍ਰਹਿਣ ਕਰ ਚੁਕਾ ਸੀ ਅਤੇ ਜਨ-ਸਾਧਾਰਣ ਅਰਥਾਤ ਜਨ-ਵਿਸ਼ੇਸ਼ ਦੇ ਧਿਆਨ ਨੂੰ ਆਪਣੇ ਵਲ ਆਕਰਸ਼ਿਤ ਕਰਨ ਦੀ ਸਮਰਥਾ ਨਾਲ ਭਰਪੂਰ ਸੀ।

ਇਹ ਗਲ ਸਪਸ਼ਟ ਹੀ ਹੈ ਕਿ ਇਸਲਾਮ ਅਤੇ ਇਸ ਉਤੇ ਨਿਰਧਾਰਿਤ ਸੂਫੀ ਮਤ ਵਿਚ ਬੁਨਿਆਦੀ ਅੰਤਰ ਕੋਈ ਨਹੀਂ। ਵਾਸਤਵ ਵਿਚ ਸੂਫੀ ਮਤ ਇਸਲਾਮ ਦਾ ਹੀ ਇਕ ਵਿਕਸਿਤ ਰੂਪ ਹੈ ਯਾ ਦੂਸਰੇ ਸ਼ਬਦਾਂ ਵਿਚ ਇਕੋ ਵਸਤੂ ਦੀ ਪ੍ਰਾਪਤੀ ਦਾ ਵਿਭਿੰਨ ਮਾਰਗ। ਸੂਫੀ ਮਤ ਅਤੇ ਇਸਲਾਮ ਦੀ ਬੁਨਿਆਦੀ ਆਧਾਰ-ਸ਼ਿਲਾ ਅਥਵਾ ਬੁਨਿਆਦੀ ਸਿਧਾਂਤ ਲਕਸ਼ ਪ੍ਰਾਪਤੀ ਦੇ ਸਾਧਨਾਂ ਵਿਚ ਬਹੁਤਾ ਅੰਤਰ-ਮੇਲ ਨਹੀਂ ਹਨ, ਹਾਂ ਪਹੁੰਚ ਦੇ ਪੱਖ ਵਿਚ ਥੋੜੀ ਜਿਹੀ ਵਿਭਿੰਨਤਾ ਜ਼ਰੂਰ ਹੈ। ਆਦਰਸ਼ ਅਰਥਾਤ ਸਾਧਨ-ਮਾਰਗ ਪ੍ਰਤਿ ਪਹੁੰਚ ਅਤੇ ਦ੍ਰਿਸ਼ਟੀਕੋਣ ਵਿਚ ਥੋੜੀ ਜਿਹੀ ਵਿਭਿੰਨਤਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਵੇਦਾਂਤ ਅਤੇ ਸਿੱਧ-ਸੰਪਰਦਾਇ ਵਿਚ ਹੈ। ਇਹ ਦੋਵੇਂ ਸਿਧਾਂਤ ਹੀ ਇਕਸੂਰਵਾਦ ਅਤੇ ਨਿਰਗੁਣ-ਉਪਾਸਨਾ ਦੇ ਅਵਲੰਬੀ ਹਨ ਪਰ ਵੇਦਾਂਤ ਉਸ ਸੂਕਸ਼ਮ ਸ੍ਵਰੂਪ ਪਰਾਤਮਕ ਨੂੰ ਰਾਗਾਤਮਕ ਤੀਬ੍ਰਤਾ ਅਤੇ ਮਾਨਸਿਕ ਇਕਸੁਰਤਾ ਦੇ ਪ੍ਰਾਦੁਰਭਾਵ ਰਾਹੀਂ ਅਥਵਾ ਪ੍ਰੇਮਾ-ਭਗਤੀ ਰਾਹੀਂ ਪ੍ਰਾਪਤ ਕਰਨ ਦਾ ਇੱਛਕ ਹੈ ਯਾ ਦੂਜੇ ਸ਼ਬਦਾਂ ਵਿਚ ਨਿਕਟਤਾ ਪ੍ਰਾਪਤ ਕਰਨ ਤੋਂ ਉਪਰੰਤ ਉਸਦੇ ਗੁਣ-ਸਿਮਰਣ ਅਨੁਚਿੰਤਨ ਅਤੇ ਉਸ ਪ੍ਰਤਿ ਸੰਪੂਰਣ ਸਮਰਪਨ ਰਾਹੀਂ ਅਭੇਦਤਾ ਪ੍ਰਾਪਤ ਕਰਨ ਦਾ ਇੱਛਕ ਹੈ। ਲਕਸ਼ ਯੋਗ-ਮਾਰਗ ਦਾ ਭੀ ਇਹੋ ਹੀ ਹੈ। ਇਸ ਮਾਰਗ ਦੇ ਅਵਲੰਬੀ ਭੀ ਇਕਸੂਰਵਾਦ ਅਤੇ ਇਸਦੀ ਨਿਰਗੁਣ-ਉਪਾਸਨਾ ਨੂੰ ਸ੍ਵੀਕਾਰ ਕਰਦੇ ਹੋਏ ਉਸਦੇ ਸੂਕ੍ਰਮਕ ਸ੍ਵਰੂਪ ਨੂੰ ਆਪਣੀ ਸਿਮ੍ਰਤੀ ਦਾ ਅੰਗ ਬਣਾਉਂਦੇ ਹਨ। ਇਸਦੇ ਬਾਵਜੂਦ ਇਨ੍ਹਾਂ ਦੇ ਮਾਰਗਾਂ ਵਿਚ ਅੰਤਰ ਭੀ ਹੁੰਦਾ ਹੈ। ਵੇਦਾਂਤ ਦੇ ਅਵਲੰਬੀ ਜਿਥੇ ਆਪਣੀਆਂ ਚਿਤ-ਵ੍ਰਿਤੀਆਂ ਦਾ ਨਿਰੋਧ ਗਿਆਨ ਦੀ ਸਹਾਇਤਾ ਨਾਲ ਕਰਦੇ ਹਨ ਉਥੇ ਯੋਗ-ਮਾਰਗੀ ਇਨ੍ਹਾਂ ਦਾ ਨਿਰੋਧ ਸ਼ਰੀਰਕ[1] ਅਥਵਾ ਕਠੋਰ ਸਾਧਨਾ ਨਾਲ ਕਰਦੇ ਹਨ ਅਤੇ ਆਪਣੀਆਂ ਸਮਸਤ

---

1. ਯੋਗ ਮਾਰਗ ਅਤੇ ਵਿਸ਼ੇਸ਼ ਕਰਕੇ ਹਠ-ਯੋਗ ਵਿਚ ਚਿਤ-ਵ੍ਰਿਤੀਆਂ ਦੇ ਨਿਰੋਧ ਲਈ ਜੋ ਕਠੋਰ ਤਪਸਿਆ ਕੀਤੀ ਜਾਂਦੀ ਹੈ ਉਸ ਦੇ ਅਠ ਯੋਗਾਂਗ ਅਥਵਾ ਪੜਾਓ-ਯਮ, ਨਿਯਮ, ਆਸਨ, ਪ੍ਰਾਣਾਯਾਮ ਪ੍ਰਤੀ ਆਹਾਰ ਧਾਰਣਾ, ਧਯਾਨ ਅਤੇ ਸਮਾਧੀ-ਮੰਨੇ ਜਾਂਦੇ ਹਨ।

ਚਿਤ੍ਰ-ਵ੍ਰਿਤੀਆਂ ਨੂੰ ਨਿਰੋਧਿਤ ਕਰਕੇ ਉਸ ਨਿਰਗੁਣ-ਸ੍ਵਰੂਪ ਨਾਲ ਇਕਸੁਰ ਹੋਣ ਦੀ ਚੇਸ਼ਟਾ ਨੂੰ ਸੰਤੁਸ਼ਟ ਕਰਦੇ ਹਨ। ਇਸਲਾਮ ਅਤੇ ਸੂਫ਼ੀ ਮਤ ਦਾ ਪਰਸਪਰ ਅੰਤਰ ਅਤੇ ਸਮਾਨਤਾ ਭਾਵੇਂ ਬਿਲਕੁਲ ਇਸ ਪ੍ਰਕਾਰ ਦੀ ਤਾਂ ਨਹੀਂ ਪਰ ਬਹੁਤ ਹੱਦ ਤਕ ਮਿਲਦੀ ਹੈ। ਇਸਲਾਮ ਵਿਚ ਵੀ ਯੋਗੀਆਂ ਤਰ੍ਹਾਂ ਸਾਧਕ ਅਤੇ ਆਪਣੇ ਆਪ ਨੂੰ ਕੁਝ ਵਿਸ਼ੇਸ਼ ਪਾਬੰਦੀਆਂ ਵਿਚ ਰਖਦਾ ਹੋਇਆ ਅਤੇ ਇਨ੍ਹਾਂ ਦੀ ਪਾਲਨਾ ਕਰਦਾ ਹੋਇਆ ਹੀ ਉਸ ਨਿਰਗੁਣ-ਸ੍ਵਰੂਪ ਨੂੰ ਆਪਣੇ ਅਨੁਭਵ ਦਾ ਅੰਗ ਬਣਾ ਸਕਦਾ ਹੈ ਅਤੇ ਇਸਦੇ ਵਿਪਰੀਤ ਇਕ ਸੂਫ਼ੀ, ਜੋ ਨਿਪੁੰਨ ਸੂਫ਼ੀ ਹੈ, ਵੇਦਾਂਤੀਆਂ ਦੀ ਤਰ੍ਹਾਂ ਗਿਆਨ ਨੂੰ ਆਧਾਰ ਬਣਾਉਂਦਾ ਹੋਇਆ ਭਗਤੀ-ਮਾਰਗ ਦਾ ਅਨੁਕਰਣ ਕਰਦਾ ਹੈ।

ਇਹ ਠੀਕ ਹੈ ਕਿ ਸੂਫ਼ੀ ਮਤ ਯਾ ਇਹਦਾ ਸਹੋਗ ਇਸਲਾਮ ਭਾਰਤ ਵਿਚ ਆਉਣ ਤੋਂ ਪਹਿਲਾਂ ਭੀ ਭਾਰਤੀ ਵਿਚਾਰਧਾਰਾ ਦੇ ਪ੍ਰਬਲ ਪ੍ਰਭਾਵ ਤੋਂ ਬਚ ਨਹੀਂ ਸਕਿਆ। ਕੇਵਲ ਇਤਨਾ ਹੀ ਨਹੀਂ, ਇਸਲਾਮ ਧਰਮ ਦੇ ਪ੍ਰਮੁਖ ਤਤ੍ਵ ਅਤੇ ਸਿਧਾਂਤਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਸਲਾਮ ਵਾਸਤਵ ਵਿਚ ਦੁਨੀਆਂ ਦੇ ਬਹੁਤੇ ਧਰਮਾਂ, ਜੋ ਕਿਸੇ ਮਹਤ੍ਵ ਦੇ ਧਾਰਣੀ ਹਨ, ਦ੍ਵਾਰਾ ਪਭਾਵਿਤ ਹੈ ਯਾ ਦੂਜੇ ਸ਼ਬਦਾਂ ਵਿਚ ਬਹੁਤੇ ਧਰਮਾਂ ਦਾ ਸਮਿਸ਼੍ਰਣ ਹੈ। ਭਾਰਤੀ ਇਕੇਸ਼੍ਵਰ-ਵਾਦ ਅਤੇ ਪ੍ਰੇਮਾ-ਭਗਤੀ, ਜਿਸ ਦਾ ਪ੍ਰਵਾਹ ਭਾਰਤੀ ਚਿੰਤਨ ਦਾ ਪੁਰਾਤਨਤਮ ਅੰਗ ਹੈ, ਇਸਲਾਮ ਦਾ ਪ੍ਰਮੁਖ ਤਤ੍ਵ ਬਣਿਆ। ਇਥੋਂ ਤਕ ਕਹਿਆ ਜਾਂਦਾ ਹੈ ਕਿ ਇਸਲਾਮ ਵਿਚਲਾ ਪੰਜ ਵਕਤ ਦੀ ਨਮਾਜ਼ ਦਾ ਨਿਯਮ ਭੀ ਈਸਾਈ ਧਰਮ ਦੀ ਚੋਣ ਹੈ। ਈਸਾਈਆਂ ਵਿਚ ਪ੍ਰਾਰਥਨਾ ਦਿਨ ਵਿਚ ਤਿੰਨ ਵਾਰ ਕੀਤੀ ਜਾਂਦੀ ਹੈ ਅਤੇ ਇਸਲਾਮ ਦੇ ਸੰਸਥਾਪਕਾਂ ਨੇ ਇਸ ਦੀ ਵ੍ਰਿਧੀ ਕਰਕੇ ਇਸ ਨੂੰ ਪੰਜ ਵਕਤ ਕਰ ਦਿਤਾ। ਇਸੇ ਤਰ੍ਹਾਂ ਯੂਨਾਨੀ ਅਫ਼ਲਾਤੂਨੀ ਅਤੇ ਨਵ-ਅਫ਼ਲਾਤੂਨੀ ਵਿਚਾਰ-ਪੱਧਤੀਆਂ ਨੇ ਭੀ ਇਸਲਾਮ ਦੇ ਸੰਚਾਲਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਹ ਭੀ ਸ੍ਵੀਕਾਰ ਕੀਤਾ ਜਾਂਦਾ ਹੈ ਕਿ ਜਿਥੇ ਭਾਰਤੀ ਦਰਸ਼ਨ ਵੇਦਾਂਤ ਦਾ ਸੂਫ਼ੀ-ਮਾਰਗ ਦੇ ਨਿਰਮਾਣ ਵਿਚ ਸਹਿਯੋਗ ਹੈ ਉਥੇ ਇਸ ਨਵ-ਅਫ਼ਲਾਤੂਨੀ ਵਿਚਾਰ-ਧਾਰਾ ਦਾ ਪ੍ਰਭਾਵ ਭੀ ਘਟ ਨਹੀਂ।

ਫ਼ਰੀਦ ਦਾ ਸਮਾਂ ਇਤਿਹਾਸਕਾਰਾਂ ਨੇ ੧੧ਵੀਂ-੧੩ਵੀਂ ਸਦੀ ਮੰਨਿਆ ਹੈ ਅਤੇ ਕਾਲ-ਖੰਡ ਨੂੰ ਹੀ ਸੂਫ਼ੀਆਂ ਦਾ ਉੱਥਾਨ ਕਾਲ ਮੰਨਿਆ ਜਾਂਦਾ ਹੈ। ਫਰੀਦ ਇਕ ਮੁਸਲਮਾਨ ਘਰਾਣੇ ਨਾਲ ਸੰਬੰਧਿਤ ਦਰਵੇਸ਼ ਸੀ ਇਸ ਲਈ ਭੀ ਅਤੇ ਸੂਫ਼ੀ-

ਮਤ ਦੇ ਪ੍ਰਚਾਰਕ ਹੋਣ ਦੇ ਕਾਰਣ ਭੀ ਉਸ ਉਤੇ ਸੂਫ਼ੀ-ਮਤ ਦਾ ਪ੍ਰਭਾਵ ਹੋਣਾ ਇਕ ਸੁਭਾਵਿਕ ਸਥਿਤੀ ਸੀ। ਪਰ ਕਿਉਂਕਿ ਉਹ ਭਾਰਤੀਯ ਧਰਤੀ ਦਾ ਜੰਮ ਪਲ ਹੈ ਅਤੇ ਇਸ ਤੋਂ ਵਧ ਕੇ ਆਪਣੇ ਜੀਵਨ ਦੇ ਬਹੁਤੇ ਭਾਗ ਉਹ ਭਾਰਤੀ ਜਨ-ਸਾਧਾਰਣ ਨੂੰ ਆਪਣੇ ਵਿਚਾਰਾਂ ਦੁਆਰਾ ਪ੍ਰਭਾਵਿਤ ਕਰਕੇ ਆਪਣੇ ਆਸ਼ੇ ਅਨੁਸਾਰ ਢਾਲਣਾ ਸੀ, ਇਸ ਕਰਕੇ ਸਥਾਨਕ ਵਿਚਾਰ ਸੰਸਕ੍ਰਿਤੀ ਦਾ ਉਸ ਉਤੇ ਪ੍ਰਭਾਵ ਹੋਣਾ ਭੀ ਇਕ ਸੁਭਾਵਿਕ ਸਥਿਤੀ ਹੀ ਵਿਖਾਈ ਦੇਂਦੀ ਹੈ। ਇਥੇ ਉਹ ਸਥਾਨਕ ਲੋਕਾਂ ਨੂੰ ਜਿਨ੍ਹਾਂ ਦੀਆਂ ਧਾਰਮਿਕ ਮਾਨਯਤਾਵਾਂ ਵਿਭਿੰਨ ਹਨ, ਇਕ ਵਿਦੇਸ਼ੀ ਵਿਚਾਰ-ਧਾਰਾ ਤੋਂ ਜਾਣੂ ਕਰਾ ਰਹਿਆ ਹੈ ਅਤੇ ਇਸ ਦੇ ਨਾਲ ਹੀ ਆਕਰਸ਼ਿਤ ਕਰਨ ਪ੍ਰਤਿ ਇੱਛਾ-ਵਾਨ ਹੈ, ਇਸ ਲਈ ਜ਼ਰੂਰੀ ਹੈ ਕਿ ਇਸ ਨਵ-ਮਤ ਦਾ ਪ੍ਰੀਚਯ ਦੇਣ ਸਮੇਂ ਉਹ ਇਥੋਂ ਦੇ ਸਥਾਨਕ ਧਰਮਾਂ, ਧਾਰਮਿਕ ਸੰਪਰਦਾਵਾਂ ਯਾ ਘਟ ਤੋਂ ਘਟ ਧਾਰਮਿਕ ਪ੍ਰਚਾਰਕਾਂ ਦੁਆਰਾ ਪ੍ਰਭਾਵ ਗ੍ਰਹਿਣ ਕਰੇ ਯਾ ਇਥੋਂ ਦੀ ਸਿਧਾਂਤ-ਸੰਸਕ੍ਰਿਤੀ ਜੋ ਵਰਤ-ਮਾਨ ਸੀ, ਦੇ ਕੁਝ ਅੰਸ਼ਾਂ ਨੂੰ ਸੰਮਿਲਤ ਕਰਦਾ ਹੋਇਆ ਆਪਣੇ ਵਿਚਾਰਾਂ ਨੂੰ ਸਰੋਤਿਆਂ ਦੇ ਗ੍ਰਹਿਣ ਯੋਗ ਬਣਾਵੇ।

ਭਾਰਤ ਵਿਚ, ਉਕਤ ਕਾਲ-ਖੰਡ ਵਿਚ, ਇਸ ਸਮੇਂ ਤਕ ਸਬਲ ਬੁਧ ਧਰਮ ਦਾ ਪ੍ਰਭਾਵ ਪੱਤਲਾ ਪੈ ਚੁਕਾ ਸੀ ਅਤੇ ਉਹ ਸੰਪਰਦਾਯ ਵਿਚੋਂ ਸਫੁਟਿਤ ਹੋਈਆਂ ਹੀਨਯਾਨ ਮਹਾਂਯਾਨ ਅਤੇ ਫਿਰ ਵਜਰਯਾਨ ਆਦਿ ਦਾ ਪਰਿਵਰਤਿਤ ਰੂਪ ਸਿੱਧ-ਸੰਪਰਦਾਇ ਆਦਿ ਆਪਣਾ ਪ੍ਰਭਾਵ ਜਨ-ਸਾਧਾਰਣ ਦੇ ਮਨਾਂ ਤੋਂ ਗਵਾਇ ਨਿਸ-ਪ੍ਰਾਣ ਹੋ ਚੁਕੀਆਂ ਸਨ। ਇਸ ਦਾ ਭੀ ਇਕ ਕਾਰਨ ਸੀ। ਇਕ ਤਾਂ ਇਨ੍ਹਾਂ ਦਾ ਆਚਰਣਿਕ ਪੱਖ ਪਤਨ-ਮਈ ਹੋ ਚੁਕਾ ਸੀ। ਜਿਸ ਦਾ ਕਾਰਣ ਇਸਤ੍ਰੀ ਮਾਸ-ਸੇਵਨ ਸਮਝਿਆ ਜਾਂਦਾ ਸੀ, ਅਤੇ ਫਿਰ ਇਨ੍ਹਾਂ ਲੋਕਾਂ ਨੇ ਇਸ ਨੂੰ ਆਪਣੀ ਧਾਰਮਿਕ ਅਥਵਾ ਸੰਪਰਦਾਯਕ ਮਾਨਯਤਾ ਦਾ ਅੰਗ ਅਥਵਾ ਸਾਧਨਾ-ਮਾਰਗ ਦੀ ਸਫਲਤਾ ਦਾ ਆਧਾਰ ਸਮਝ ਲਿਆ ਅਤੇ ਇਸ ਦਾ ਪ੍ਰਚਾਰ ਭੀ ਕੀਤਾ। ਦੂਜਾ ਇਨ੍ਹਾਂ ਦਾ ਸਿਧਾਂਤਕ ਪੱਖ ਭੀ ਬਹੁਤ ਕਮਜ਼ੋਰ ਹੋ ਚੁਕਾ ਸੀ। ਇਸ ਕਮਜ਼ੋਰੀ ਦਾ ਕਾਰਣ ਇਕ ਤਾਂ ਉਨ੍ਹਾਂ ਦੀ ਆਚਰਣਿਕ ਗਿਰਾਵਟ ਹੈ ਅਤੇ ਦੂਜਾ ਵਾਤਾਵਰਣਿਕ ਸਥਿਤੀਆਂ। ਲਕਸ਼ ਪ੍ਰਾਪਤੀ ਲਈ ਕੁਝ ਇਕ ਦਿਖਾਵੇ ਤੇ ਕਰਮ-ਕਾਂਡਾਂ ਨੂੰ ਸਾਰਥਕ ਸਮਝਣਾ ਅਤੇ ਇਨ੍ਹਾਂ ਦਾ ਸ੍ਵੈ-ਸੇਵਨ ਕਰਨ ਦੇ ਨਾਲ ਨਾਲ ਲੋਕਾਂ ਵਿਚ ਪ੍ਰਚਾਰ ਕਰਨਾ ਉਨ੍ਹਾਂ ਦੇ ਪਤਨ ਦਾ ਕਾਰਨ ਬਣਿਆ ਅਤੇ ਇਸ ਦੇ ਨਾਲ ਹੀ ਉਸ

ਸਮੇਂ ਤਕ ਸ਼ੰਕਰ ਦ੍ਵਾਰਾ ਪ੍ਰਤਿਸ਼ਠਿਤ ਵੇਦਾਂਤ ਸੰਪਰਦਾਯ ਭੀ ਸ਼ਕਤੀਸ਼ਾਲੀ ਹੋ ਚੁਕਾ ਸੀ ! ਇਹ ਠੀਕ ਹੈ ਕਿ ਜਿਵੇਂ ਉਪਰ ਸੰਕੇਤ ਆ ਚੁਕਾ ਹੈ, ਵੇਦਾਂਤ ਅਤੇ ਸਿੱਧ-ਸੰਪਰਦਾਯ ਦੇ ਲਕਸ਼ ਵਿਚ ਬਹੁਤਾ ਅੰਤਰ ਨਹੀਂ ਸੀ ਅਤੇ ਨ ਹੀ ਲਕਸ਼-ਸ੍ਵਰੂਪ ਪ੍ਰਤਿ ਅਨੁਭਵ ਹੀ ਵਡਪੂਰਣ ਸੀ, ਪਰ ਕੇਵਲ ਇਤਨੀ ਗਲ ਸਮਤਾ ਸਿਧ ਕਰਨ ਲਈ ਕਾਫੀ ਨਹੀਂ ਹੁੰਦੀ। ਵੇਦਾਂਤ ਸੰਪਰਦਾਯ ਦੇ ਮੁਕਾਬਲੇ ਤੇ ਸਿਧ-ਸੰਪਰਦਾਯ ਦਾ ਆਉਣਾ ਸੰਭਵ ਨਹੀਂ। ਇਕ ਤਾਂ ਵੇਦਾਂਤ ਨੂੰ ਸ਼ੰਕਰ ਤੋਂ ਉਪਰੰਤ ਇਸ ਸਮੇਂ ਤਕ ਬਹੁਤ ਸਸ਼ਕਤ ਅਥਵਾ ਬਲਵਾਨ ਅਤੇ ਗੰਭੀਰ ਪਰਿਚਾਯਕ ਪ੍ਰਾਪਤ ਸਨ ਅਤੇ ਉਹ ਸਮੇਂ ਸਮੇਂ ਇਸ ਦਰਸ਼ਨ ਦੇ ਬੁਨਿਆਦੀ ਤਤ੍ਵਾਂ ਨੂੰ ਸਥਿਰ ਰਖਦੇ ਹੋਏ ਇਸ ਵਿਚ ਲੋਕ-ਭਾਵਨਾ ਅਨੁਸਾਰ ਥੋੜੀ ਬਹੁਤ ਤਬਦੀਲੀ ਕਰ ਲੈਂਦੇ ਸਨ। ਇਸ ਦੇ ਨਾਲ ਹੀ ਉਨ੍ਹਾਂ ਦ੍ਵਾਰਾ ਨਿਰਦਿਸ਼ਟ ਮਾਰਗ ਭਾਵੇਂ ਸੂਕਸ਼ਮ ਅਤੇ ਗੰਭੀਰ ਜ਼ਰੂਰ ਸੀ ਪਰ ਫਿਰ ਭੀ ਇਸਦੀਆਂ ਮੋਟੀਆਂ ਗੱਲਾਂ ਜਨ-ਸਾਧਰਨ ਦੀ ਸਮਝ-ਗੋਚਰੀਆਂ ਹੀ ਸਨ। ਇਹੋ ਕਾਰਣ ਹੈ ਕਿ ਇਨ੍ਹਾਂ ਦੀ ਉੱਤਰ-ਕਾਲੀਨ ਸਸ਼ਕਤ ਹੋਣ ਵਾਲੀ ਭਗਤੀ-ਲਹਿਰ ਦੀ ਬੁਨਿਆਦ ਇਸੇ ਸਿਧਾਂਤ ਉਤੇ ਨਿਰਧਾਰਿਤ ਹੈ। ਦੂਜੇ ਪਾਸੇ ਸਿੱਧਾਂ ਦ੍ਵਾਰਾ ਪ੍ਰਸਤੁਤ ਸਾਧਨਾ ਅਥਵਾ ਮੋਕਸ਼-ਪ੍ਰਾਪਤੀ-ਸਾਧਨ ਬਹੁਤ ਜਟਿਲ ਸੀ ਅਤੇ ਜਨ ਸਾਧਾਰਣ ਨੂੰ ਰਜੂਹ ਕਰਨ ਤੋਂ ਅਸਮਰਥ ਸੀ, ਭਾਵੇਂ ਭਾਰਤੀ ਲੋਕਚਿਤ੍ਰ ਵ੍ਰਿਤੀ ਵਸ਼ ਸ੍ਰਧਾ-ਭਾਵ ਉਨ੍ਹਾਂ ਪ੍ਰਤਿ ਭੀ ਰਖਦੇ ਸਨ।

ਇਹ ਪਹਿਲੇ ਭੀ ਸੰਕੇਤ ਕੀਤਾ ਗਿਆ ਹੈ ਕਿ ਸੂਫੀਮਤ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲੇ ਭੀ ਭਾਰਤੀਯ-ਦਰਸ਼ਨ-ਵੇਦਾਂਤ ਤੋਂ ਪ੍ਰਭਾਵ ਗ੍ਰਹਿਣ ਕਰ ਚੁਕਾ ਸੀ ਅਤੇ ਇਸ ਦੇ ਨਾਲ ਹੀ ਇਹ ਸੂਫੀਮਤ ਬਾਬਾ ਫ਼ਰੀਦ ਤੋਂ ਪਹਿਲੇ ਭਾਰਤੀ ਜਨਤਾ ਤਕ ਪੁਜ ਚੁਕਾ ਸੀ। ਵੇਦਾਂਤ ਅਤੇ ਸੂਫੀਮਤ ਸਿਧਾਂਤਕ ਪੱਖ ਤੋਂ ਬਹੁਤ ਸਾਰਾ ਮਿਲਦਾ ਹੈ ਭਾਵੇਂ ਕੁਝ ਮਾਨਯਤਾਵਾਂ ਵਿਚ ਇਹ ਅੰਤਰਸ਼ੀਲ ਜ਼ਰੂਰ ਹੈ; ਇਸ ਪਰਸਪਰ ਸਮਤਾ ਨੇ ਸੂਫੀਮਤ ਦੇ ਭਾਰਤ ਵਿਚਲੇ ਵਿਸਤਾਰ ਲਈ ਸਹਾਇਕ-ਸਰੋਤ ਦੇ ਰੂਪ ਵਿਚ ਕੰਮ ਕੀਤਾ ਅਤੇ ਭਾਰਤੀ ਜਨ-ਸਾਧਾਰਣ ਨੇ ਇਸ ਨੂੰ ਛੇਤੀ ਹੀ ਗ੍ਰਹਿਣ ਕਰ ਲਿਆ ਯਾ ਘਟ ਤੋਂ ਘਟ ਇਹ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਫ਼ਰੀਦ ਦ੍ਵਾਰਾ ਪ੍ਰਚਾਰਿਤ ਸੂਫ਼ੀ ਮਤ ਨੂੰ ਜਨ-ਸਾਧਾਰਣ ਨੇ ਛੇਤੀ ਹੀ ਗ੍ਰਹਿਣ ਕਰ ਲਿਆ। ਵੇਦਾਂਤ ਦੇ ਪਰਿਚਾਯਕ ਪਹਿਲੇ ਹੀ ਪਰਮਾਤਮਾ ਦੀ ਏਕਤਾ ਅਤੇ ਇਸ ਦੀ ਪ੍ਰਾਪਤੀ ਲਈ ਸਰੀਰਕ ਅਥਵਾ ਦਿਖਾਵੇ-ਮਾਤ੍ਰ ਕਰਮ-ਕਾਂਡ ਦੀ ਆਸਾਰਥਕਤਾ

ਨੂੰ ਜਨ-ਸਾਧਾਰਣ ਦੇ ਧਿਆਨ-ਗੋਚਰ ਕਰ ਚੁਕੇ ਸਨ। ਨਿਰਗੁਣ-ਉਪਾਸਨਾ ਅਤੇ ਪ੍ਰਾਪਤੀ ਸਿਧਾਂਤ ਅਥਵਾ ਪ੍ਰੇਮਾ-ਭਗਤੀ ਪਹਿਲੇ ਹੀ ਲੋਕ-ਚੇਤਨਾ ਦਾ ਅੰਗ ਬਣ ਚੁਕੇ ਸਨ।

ਇਸ ਉਕਤ ਸਮੁੱਚੇ ਵਿਸਤਾਰ ਤੋਂ ਭਾਵ ਇਹ ਹੈ ਕਿ ਫ਼ਰੀਦ ਸੰਬੰਧੀ ਵਿਚਾਰ ਕਰਨ ਸਮੇਂ ਉਸ ਦੇ ਭਾਵ-ਗ੍ਰਹਿਣ ਸਰੋਤ ਅਤੇ ਵਾਤਾਵਰਣਿਕ ਪਰਸਥਿਤੀਆਂ ਨੂੰ ਧਿਆਨ-ਗੋਚਰ ਕਰ ਲਇਆ ਜਾਵ। ਇਸ ਤਰ੍ਹਾਂ ਵਰਤਮਾਨ ਪ੍ਰਮੁਖ ਵਿਚਾਰ-ਤਰੰਗਾਂ, ਜਿਨ੍ਹਾਂ ਤੋਂ ਉਹ ਵਿਚਾਰ-ਗ੍ਰਹਿਣ ਕਰ ਸਕਦਾ ਸੀ, ਤੇ ਅਧਿਐਨ ਦਾ ਲਾਭ ਇਹ ਹੋਵੇਗਾ ਕਿ ਇਸ ਤਰ੍ਹਾਂ ਅਸੀਂ ਉਸ ਨੂੰ ਕਿਸੇ ਰੋਸ਼ਨੀ ਵਿਚ ਵੇਖ ਸਕਾਂਗੇ।

ਬਾਬਾ ਫ਼ਰੀਦ ਦੁਆਰਾ ਰਚਿਤ ਬਾਣੀ ਵਿਚ ਕਿਸੇ ਨਿਸ਼ਚਿਤ ਵਿਚਾਰ-ਧਾਰਾ ਅਰਥਾਤ ਸਿਧਾਂਤ ਦਾ ਗੁੰਫਨ ਨਹੀਂ ਅਤੇ ਇਸ ਪ੍ਰਕਾਰ ਦੀ ਭਾਵਕ ਪਹੁੰਚ ਹੀ ਹੈ। ਇਹ ਸਥਿਤੀ ਪੰਜਾਬੀ ਦੇ ਬਹੁਤੇ ਸੰਪਰਦਾਯਕ ਕਵੀਆਂ ਅਤੇ ਵਿਸ਼ੇਸ਼ ਕਰਕੇ ਸੂਫ਼ੀ ਕਵੀਆਂ ਵਿਚ ਵਰਤਮਾਨ ਹੈ। ਜਿਵੇਂ ਕਿ ਵਿਚਾਰ ਕੀਤਾ ਗਇਆ ਹੈ ਕਿ ਸੂਫ਼ੀਆਂ ਵਿਚ ਇਕੇਸ਼੍ਵਰਵਾਦੀ ਸਿਧਾਂਤ ਸ੍ਵੀਕ੍ਰਿਤ ਹੈ ਅਤੇ ਉਸ ਦੇ ਅਦ੍ਵੈਤ ਅਥਵਾ ਨਿਰਗੁਣ ਸ੍ਵਰੂਪ ਪ੍ਰਤਿ ਪੂਰਣ ਸਮਰਪਣ ਦੀ ਭਾਵਨਾ ਪ੍ਰਬਲ ਹੈ। ਫ਼ਰੀਦ ਵਿਚ ਭੀ ਇਹ ਵਿਚਾਰ ਗਤਿਮਾਨ ਹਨ ਅਤੇ ਵਿਸ਼ੇਸ਼ ਕਰਕੇ ਪੂਰਣ ਸਮਰਪਣ ਦੀ ਭਾਵਨਾ ਦੀ ਪ੍ਰਬਲਤਾ ਭੀ ਘਟ ਨਹੀਂ ਪਰ ਇਕੇਸ਼੍ਵਰਤਾ ਜਾਂ ਉਸ ਦੇ ਨਿਰਗੁਣ ਸ੍ਵਰੂਪ ਸੰਬੰਧੀ ਕੋਈ ਚੇਤਨ ਅਤੇ ਸਪਸ਼ਟ ਸੰਕੇਤ ਕੋਈ ਨਹੀਂ। ਉਹ ਉਸ ਪਰਾਤਪਰ ਸ਼ਕਤੀ ਨੂੰ ਕੰਤ, ਸਾਂਈ, ਸਾਹਿਬ, ਸ਼ਹੁ, ਪਿਰ ਆਦਿ ਸ਼ਬਦਾਂ ਨਾਲ ਸੰਬੋਧਨ ਜ਼ਰੂਰ ਕਰਦਾ ਹੈ ਅਤੇ ਇਹ ਉਸ ਦੀ ਭਗਤੀ ਭਾਵਨਾ ਅਥਵਾ ਪ੍ਰੇਮਾ ਭਗਤੀ ਦਾ ਪ੍ਰਮਾਣ ਹੈ ਪਰ ਇਨ੍ਹਾਂ ਸੰਕੇਤਾਂ ਰਾਹੀਂ ਇਹ ਸਪਸ਼ਟ ਨਹੀਂ ਹੁੰਦਾ ਕਿ ਇਹ ਉਪਾਸਨਾ ਨਿਰਗੁਣ ਸ੍ਵਰੂਪ ਦੀ ਹੈ ਯਾ ਸਗੁਣ ਸ੍ਵਰੂਪ ਦੀ। ਉਂਜ ਤਾਂ ਕਿਸੇ ਮੁਸਲਿਮ ਸਹਿਤਕਾਰ ਅਰਥਾਤ ਸੂਫ਼ੀ ਸਾਹਿਤਕਾਰ ਕੋਲੋਂ ਸਗੁਣ ਉਪਾਸਨਾ ਦੀ ਪੂਜਾ ਦੀ ਆਸ ਘਟ ਹੀ ਕੀਤੀ ਜਾਂਦੀ ਹੈ ਪਰ ਇਥੇ ਵਿਚਾਰ ਇਸ ਗੱਲ ਤੇ ਕੀਤੀ ਜਾ ਰਹੀ ਹੈ ਕਿ ਫ਼ਰੀਦ ਦੀ ਬਾਣੀ ਵਿਚ ਚਿਤ੍ਰਿਤ ਪਰਾਤਪਰ ਸ੍ਵਰੂਪ ਵਿਚਾਰ ਦੇ ਕਿਸ ਕੋਣ ਨਾਲ ਸਮਤਾ ਰਖਦਾ ਹੈ। ਕਬੀਰ ਦਾ ਕਥਨ ਹੈ:—

ਨਿਰਗੁਣ ਰਾਮ ਨਿਰਗੁਣ ਰਾਮ ਜਪੋ ਰੇ ਭਾਈ।
ਅਵਗਤ ਕੀ ਗਤ ਲਖੀ ਨਾ ਜਾਈ।

ਇਥੇ ਕਬੀਰ ਸਗੁਣ-ਉਪਾਸਨਾ ਦੇ ਸੰਕੇਤ ਭਗਵਾਨ ਰਾਮ ਨੂੰ ਆਪਣੀ ਨਿਰਗੁਣ ਵਿਰ੍ਤੀ ਦੇ ਪ੍ਰਗਟਾਉ ਲਈ ਆਧਾਰ ਬਣਾਉਂਦਾ ਹੈ। ਰਾਮ ਅਤੇ ਕ੍ਰਿਸ਼ਨ ਪ੍ਰਤਿ ਸਗੁਣ ਉਪਾਸਨਾ ਦੀ ਪਰੰਪਰਾ ਭੀ ਭਾਰਤ ਵਿਚ ਦੀਰਘ-ਕਾਲ ਤੋਂ ਪ੍ਰਚਲਿਤ ਹੋਣ ਤੋਂ ਉਪਰੰਤ ਬਹੁਤ ਸ਼ਕਤੀਵਾਨ ਹੈ। ਪਰ ਲੇਖਕ ਇਥੇ ਆਪਣੇ ਵਿਚਾਰ ਨੂੰ ਸਪਸ਼ਟ ਕਰ ਜਾਂਦਾ ਹੈ ਕਿ ਉਸ ਦਾ ਰਾਮ ਦਸ਼ਰਥ-ਪੁਤ੍ਰ ਨਹੀਂ ਅਰਥਾਤ ਕੋਈ ਵਿਅਕਤੀ-ਵਿਸ਼ੇਸ਼ ਨਹੀਂ ਬਲਕਿ ਗੁਣ ਵਿਸ਼ੇਸ਼ ਹੈ ਅਤੇ ਉਹ ਉਸ ਨਿਰਗੁਣ ਸ੍ਵਰੂਪ ਦੇ ਸੰਕੇਤਕ ਗੁਣ-ਵਿਸ਼ੇਸ਼ ਦਾ ਸਿਮਰਣ ਕਰਦਾ ਹੈ। ਇਸ ਦਾ ਭਾਵ ਇਹ ਨਹੀਂ ਕਿ ਫ਼ਰੀਦ ਭੀ ਕਬੀਰ ਦੀ ਤਰ੍ਹਾਂ ਆਪਣੇ ਭਾਵ ਦੇ ਪ੍ਰਗਟਾਉ ਲਈ ਕੋਈ ਐਸਾ ਹੀ ਸੰਕੇਤ ਵਰਤਦਾ ਬਲਕਿ ਭਾਵ ਇਹ ਹੈ ਕਿ ਉਹ ਪਰਾਤਪਰ ਸ਼ਕਤੀ ਸੰਬੰਧੀ ਖੁਦਾਯ ਅਤੇ ਰਬ ਆਦਿ ਸ਼ਬਦਾਂ ਦਾ ਪ੍ਰਯੋਗ ਭੀ ਕਰਦਾ ਹੈ ਅਤੇ ਮੁਸਲਿਮ ਸੰਸਕ੍ਰਿਤੀ ਵਿਚ ਇਹ ਨਾਮ ਉਸ ਨਿਰਗੁਣ ਸ੍ਵਰੂਪ ਨੂੰ ਹੀ ਦਿਤੇ ਜਾਂਦੇ ਹਨ। ਪਰ ਇਥੇ ਆ ਕੇ ਇਕ ਪ੍ਰਕਾਰ ਦਾ ਵਿਰੋਧ-ਭਾਸ ਜਿਹਾ ਪੈਦਾ ਹੋ ਜਾਂਦਾ ਹੈ। ਇਕ ਤਾਂ ਇਹ ਨਾਮ ਮੁਸਲਿਮ ਸੰਸਕ੍ਰਿਤੀ ਵਿਚ ਕਿਸੇ ਸਿਧਾਂਤ ਨਾਲੋਂ ਧਾਰਮਿਕ ਮਾਨਤਾਵਾਂ ਦੇ ਸੂਚਕ ਵਧੇਰੇ ਹਨ, ਇਹ ਵਿਚਾਰ ਫ਼ਰੀਦ ਦੇ 'ਸਾਂਈ ਦੇ ਦਰਬਾਰ' ਤੋਂ ਭੀ ਸਪਸ਼ਟ ਹੋ ਜਾਂਦਾ ਹੈ ਅਤੇ ਦੂਸਰਾ ਇਨ੍ਹਾਂ ਨੂੰ ਫ਼ਰੀਦ ਭੀ ਕੋਈ ਸਿਧਾਂਤਕ ਰੂਪ ਨਹੀਂ ਦੇ ਸਕਿਆ। ਇਸ ਦ੍ਰਿਸ਼ਟੀ ਤੋਂ ਫ਼ਰੀਦ ਇਸਲਾਮ ਧਰਮ ਦੇ ਪ੍ਰਚਾਰਕ ਰੂਪ ਵਿਚ ਹੀ ਸਾਡੇ ਸਾਹਮਣੇ ਆਉਂਦਾ ਹੈ ਅਤੇ ਉਸ ਦਾ ਮਹਤਵ ਭੀ ਇਸੇ ਦ੍ਰਿਸ਼ਟੀ ਤੋਂ ਹੀ ਹੈ। ਹਾਂ ਇਸ ਦੇ ਨਾਲ ਸੁਹਿਰਦਤਾ, ਨਮ੍ਰਤਾ, ਸਹਿਨ-ਸ਼ੀਲਤਾ ਅਥਵਾ ਯੋਗਸ਼ੀਲਤਾ ਉਸਦੇ ਆਚਰਣ ਅਥਵਾ ਸਿਖਿਆ ਦੇ ਕੁਝ ਐਸੇ ਅੰਗ ਹਨ ਜਿਹੜੇ ਅਤਿ-ਉੱਤਮ ਵਿਅਕਤਿਤ੍ਵ ਦੇ ਲਖਾਇਕ ਹਨ ਇਸ ਪ੍ਰਕਾਰ ਦੇ ਭਾਵ ਫ਼ਰੀਦ ਰਚਿਤ ਨਿਮਨਾਂਕਿਤ ਸ਼ਲੋਕਾਂ ਵਿਚੋਂ ਸਪਸ਼ਟ ਹਨ :—

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ, ਪੈਰ ਤਿਨਾਂ ਦੇ ਚੁੰਮਿ ॥੭॥

... ... ...

ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥

ਫਰੀਦਾ ਥੀਉ ਪਵਾਹੀ ਦਭੁ । ਜੇ ਸਾਂਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਤਾੜੀਅਹਿ ।
ਤਾ ਸਈ ਦੈ ਦਰਿ ਵਾੜੀਅਹਿ ॥੧੬॥

... ... ...

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ।
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥

... ... ...

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ ॥੧੩੦॥

ਇਸ ਉੱਤਮ ਵਿਅਕਤਿਤ੍ਵ ਦੇ ਲਖਾਇਕ ਉਪ੍ਰਯੁਕਤ ਗੁਣਾਂ ਤੋਂ ਉਪਰਾਂਤ ਉਸ ਦੁਆਰਾ ਚਿਤ੍ਰਿਤ ਪਰਾਤਪਰ ਸ੍ਵਰੂਪ ਭੀ ਇਨ੍ਹਾਂ ਹੀ ਗੁਣਾਂ ਦਾ ਲਖਾਇਕ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਫ਼ਰੀਦ ਦਾ ਅਲਹੁ ਖ਼ੁਦਾਯ ਯਾ ਰੱਬ ਭੀ ਉਸਦਾ ਨਿਜ-ਪ੍ਰਗਟਾਉ ਹੀ ਹੈ ਅਥਵਾ ਉਸਦੇ ਆਪਣੇ ਮਨ ਦਾ ਦਰਪਣ ਹੀ ਹੈ। ਇਸਲਾਮੀ ਸੰਸਕ੍ਰਿਤੀ ਵਿਚ ਇਸ ਖ਼ੁਦਾਯ ਨੂੰ ਬਹੁਤ ਦਯਾਸ਼ੀਲ ਅਤੇ ਫ਼ਜ਼ਲ ਦਾ ਦਾਤਾ ਮੰਨਿਆ ਜਾਂਦਾ ਹੈ ਪਰ ਨਾਲ ਹੀ ਇਹ ਵੀ ਮੰਨਿਆ ਜਾਂਦਾ ਹੈ ਕਿ ਦੋਸ਼ੀਆਂ ਪ੍ਰਤਿ ਦੰਡ ਦੀ ਘੋਸ਼ਣਾ ਕਰਨ ਸਮੇਂ ਉਹ ਕਠੋਰ ਭੀ ਬਹੁਤ ਹੈ। ਕੁਰਾਨ ਵਿਚ ਅੰਕਿਤ ਹੈ ਕਿ ਅਲਾਹ ਗੁਨਾਹੀਆਂ ਨੂੰ ਕਰੜੀਆਂ ਸਜ਼ਾਵਾਂ ਦੇਂਦਾ ਹੈ ਅਤੇ ਫ਼ਰੀਦ ਦੀ ਤਿਲ ਕਪਾਹ ਅਤੇ ਗੰਨੇ ਆਦਿ ਦੇ ਉਦਾਹਰਣ ਰਾਹੀਂ ਇਸ ਵਿਚਾਰ ਦਾ ਸਮਰਥਨ ਕਰਦਾ ਹੈ। ਪਰ ਇਹ ਸਮਰਥਨ ਉਸ ਪ੍ਰਕਾਰ ਦਾ ਨਹੀਂ, ਬਲਕਿ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕੋਈ ਮਾਂ ਆਪਣੇ ਬੱਚੇ ਨੂੰ ਕਿਸੇ ਗ਼ਲਤੀ ਕਰਨ ਤੇ ਯਾ ਸ਼ਰਾਰਤ ਕਰਨ ਤੇ ਪਿਆਰ ਅਤੇ ਗੁੱਸੇ ਦੇ ਸਮਿਲਤ ਜਿਹੇ ਜਜ਼ਬੇ ਨਾਲ ਚਪੇੜ ਉਲਾਰਦੀ ਹੈ। ਇਨ੍ਹਾਂ ਪੰਗਤੀਆਂ ਨੂੰ ਵੇਖੋ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ।
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥

ਵਿਚ ਮੰਦੇ ਅਮਲ ਕਰਨ ਵਾਲਿਆਂ ਲਈ ਨਿਯੁਕਤ ਸਜ਼ਾ ਜਾਂ ਸਾਂਈ ਦੇ ਦਰਬਾਰ ਅੰਦਰ ਸ਼ਰਮਿੰਦਗੀ ਦੇ ਡਰ ਦੇ ਭਾਵਾਂ ਨਾਲ ਪਰਾਤਪਰ ਦਾ ਇਹ ਕਠੋਰ

ਰੂਪ ਸਾਹਮਣੇ ਨਹੀਂ ਆਉਂਦਾ ਜਿਸਨੂੰ ਕੁਰਾਨ ਵਿਚ 'ਅਲਹ ਦੰਡ ਵਿਚ ਬਹੁਤ ਕਠੋਰ ਹੈ' ਆਦਿ ਸ਼ਬਦਾਂ ਰਾਹੀਂ ਚਿਤ੍ਰਿਤ ਕੀਤਾ ਗਇਆ ਹੈ। ਕੁਰਾਨ ਵਿਚ ਅਲਹ ਬਾਰੇ ਅਲਹ ਸੌਂਦਰਯ ਭੰਡਾਰ ਹੈ, ਅਲਹ ਸਰਵ-ਪ੍ਰਿਯ ਹੈ, ਅਲਹ ਅਸੀਮ ਪ੍ਰਕਾਸ਼ ਹੈ, ਅਲਹ ਸਭ ਨੂੰ ਪਿਆਰ ਕਰਦਾ ਹੈ, ਉਹ ਸ੍ਰਿਸ਼ਟਿ ਦਾ ਕਰਤਾ ਹੈ, ਉਹ ਦਯਾਲੂ ਹੈ, ਉਹ ਸਰਵ-ਵਿਆਪਕ ਅਤੇ ਸਰਵ-ਸ਼ਕਤੀਮਾਨ ਹੈ ਆਦਿ ਵਾਕ ਆਉਂਦੇ ਹਨ ਜਿਨ੍ਹਾਂ ਰਾਹੀਂ ਉਸਦੇ ਗੁਣਾਂ ਦਾ ਨਿਰੀਖਣ ਕੀਤਾ ਗਇਆ ਹੈ। ਪਰ ਫ਼ਰੀਦ ਦਾ ਅਲਹ, ਸਾਂਈ ਯਾ ਕੰਤ ਜੋ ਨਿਮਨ-ਚਿਤ੍ਰਤ ਪੰਗਤੀਆਂ ਤੋਂ ਸਪਸ਼ਟ ਹੈ :—

"ਫ਼ਰੀਦਾ ਰਬ ਖਜੂਰੀ ਪਕੀਆਂ, ਮਾਖਿਅ ਨਈ ਵਹੰਨਿ।" ਯਾ

ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨਾ ਪੁਜਨਿ ਤੁਧੁ ॥੨੭॥

ਇਨ੍ਹਾਂ ਸਾਰੇ ਗੁਣਾਂ ਨੂੰ ਇਕ ਗੁਣ ਵਿਚ ਗੁੰਫਿਤ ਕਰਦਾ ਹੈ ਅਤੇ ਉਹ ਹੈ ਸਰਸਤਾ। ਇਹ ਸਰਸਤਾ ਦਾ ਸਿਧਾਂਤ, ਫ਼ਰੀਦ ਦੀ ਪਿਤਰੀ ਸੰਪ੍ਰਦਾਇਕ ਭਾਵਨਾ ਦਾ ਯੋਗ ਨਹੀਂ ਬਲਕਿ ਸਥਾਨਕ ਪ੍ਰਭਾਵ ਦਾ ਪ੍ਰਤਿਫਲ ਹੈ ਯਾ ਦੂਜੇ ਸ਼ਬਦਾਂ ਵਿਚ ਨਿਜਾਚਰਣ ਦਾ ਪ੍ਰਤਿਬਿੰਬ ਹੈ।

ਇਸ ਪਰਾਤਪਰ ਸ੍ਵਰੂਪ ਪ੍ਰਤਿ ਫ਼ਰੀਦ ਦੇ ਨਿਜੀ ਅਨੁਭਵ ਅਤੇ ਇਸ ਨਿਜੀ ਅਨੁਭਵ ਉਤੇ ਨਿਰਧਾਰਿਤ ਸਰਸ ਸ੍ਵਰੂਪ ਦੀ ਪ੍ਰਾਪਤੀ ਲਈ ਇਸਲਾਮ ਵਿਚ ਜਿਥੇ ਸਦ-ਕਰਮ ਅਤੇ ਸਦ-ਭਾਵਨਾ ਉਤੇ ਜ਼ੋਰ ਦਿਤਾ ਜਾਂਦਾ ਹੈ ਉਥੇ ਨਾਲ ਹੀ ਕੁਝ ਇਕ ਬੁਨਿਆਦੀ ਨਿਯਮਾਂ ਵਿਚ ਰੋਜ਼ਾ, ਹਜ, ਜ਼ਕਾਤ ਨਿਮਾਜ਼ ਅਤੇ ਕਲਮਾ ਆਦਿ ਵਿਸ਼ੇਸ਼ ਕਰਮਾਂ ਦੀ ਪਾਲਨਾ ਅਤੇ ਕਿਸੇ ਹਦ ਤਕ ਸੁਹਿਰਦ ਪਾਲਨਾ ਉਤੇ ਜ਼ੋਰ ਦਿਤਾ ਜਾਂਦਾ ਹੈ। ਇਹ ਗਲ ਵਖ ਹੈ ਕਿ ਇਨ੍ਹਾਂ ਨਿਯਮਾਂ ਦੀ ਪਾਲਨਾ ਕਰਨ ਵਾਲਾ ਜ਼ਰੂਰੀ ਨਹੀਂ ਕਿ ਇਨ੍ਹਾਂ ਦੇ ਅਰਥ-ਤਤ੍ਵ ਪ੍ਰਤਿ ਸੁਹਿਰਦ ਵੀ ਹੋਵੇ ਅਤੇ ਇਨ੍ਹਾਂ ਰਾਹੀਂ ਆਤਮਕ ਸੁਧੀ ਦਾ ਇਛਕ ਭੀ ਹੋਵੇ। ਇਹ ਕਰਮ ਇਕ ਪ੍ਰਕਾਰ ਦੀ ਸਰੀਰਕ ਕ੍ਰਿਆ ਹਨ ਅਤੇ ਸਰੀਰਕ ਕ੍ਰਿਯਾਤਮਕ ਸੁਧੀ ਲਈ ਸਹਾਇਕ ਹੋ ਸਕਦੀ ਹੈ, ਕਿਉਂਕਿ ਸਰੀਰ ਅਤੇ ਆਤਮਾ ਦਾ ਘਨਿਸ਼ਟ ਸੰਬੰਧ ਹੁੰਦਾ ਹੈ, ਪਰ ਕਰਤਾ ਦਾ ਦ੍ਰਿਸ਼ਟੀਕੋਣ ਕੀ ਹੈ, ਇਸ ਸੰਬੰਧੀ ਪੂਰਣ ਗਿਆਨ ਨਹੀਂ ਹੋ ਸਕਦਾ।

ਇਹ ਜਿਥੇ ਆਤਮ ਸ਼ੁਧੀ ਲਈ ਸਹਾਇਕ ਸਿੱਧ ਹੋ ਸਕਦੇ ਹਨ, ਉਥੇ ਕਿਸੇ ਪਾਖੰਡ ਅਰਥਾਤ ਪਾਰਥਿਵ ਪ੍ਰਾਪਤੀ ਲਈ ਵੀ ਸਾਧਾਰਣ ਬਣ ਸਕਦੇ ਹਨ। ਇਨ੍ਹਾਂ ਵਿਚ ਦਿਖਾਵੇ ਦੀ ਭਾਵਨਾ ਭੀ ਆ ਸਕਦੀ ਹੈ ਅਤੇ ਇਸ ਭਾਵਨਾ ਰਾਹੀਂ ਕਰਤੇ ਦੇ ਕਰਮ ਅਤੇ ਕੌਣ ਵਿਚ ਭੇਦ ਭੀ ਹੋ ਸਕਦਾ ਹੈ। ਇਸ ਕਰਮ ਅਤੇ ਕੌਣ ਦੇ ਭੇਦ ਵਿਚਲੇ ਰਹਸਯ ਦੀ ਅਸਪਸ਼ਟਤਾ ਨੇ ਭੀ ਕੁਝ ਇਸਲਾਮੀ ਚਿੰਤਕਾਂ ਨੂੰ ਇਨ੍ਹਾਂ ਤੋਂ ਬੇਮੁਖ ਹੋਣ ਲਈ ਪ੍ਰੇਰਣਾ-ਸਰੋਤ ਦਾ ਕੰਮ ਦਿਤਾ ਹੈ ਅਤੇ ਕਵੀਆਂ ਨੇ ਇਸਦਾ ਜ਼ਾਹਿਰਾ ਤੌਰ ਤੇ ਖੰਡਨ ਭੀ ਕੀਤਾ ਹੈ। ਫ਼ਰੀਦ ਦਵਾਰਾ ਰਚਿਤ ਪ੍ਰਾਪਤ ਸ਼ਲੋਕਾਂ ਵਿਚੋਂ ਇਸ ਧਰਮ ਦੇ ਇਸ ਪੱਖ ਨਾਲ ਸੰਬੰਧਿਤ ਸ਼ਲੋਕ ਨਿਮਨਾਂਕਿਤ ਹਨ :—

ਉਠੁ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸ਼ਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲ ਨ ਆਇਆ ਪੰਜੇ ਵਖਤ ਮਸੀਤਿ ॥੭੦॥

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੇ ਕਾਂਇ ॥
ਕੁੰਨੇ ਹੇਠ ਜਲਾਈਐ ਬਾਲਣ ਸੰਦੈ ਥਾਇ ॥੭੨॥

ਪਹਿਲੇ ਸ਼ਲੋਕ ਵਿਚ ਸਵੇਰੇ, ਨਮਾਜ਼ ਪੜ੍ਹਣ ਅਤੇ ਸਾਂਈ ਅਗੇ ਸਿਰ ਨਿਵਾਉਣ (ਅਰਥਾਤ ਨਮ੍ਰਤਾ ਧਾਰਣ ਕਰਨ ਦਾ) ਆਦੇਸ਼ ਹੈ। ਦੂਜੇ ਵਿਚ ਮਸੀਤ ਪੰਜੇ ਵਕਤ ਆਉਣ ਦੀ ਸਿਖਿਆ ਹੈ ਅਤੇ ਤੀਜੇ ਵਿਚ ਫਿਰ ਸਾਂਈ ਅਗੇ ਸਿਰ ਨਿਵਾਉਣ ਦਾ ਉਪਦੇਸ਼ ਹੈ। ਪੰਜੇ ਵਕਤ ਮਸੀਤ ਆਉਣ ਤੋਂ ਭਾਵ ਇਹ ਹੈ ਕਿ ਇਸਲਾਮ ਅਨੁਸਾਰ ਪ੍ਰਸਤੁਤ ਨਿਯਮ ਅਨੁਸਾਰ ਮਸੀਤ (ਮਸਜਿਦ) ਵਿਚ ਪੰਜੇ ਵਕਤ ਨਿਮਾਜ਼ ਪੜ੍ਹਨ ਵਾਲੇ ਨਿਯਮ ਦੀ ਪਾਲਣਾ ਕਰਨਾ। ਉਜ਼ੂ ਭੀ ਇਸਲਾਮੀ ਮਾਨਯਤਾ ਅਨੁਸਾਰ ਇਕੋ ਕ੍ਰਿਆ ਹੈ ਜੋ ਨਮਾਜ਼ ਪੜ੍ਹਨ ਤੋਂ ਪਹਿਲੇ ਸਾਧੀ ਜਾਂਦੀ ਹੈ। ਸਪਸ਼ਟ ਹੈ ਕਿ ਇਨ੍ਹਾਂ ਸ਼ਲੋਕਾਂ ਵਿਚ ਫ਼ਰੀਦ ਨੇ ਦੋ ਗਲਾਂ ਉਤੇ ਜ਼ੋਰ ਦਿਤਾ ਹੈ। ਇਕ ਨਿਮਾਜ਼ ਅਤੇ ਦੂਜਾ ਸਾਂਈ ਅਗੇ ਸਿਰ ਨਿਵਾਉਣਾ ਅਰਥਾਤ ਨਮ੍ਰਤਾ ਆਦਿ ਮਾਨਸਿਕ ਗੁਣ-ਸੰਪੰਨ ਹੋਣਾ। ਇਹ ਭੀ ਠੀਕ ਹੈ ਕਿ ਦੂਜੀ ਗਲ ਭੀ ਜ਼ਰੂਰੀ ਨਹੀਂ ਕਿ ਮਾਨਸਿਕ ਗੁਣ ਬਣ ਸਕੇ, ਇਹ ਭੀ ਸਰੀਰਕ ਕ੍ਰਿਆ ਹੀ ਹੋ ਸਕਦੀ ਹੈ ਅਤੇ ਕਰਤਾ ਦਾ ਕਰਮ

ਅਤੇ ਕੌਣ ਦਾ ਭੇਦ ਇਥੇ ਭੀ ਆ ਸਕਦਾ ਹੈ।

ਇਨ੍ਹਾਂ ਸ਼ਲੋਕਾਂ ਦੇ ਆਧਾਰ ਤੇ ਫ਼ਰੀਦ ਦੇ ਸ਼ਰੱਈ ਮੁਸਲਮਾਨ ਹੋਣ ਦੀ ਧਾਰਣਾ ਬਣਾਈ ਜਾਂਦੀ ਹੈ। ਇਸਲਾਮੀ ਸ਼ੱਰਾ ਅਨੁਸਾਰ ਹੋਰ ਗਲਾਂ ਤੋਂ ਉਪਰਾਂਤ ਧਾਰਮਿਕ ਪਰਪੱਕਤਾ ਲਈ ਇਨ੍ਹਾਂ ਪੰਜ ਬੁਨਿਆਦੀ ਨਿਯਮਾਂ ਉਤੇ ਜ਼ੋਰ ਦਿਤਾ ਜਾਂਦਾ ਹੈ। ਫ਼ਰੀਦ ਦੁਆਰਾ ਰਚਿਤ ਪ੍ਰਾਪਤ ਸ਼ਲੋਕਾਂ ਵਿਚੋਂ ਐਸੇ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸ਼ਲੋਕ ਕੇਵਲ ਉਪਰੋਕਤ ਹੀ ਹਨ, ਅਤੇ ਇਨ੍ਹਾਂ ਸ਼ਲੋਕਾਂ ਵਿਚ ਇਨ੍ਹਾਂ ਪੰਜਾਂ ਨਿਯਮਾਂ ਵਿਚੋਂ ਕੇਵਲ ਇਕ ਨਿਯਮ (ਨਿਮਾਜ਼) ਦੀ ਪਾਲਣਾ ਉਤੇ ਜ਼ੋਰ ਦਿਤਾ ਗਇਆ ਹੈ। ਇਸਦਾ ਇਹ ਅਰਥ ਨਹੀਂ ਕਿ ਫ਼ਰੀਦ ਦਾ ਦ੍ਰਿਸ਼ਟੀਕੋਣ ਬਾਕੀ ਚਾਰ ਨਿਯਮਾਂ ਪ੍ਰਤਿ ਨਿਖੇਧਾਤਮਕ ਹੈ ਯਾ ਉਨ੍ਹਾਂ ਦੀ ਪਾਲਣਾ ਤੋਂ ਉਹ ਬੇਮੁਖ ਹੈ ਯਾ ਉਨ੍ਹਾਂ ਦਾ ਵਿਰੋਧੀ ਹੈ। ਇਹ ਭੀ ਸੰਭਵ ਨਹੀਂ ਕਿ ਫ਼ਰੀਦ ਆਪਣੀ ਵਿਅਕਤੀਗਤ ਕਵਿਤਾ ਅਤੇ ਵਿਸ਼ੇਸ਼ ਕਰਕੇ ਜੀਵਨ ਦੇ ਧਾਰਮਿਕ ਪੱਖ ਅਰਥਾਤ ਧਾਰਮਿਕ ਮਾਨਤਾਵਾਂ ਦੀ ਅਦਾਇਗੀ ਵਿਚ ਅਵੇਸਲਾ ਹੋਵੇ ਅਤੇ ਵਿਅਕਤਿਤ੍ਵ ਦੀ ਉਨੈੱਣਤਾ ਨੂੰ ਇਨ੍ਹਾਂ ਪ੍ਰਤਿ ਸੁਹਿਰਦਤਾ ਤੋਂ ਸਿਵਾ ਸੰਭਵ ਸਮਝਦਾ ਹੋਵੇ। ਭਾਵ ਕੇਵਲ ਇਤਨਾ ਹੈ ਕਿ ਫ਼ਰੀਦ ਵਿਚ ਇਨ੍ਹਾਂ ਬੁਨਿਆਦੀ ਨਿਯਮਾਂ ਦੀ ਪਾਲਨਾ ਕੋਈ ਕਠੋਰ ਬੰਧਨ ਯਾ ਸੀਮਾ ਨਹੀਂ ਬਣ ਸਕੀ ਅਰਥਾਤ ਉਸ ਦੇ ਪ੍ਰਚਾਰ ਦਾ ਕੇਂਦਰ ਨਹੀਂ ਬਣੀ। ਮੁਸਲਮਾਨ ਹੋਣ ਕਰਕੇ ਉਸਦੇ ਵਿਚਾਰਾਂ ਵਿਚ ਇਨ੍ਹਾਂ ਦਾ ਸਮਰਥਨ ਹੋਣਾ ਇਕ ਸੁਭਾਵਿਕ ਗੱਲ ਹੈ ਅਤੇ ਇਹ ਗੱਲ ਉਸਦੇ ਸੂਫ਼ੀ ਹੋਣ ਵਿਚ ਰੁਕਾਵਟ ਨਹੀਂ ਬਣਦੀ। ਉਂਜ ਭੀ ਸੂਫ਼ੀ ਤੋਂ ਇਹ ਅਰਥ ਕਦੇ ਭੀ ਨਹੀਂ ਲਾਇਆ ਜਾ ਸਕਦਾ ਕਿ ਇਹ ਕੋਈ ਇਸਲਾਮ ਨਾਲੋਂ ਅਡਰੀ ਸੰਪਰਦਾਯ ਹੈ।

ਦੂਜੇ ਪਾਸੇ ਵਿਦਵਾਨਾਂ ਨੇ ਫ਼ਰੀਦ-ਕਾਲ ਨੂੰ ਸੂਫ਼ੀ ਮਤ ਦਾ ਸੰਕ੍ਰਾਂਤੀ ਕਾਲ ਭੀ ਮੰਨਿਆ ਹੈ। ਭਾਵ ਇਹ ਹੈ ਕਿ ਇਹ ਕਾਲ-ਖੰਡ ਸੂਫ਼ੀ ਮਤ ਦੇ ਵਿਕਾਸ ਵਿਚ ਇਕ ਐਸਾ ਸਮਾਂ ਹੈ ਜਿਸ ਵਿਚ ਇਸਲਾਮ ਦੀਆਂ ਪੂਰਵ-ਪ੍ਰਚਲਤ ਕੀਮਤਾਂ ਭੀ ਸਥਿਰ ਹਨ, ਭਾਵੇਂ ਉਨ੍ਹਾਂ ਪ੍ਰਤਿ ਦ੍ਰਿਸ਼ਟੀਕੋਣ ਬਦਲ ਰਹਿਆ ਹੈ, ਅਤੇ ਕੁਝ ਨੂਤਨ ਅੰਸ਼ਾਂ ਦਾ ਸਮਨਵਯ ਭੀ ਹੋ ਰਹਿਆ ਹੈ। ਯਾ ਦੂਜੇ ਸ਼ਬਦਾਂ ਵਿਚ ਕੁਝ ਵਿਚਾਰਵਾਨ ਅਥਵਾ ਦਰਸ਼ਨਵੇਤਾ ਇਸਲਾਮ ਦੇ ਰੀਤਿਗਤ ਨਿਯਮਾਂ ਦੀ ਪਾਲਨਾ ਅਤੇ ਧਾਰਮਿਕ ਮਾਨਤਾਵਾਂ ਦੀ ਪੂਰਤੀ ਉਤੇ ਜ਼ੋਰ ਦੇ ਰਹੇ ਸਨ, ਇਹ ਸੁਭਾਵਿਕ ਭੀ ਸੀ, ਅਤੇ ਕੁਝ ਇਨ੍ਹਾਂ ਵਿਚ ਜਥਾਵਸ਼ਕਤਾ ਪਰਿਵਰਤਨ ਲਿਆ ਕੇ, ਇਸ

ਵਿਚ ਸੁਧਾਰ ਦੀ ਭਾਵਨਾ ਨਾਲ ਯਾ ਨਿਜੀ ਅਨੁਭਵ ਦੇ ਪ੍ਰਗਟਾਓ ਦੀ ਭਾਵਨਾ ਨਾਲ, ਇਸ ਵਿਚ ਕੁਝ ਨੂਤਨ ਅੰਸ਼ਾਂ ਦਾ ਸਮਿਸ਼੍ਰਣ ਕਰਕੇ, ਜੀਵਨ ਰੂਪ ਦੇ ਰਹੇ ਸਨ। ਇਸ ਨਵੀਨਤਾ ਵਿਚ ਇਸਲਾਮ ਦੇ ਇਨ੍ਹਾਂ ਬੁਨਿਆਦੀ ਨਿਯਮਾਂ ਦਾ ਖੰਡਨ ਜ਼ਰੂਰ ਕੀਤਾ ਜਾਂਦਾ ਸੀ ਅਤੇ ਉਹ ਭੀ ਇਨ੍ਹਾਂ ਦੀ ਅਸਾਰਥਕਤਾ ਦੇ ਆਧਾਰ ਤੇ। ਇਨ੍ਹਾਂ ਦੀ ਹੋਂਦ ਪ੍ਰਤਿ ਵਿਦਰੋਹ ਦੀ ਥਾਂ ਤੇ ਇਹ ਭਾਵਨਾ ਪ੍ਰਜ੍ਵਲਿਤ ਹੋ ਰਹੀ ਸੀ ਕਿ ਇਨ੍ਹਾਂ ਦੀ ਅਦਾਇਗੀ ਵਿਚ ਦਿਲੀ ਸਿੱਦਕ ਦੇ ਅਭਾਵ ਤੋਂ ਮੁਕਤ ਹੋਇਆ ਜਾਵੇ ਅਤੇ ਇਸ ਸਾਰ-ਹੀਣ ਰੂਪ ਵਿਚ ਸਾਰ ਦਾ ਸੰਚਾਰ ਕੀਤਾ ਜਾਵੇ। ਵਿਚਾਰ ਦੇ ਇਸ ਪੱਖ ਨੂੰ ਪੇਸ਼ ਕਰਨ ਸਮੇਂ ਉਨ੍ਹਾਂ ਦੇ ਅੰਦਾਜ਼ ਵਿਚ ਵਿਅੰਗ ਅਤੇ ਕਠੋਰਤਾ ਦਾ ਅੰਸ਼ ਜ਼ਰੂਰ ਪ੍ਰਵੇਸ਼ ਕਰ ਜਾਂਦਾ ਸੀ। ਫ਼ਰੀਦ ਦੇ ਇਨ੍ਹਾਂ ਸ਼ਲੋਕਾਂ ਵਿਚ ਇਸਲਾਮ ਦੇ ਬੁਨਿਯਾਦੀ ਨਿਯਮਾਂ ਦੀ ਪਾਲਨਾ ਉਤੇ ਸਾਮੂਹਿਕ ਰੂਪ ਵਿਚ ਯਾ ਆਂਗਿਕ ਰੂਪ ਵਿਚ, ਜ਼ੋਰ ਜ਼ਰੂਰ ਹੈ ਪਰ ਇਨ੍ਹਾਂ ਵਿਚ ਉਸ ਮਾਨਸਿਕ ਸੁਹਿਰਦਤਾ ਅਤੇ ਦਿਲੀ ਸ਼ਿੱਦਤ ਦਾ ਅਭਾਵ ਨਹੀਂ। ਇਨ੍ਹਾਂ ਦੀ ਪਾਲਨਾ ਪ੍ਰਤਿ ਵਿਚਾਰ ਪੇਸ਼ ਕਰਨ ਸਮੇਂ ਉਹ ਆਪਣੇ ਸ਼ੈਲੀਗਤ ਅੰਦਾਜ਼ ਵਿਚ ਸਾਧਾਰਣ ਨਾਲੋਂ ਕਠੋਰ ਹੋ ਜਾਂਦਾ ਹੈ ਅਤੇ ਬੇਮੁਖ ਮਨੁਖ ਨੂੰ 'ਬੇਨਿਵਾਜ਼ਾ ਕੁਤਿਆ' ਕਹਿਣ ਤੋਂ ਉਪਰਾਂਤ ਸਾਂਈ ਅਗੇ ਨ ਨਿਵਣ ਵਾਲੇ ਸਿਰ ਨੂੰ 'ਕਪ ਉਤਾਰ' ਅਤੇ 'ਕੁੰਨੇ ਹੇਠ ਜਲਾਈਐ' ਆਦਿ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ। ਇਹ ਸਾਧਾਰਣ ਨਾਲੋਂ ਕਠੋਰਤਾ ਉਸਦੀ ਮਾਨਸਿਕ ਵਿਆਕੁਲਤਾ ਅਤੇ ਦਿਲੀ ਸ਼ਿੱਦਤ ਦੀ ਸੂਚਕ ਹੈ। ਉਸ ਅਨੁਸਾਰ ਇਹ ਪਾਲਨਾ ਕੇਵਲ ਆਂਗਿਕ ਕਰਮ ਨ ਰਹਿ ਕੇ ਮਾਨਸਿਕ ਗੁਣ-ਸੰਪੰਨ ਹੋ ਜਾਂਦੀ ਹੈ, ਜੋ ਸਾਧਨ ਲਈ ਕਲਿਆਣਕਾਰੀ ਹੁੰਦੀ ਹੈ। ਇਸ ਤੋਂ ਉਪਰਾਂਤ ਫ਼ਰੀਦ ਦੁਆਰਾ ਪ੍ਰਣੀਤ ਸ਼ਲੋਕਾਂ ਵਿਚ ਹੋਰ ਵੀ ਕਈ ਵਿਚਾਰ ਯਾ ਵਿਚਾਰਾਂਗ ਐਸੇ ਆਏ ਹਨ ਜੋ ਉਸਦੇ ਧਾਰਮਿਕ ਖੇਤ੍ਰ ਨਾਲ ਸੰਬੰਧਿਤ ਹਨ। ਅਰਥਾਤ ਉਸਦੇ ਨਿਜੀ ਧਰਮ ਇਸਲਾਮ ਦੇ ਖੇਤ੍ਰ ਵਿਚੋਂ ਆਏ ਹਨ।

"ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ"

"ਫਰੀਦਾ ਇਟ ਸਿਰਾਣੇ, ਭੁਇ ਸਵਣੁ, ਕੀੜਾ ਲੜਿਓ ਮਾਸਿ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ" ॥੬੭॥

ਆਦਿ ਪੰਕਤੀਆਂ ਤੋਂ ਉਪਰਾਂਤ 'ਮਲਕਲ-ਮਉਤ' ਅਤੇ ਪੁਰ-ਸਲਾਤ ਆਦਿ ਸ਼ਬਦਾਂ ਰਾਹੀਂ ਇਨ੍ਹਾਂ ਨਾਲ ਸੰਬੰਧਿਤ ਮਾਨਯਤਾਵਾਂ ਦਾ ਪ੍ਰਗਟਾਉ ਭੀ ਕੀਤਾ ਹੈ।

ਪਰ ਇਸ ਸ਼ਬਦ ਅਤੇ ਇਨ੍ਹਾਂ ਨਾਲ ਸੰਬੰਧਿਤ ਮਾਨਤਾਵਾਂ ਫ਼ਰੀਦ ਦੀ ਬਾਣੀ ਵਿਚ ਕੋਈ ਸਿਧਾਂਤਕ ਰੂਪ ਨਹੀਂ ਗ੍ਰਹਿਣ ਕਰ ਸਕੀਆਂ ਅਤੇ ਬਹੁਤੀ ਥਾਂ ਕੇਵਲ ਸੰਕੇਤਕ ਰੂਪ ਵਿਚ ਹੀ ਆਈਆਂ ਹਨ। ਇਹ ਠੀਕ ਹੈ ਕਿ ਇਹ ਸੰਕੇਤ ਯਾ ਇਸ਼ਾਰਾ ਵਿਚਾਰ ਦੇ ਕਿਸੇ ਨ ਕਿਸੇ ਪੱਖ ਨੂੰ ਸਪਸ਼ਟ ਕਰਨ ਲਈ ਕੀਤਾ ਜਾਂਦਾ ਹੈ ਪਰ ਵੇਖਣਾ ਇਹ ਹੈ ਕਿ ਵਿਚਾਰ ਦਾ ਇਹ ਪੱਖ ਉਸ ਕਲਾਕਾਰ ਦੀ ਸਮੁੱਚੀ ਵਿਚਾਰ-ਸਾਮਗ੍ਰੀ ਵਿਚ ਕਿਤਨੇ ਇਕ ਮਹੱਤ੍ਵ ਦਾ ਧਾਰਨੀ ਹੈ ਯਾ ਦੂਸਰੇ ਸ਼ਬਦਾਂ ਵਿਚ ਉਸਨੂੰ ਕਿਤਨਾ ਇਕ ਮਹੱਤ੍ਵ ਦਿਤਾ ਜਾ ਸਕਦਾ ਹੈ। ਫ਼ਰੀਦ ਦੇ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਚਲਿਤ ਇਸਲਾਮੀ ਧਾਰਮਿਕ ਮਾਨਤਾਵਾਂ ਨੂੰ ਸੰਕੇਤਕ ਰੂਪ ਵਿਚ ਜ਼ਰੂਰ ਪੇਸ਼ ਕੀਤਾ ਹੈ ਅਤੇ ਭਾਵੇਂ ਇਹ ਕਿਸੇ ਸਿਧਾਂਤਕ ਪੱਖ ਗੰਭੀਰ ਰੂਪ ਵਿਚ ਪੇਸ਼ ਨਹੀਂ ਕਰਦੀਆਂ ਪਰ ਫਿਰ ਭੀ ਇਨ੍ਹਾਂ ਦਾ ਧਾਰਮਿਕ ਖੇਤ੍ਰ ਵਿਚ ਮਹੱਤ੍ਵ ਹੈ। ਗੰਭੀਰ ਰੂਪ ਤੋਂ ਭਾਵ ਇਹ ਹੈ ਕਿ ਇਥੇ ਇਹ ਕਿਸੇ ਇਕ ਦਾਰਸ਼ਨਿਕ ਵਿਚਾਰ ਯਾ ਵਿਚਾਰ ਦੇ ਸਪਸ਼ਟੀਕਰਣ ਲਈ ਨਹੀਂ ਆਇਆ ਬਲਕਿ ਸਾਧਾਰਣ ਮਨੁੱਖ ਨੂੰ ਉਸਦੇ ਜੀਵਨ ਦੀ ਆਸਾਰਤਾ, ਅਸਾਰਥਕਤਾ ਨਾਸ਼ਮਾਨਤਾ ਅਤੇ ਤੁੱਛਤਾ ਤੋਂ ਧਾਰਮਿਕ ਸ਼ਬਦਾਵਲੀ ਰਾਹੀਂ ਗਿਆਤ ਕਰਵਾਇਆ ਹੈ ਅਤੇ ਇਸ ਦੇ ਧਾਰਮਿਕ ਖੇਤ੍ਰ ਵਿਚ ਮਹੱਤਵ ਤੋਂ ਭਾਵ ਇਹ ਹੈ ਕਿ ਇਨ੍ਹਾਂ ਰਾਹੀਂ ਸਾਧਾਰਣ ਜਨਤਾ ਨੂੰ ਕਿਸੇ ਵਿਸ਼ੇਸ਼ ਕੇਂਦਰ ਤੇ ਕੇਂਦਰਿਤ ਕੀਤਾ ਹੈ। ਅਤੇ ਇਹ ਕੇਂਦਰ ਹੈ ਜੀਵਨ ਦੀ ਨਿਸ਼-ਪ੍ਰਾਣਤਾ ਨੂੰ ਤਿਆਗ ਕੇ ਇਸਨੂੰ ਪ੍ਰਾਣਵੰਤ ਕਰਨਾ ਅਤੇ ਕਿਸੇ ਨ ਕਿਸੇ ਸਾਧਨ ਰਾਹੀਂ, ਸਦ੍-ਕਰਮ ਅਤੇ ਸਦ੍-ਭਾਵਨਾ ਰਾਹੀਂ ਅਰਥਾਤ ਆਚਰਣਿਕ ਪ੍ਰਾਂਜਲਤਾ ਰਾਹੀਂ ਉਸ ਅਸੀਮ ਸ਼ਕਤੀ ਨਾਲ ਇਕਸੁਰ ਹੋਣਾ। ਇਸ ਲਕਸ਼ ਦੀ ਪ੍ਰਾਪਤੀ ਲਈ ਫ਼ਰੀਦ ਨੇ ਇਸ ਪ੍ਰਕਾਰ ਦੀਆਂ ਕੇਵਲ ਇਸਲਾਮੀ ਮਾਨਤਾਵਾਂ ਨੂੰ ਹੀ ਆਧਾਰ ਨਹੀਂ ਬਣਾਇਆ ਬਲਕਿ ਹੋਰ ਦਾਰਸ਼ਨਿਕ ਯਾ ਧਾਰਮਿਕ ਖੇਤ੍ਰਾਂ ਵਿਚੋਂ ਵਿਚਾਰ ਯਾ ਵਿਚਾਰ-ਪ੍ਰਗਟਾਉ ਸੰਕੇਤ ਲੈ ਕੇ ਭੀ ਵਰਤੇ ਹਨ। ਨਿਮਨਾਂਕਿਤ ਸ਼ਲੋਕ :—

ਫ਼ਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥

ਵਿਰਲਾ ਜ਼ਿੰਦਗੀ ਦੀ ਅਨੰਤਤਾ ਦਾ ਵਿਚਾਰ ਇਸਲਾਮੀ ਮਾਨਤਾ ਦੇ ਅਨੁਕੂਲ ਨਹੀਂ, ਪਰ ਫ਼ਰੀਦ ਨੇ ਇਸ ਦਾ ਭੀ ਲੋੜ ਅਨੁਸਾਰ ਪ੍ਰਯੋਗ ਕਰ ਲਇਆ

ਹੈ। ਸਪਸ਼ਟ ਹੈ ਕਿ ਫ਼ਰੀਦ ਕਿਸੇ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਲਈ ਕਿਸੇ ਭੀ ਖੇਤ੍ਰ ਵਿਚੋਂ ਸੰਕੇਤ ਲੈ ਕੇ ਪੇਸ਼ ਕਰਨ ਤੋਂ ਸੰਕੋਚ ਨਹੀਂ ਕਰਦਾ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਜੇ ਤਾਂ ਫ਼ਰੀਦ ਇਨ੍ਹਾਂ ਪ੍ਰਤਿ ਚੇਤੰਨ ਹੈ ਤਾਂ ਉਹ ਕਿਸੇ ਧਰਮ ਦੀ ਧਾਰਮਿਕ ਸੀਮਾ ਤੋਂ ਵਿਮੁਕਤ ਹੈ ਅਤੇ ਇਕ ਸੱਚਾ ਫ਼ੱਕਰ ਅਰਥਾਤ ਦਰਵੇਸ਼ ਹੋਣ ਦੇ ਨਾਤੇ ਇਕੋ ਪਥ ਦਾ ਪਥਿਕ ਹੈ ਅਤੇ ਜੇ ਇਹ ਪ੍ਰਯੋਗ ਅਚੇਤ ਰੂਪ ਵਿਚ ਹੀ ਹੋਏ ਹਨ ਤਾਂ ਪੂਰਵ ਵਰਣਿਤ ਪ੍ਰਯੋਗ ਭੀ ਇਸੇ ਵਰਗ ਵਿਚ ਹੋ ਸਕਦੇ ਹਨ ਅਤੇ ਇਨ੍ਹਾਂ ਪ੍ਰਤਿ ਭੀ ਅਸਾਡਾ ਦ੍ਰਿਸ਼ਟੀਕੋਣ ਇਹ ਬਣ ਸਕਦਾ ਹੈ।

ਅਧਿਆਤਮਕ ਜਗਤ ਵਿਚ ਆਤਮ-ਤਤ੍ਵ ਨੂੰ ਮਹੱਤ੍ਵ ਪ੍ਰਾਪਤ ਹੈ ਅਤੇ ਇਸਦੀ ਏਕਤਾ ਦਾ ਵਿਚਾਰ ਬਣਾਇਆ ਜਾਂਦਾ ਹੈ। ਇਹ ਗੱਲ ਵੱਖ ਹੈ ਕਿ ਪਦਾਰਥ-ਵਾਦੀਆਂ ਦੇ ਦ੍ਰਿਸ਼ਟੀਕੋਣ ਅਨੁਸਾਰ ਆਤਮ-ਤਤ੍ਵਾਂ ਦੀ ਹੋਂਦ ਅਰਥਾਤ ਪ੍ਰਕਾਰ ਦ੍ਵਾਰਾ ਨਿਰਧਾਰਿਤ ਹੁੰਦਾ ਹੈ। ਹਰ ਇਕ ਵਿਅਕਤੀ ਜਾਤੀ ਯਾ ਰਾਸ਼ਟਰ ਆਪਣੀਆਂ ਪਰਸਥਿਤੀਆਂ ਅਨੁਸਾਰ ਚੇਤਨਾ ਗ੍ਰਹਿਣ ਕਰਦਾ ਅਤੇ ਇਨ੍ਹਾਂ ਨੂੰ ਪ੍ਰਭਾਵਿਤ ਕਰਦਿਆਂ ਹੋਇਆਂ ਪਰਸਪਰ ਅਦਾਨ ਪ੍ਰਦਾਨ ਦੇ ਕਰਮ ਨੂੰ ਗਤਿਸ਼ੀਲ ਰਖਦਾ ਹੈ। ਇਸ ਤਰ੍ਹਾਂ ਵਿਭਿੰਨ ਵਿਅਕਤੀ, ਜਾਤੀ ਯਾ ਰਾਸ਼ਟ੍ਰ ਦੀ ਚੇਤਨਾ ਵਭਿੰਨ ਪ੍ਰਕਾਰ ਦੀ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਆਤਮ-ਤਤ੍ਵ ਦੇ ਸ੍ਵਰੂਪ ਅਤੇ ਕਰਮ ਪ੍ਰਤਿ ਭੀ ਦ੍ਰਿਸ਼ਟੀਕੋਣ ਨਿਜੀ ਹੋ ਸਕਦਾ ਹੈ, ਪਰ ਇਹਦੀ ਹੋਂਦ ਪ੍ਰਤੀ ਸ਼ੰਕਾ ਨਹੀਂ ਹੋ ਸਕਦਾ, ਅਤੇ ਇਹੋ ਹੀ ਅਧਿਆਤਮਵਾਦੀਆਂ ਦੇ ਏਕਤਾ ਅਰਥਾਤ ਪਰਸਪਰ ਸਮਤਾ ਪ੍ਰਤਿ ਦ੍ਰਿਸ਼ਟੀਕੋਣ ਦਾ ਆਧਾਰ ਬਣਿਆ ਹੈ। ਦੁਨੀਆਂ ਦੇ ਬਹੁਤੇ ਧਰਮਾਂ ਨੇ ਵਿਚਾਰ ਦੇ ਇਸ ਪੱਖ ਨੂੰ ਪੇਸ਼ ਕੀਤਾ ਅਤੇ ਮਨੁੱਖ ਨੂੰ ਇਸ ਉਤੇ ਅਮਲ ਕਰਨ ਲਈ ਪ੍ਰੇਰਿਤ ਕੀਤਾ ਹੈ, ਭਾਵੇਂ ਕੁਝ ਧਾਰਮਿਕ ਪ੍ਰਤਿਨਿਧਾਂ ਨੇ ਕਿਸੇ ਵਿਸ਼ੇਸ਼ ਕਾਰਣ ਅਧੀਨ ਇਨ੍ਹਾਂ ਦੀ ਅਨੁਚਿਤ ਵਿਆਖਿਆ ਕਰਕੇ ਜਨ ਯਾ ਜਨ-ਸਮੂਹ ਨੂੰ ਅਨੁਚਿਤ ਦਿਸ਼ਾ ਵਲ ਆਕਰਸ਼ਿਤ ਕੀਤਾ ਹੈ। ਫ਼ਰੀਦ ਭੀ ਇਕ ਅਧਿਆਤਮ-ਵਾਦੀ ਕਵੀ ਹੈ ਅਤੇ ਕਿਸੇ ਧਰਮ ਦੇ ਬੰਧਨਾਂ ਤੋਂ ਵਿਮੁਕਤ ਹੁੰਦਾ ਹੋਇਆ ਉਹ ਅਧਿਆਤਮਕ ਪੰਥ ਦਾ ਪਥਿਕ ਬਣਦਾ ਹੈ। ਉਸ ਦੇ ਅਧਿਆਤਮਕ ਅਨੁਭਵ ਦਾ ਆਧਾਰ ਕਿਸੇ ਅਸੀਮ ਸ਼ਕਤੀ ਨਾਲ ਰਾਗਾਤਮਕ ਸੰਬੰਧ ਸਥਾਪਿਤ ਕਰਕੇ ਉਸ ਵਿਚ ਲੀਨ ਹੋਣ ਤੋਂ ਉਪਰਾਂਤ ਇਕ ਸੁਰ ਹੋਣਾ ਹੈ। ਇਹ ਰਾਗਾਤਮਕ ਸੰਬੰਧ ਸਥਾਪਿਤ ਕਰਨ ਨਾਲ ਅਰਥਾਤ ਆਪਣੇ ਆਪ ਨੂੰ ਇਸ ਸੰਬੰਧ ਵਿਚ ਪ੍ਰਵਿਸ਼ਟ

ਕਰਨ ਨਾਲ ਮਨੁੱਖੀ (ਸਾਧਕ) ਮਨ ਵਿਚ ਵਿਆਕੁਲਤਾ, ਤੜਪ ਅਤੇ ਸ਼ਿਦਤ ਪੈਦਾ ਹੋ ਜਾਂਦੀ ਹੈ ਅਤੇ ਉਹ ਇਕਸੁਰ ਹੋਣ ਲਈ ਉਤਕੰਠਿਤ ਹੁੰਦਾ ਹੈ। ਇਸ ਉਤਕੰਠਾ ਦੇ ਸਾਹਿਤ ਸ਼ਾਸਤ੍ਰੀਆਂ ਨੇ ਇਸ ਨੂੰ ਵਿਰਹ ਦਾ ਨਾਮ ਦਿਤਾ ਅਤੇ ਬਹੁਤੀ ਵਾਰੀ ਇਸਨੂੰ ਕਿਸੇ ਸ਼ੂਨਜ ਅਵਸਥਾ ਦਾ ਸੂਚਕ ਦਸਿਆ ਹੈ। ਪਰ ਫ਼ਰੀਦ ਯਾ ਉਸਦੇ ਸਹ ਮਾਰਗੀ ਇਸ ਅਵਸਥਾ ਨੂੰ ਸ਼ੂਨਜ ਨ ਸਮਝ ਕੇ ਲਕਸ਼ ਪ੍ਰਾਪਤੀ ਦਾ ਸਾਧਨ ਮੰਨਦੇ ਹਨ ਅਤੇ ਜਿਥੇ ਇਸਦੇ ਅਭਾਵ ਨੂੰ ਲਕਸ਼-ਪ੍ਰਾਪਤੀ ਪ੍ਰਤਿ ਬਾਧਕ ਸਮਝਦੇ ਹਨ ਉਥੇ ਇਸਦੀ ਹੋਂਦ ਨੂੰ ਸਰਵੋਤਮ ਮਹਤ੍ਵ ਦੇਂਦੇ ਹਨ। ਫ਼ਰੀਦ ਇਸ ਦੇ ਅਭਾਵ ਵਾਲੇ ਆਕਾਰ ਨੂੰ ਜੜ ਵਸਤੂ ਸਮਝਦਾ ਹੈ : —

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨਾ ਊਪਜੈ ਸੋ ਤਨੁ ਜਾਣੁ ਮਸਾਣੁ ॥੩੬॥

ਇਸ ਤਰ੍ਹਾਂ ਉਤਕੰਠਾ-ਭਰਪੂਰ ਮਨ ਕਦੇ ਆਪਣੇ ਇਸ਼ਟ ਦੇ ਸੰਯੋਗ ਨੂੰ ਅਨੁਭਵ ਕਰਦਾ ਹੋਇਆ ਉੱਲਾਸ ਪ੍ਰਾਪਤ ਕਰਦਾ ਹੈ ਪਰ ਇਸ ਉਤਕੰਠਾ ਵਿਚ ਸ਼ਿਥਿਲਤਾ ਆਣ ਕਰਕੇ ਉਸਦੇ ਸੰਯੋਗ ਅਤੇ ਇਸ ਦੁਆਰਾ ਉਤਪੰਨ ਹੋਏ ਉੱਲਾਸ ਦੀ ਭਾਵਨਾ ਪਰਿਵਰਤਿਤ ਹੋ ਜਾਂਦੀ ਹੈ ਅਤੇ ਪੀੜਿਤ ਮਨ ਫਿਰ ਪ੍ਰਾਪਤੀ ਲਈ ਕਰਮਸ਼ੀਲ ਹੁੰਦਾ ਹੈ। ਇਸ ਕਰਮਸ਼ੀਲਤਾ ਵਿਚ ਉਹ ਨੂਰੀ ਜਲਵੇ ਨੂੰ ਵਿਸਤ੍ਰਿਤ ਦ੍ਰਿਸ਼ਟੀ ਨਾਲ ਵੇਖਦਾ ਹੈ। ਮਨ ਦੀਆਂ ਸਮੁੱਚੀਆਂ ਕਰਮਸ਼ੀਲ ਸ਼ਕਤੀਆਂ ਨੂੰ ਕੇਂਦ੍ਰਿਤ ਕਰਦਾ ਹੋਇਆ ਅਗੇ ਵਧਦਾ ਹੈ। ਇਸ ਵਿਸਤ੍ਰਿਤ ਦ੍ਰਿਸ਼ਟੀ ਅਤੇ ਕੇਂਦ੍ਰਿਤ ਕਰਮਸ਼ੀਲ ਸ਼ਕਤੀਆਂ ਰਾਹੀਂ ਉਸਦਾ ਆਤਮ-ਤਤ੍ਵ ਜਾਗ੍ਰਿਤ ਹੁੰਦਾ ਹੈ ਅਤੇ ਸਮੁੱਚੇ ਸੰਸਾਰ ਵਿਚ ਇਕ ਹੀ ਆਤਮਾ ਗਤਿਸ਼ੀਲ ਵਿਖਾਈ ਦੇਂਦੀ ਹੈ। ਇਸ ਤਰ੍ਹਾਂ ਆਤਮਾ ਨੂੰ ਉਸ ਕੁਲ ਦਾ ਜੁਜ਼ ਮੰਨਦੇ ਹੋਏ ਅਧਿਆਤਮਕ ਕਵੀ ਉਸਦੇ ਜਲਵੇ ਨੂੰ ਸਰਵ-ਵਿਆਪਕ ਮੰਨਦੇ ਹਨ :—

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥੧੩੦॥

ੴ ਸਤਿਗੁਰ ਪ੍ਰਸਾਦਿ ॥

# ਸਲੋਕ ਸ਼ੇਖ ਫ਼ਰੀਦ

ਜਿਤੁ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਇ ।
ਮਲਕੁ ਜਿ ਕੰਨੀ ਸੁਣੀਦਾ ਮੁਹੁ ਦਿਖਾਲੇ ਆਇ ।
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ।
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ।
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ।
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ।
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ।
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥

ਧਨ—ਇਸਤ੍ਰੀ । ਵਰੀ—ਵਿਆਹੀ । ਸਾਹੇ—ਵਕਤ । ਮਲਕੁ—ਮੌਤ ਦਾ ਫਰਿਸ਼ਤਾ । ਪਰਣਾਇ—ਵਿਆਹ ਕੇ । ਜੋਲਿਕੈ—ਤੋਰ ਕੇ । ਧਾਇ—ਦੌੜ ਕੇ । ਪੁਰਸਲਾਤ—ਦਰਗਾਹ ਦਾ ਰਾਹ । ਕਿੜੀ—ਅਵਾਜ਼ਾਂ । ਮੁਹਾਇ—ਲੁਟਾ ।

**ਅਰਥ**—ਜਿਸ ਦਿਨ (ਜੀਵ ਰੂਪੀ) ਇਸਤ੍ਰੀ ਵਿਆਹੀ ਜਾਣੀ ਹੈ, ਉਹ

ਸਾਹਾ (ਵੇਲਾ) ਇਸ ਨੇ ਲਿਖਾ ਲਿਆ ਹੋਇਆ ਹੈ। ਮਲਕੁ ਅਥਵਾ ਮੌਤ ਦਾ ਫ਼ਰਿਸ਼ਤਾ (ਉਸ ਵੇਲੇ) ਆ ਮੂੰਹ ਵਿਖਾਲਦਾ ਹੈ। (ਉਸ ਵੇਲੇ) ਹੱਡਾਂ ਨੂੰ ਕੜਕਾ ਕੜਕਾ ਕੇ ਨਿਮਾਣੀ ਜਿੰਦ ਨੂੰ (ਸਰੀਰ ਵਿਚੋਂ) ਕੱਢਿਆ ਜਾਂਦਾ ਹੈ। (ਹੇ ਜੀਵ !) ਆਪਣੀ ਜਿੰਦ ਨੂੰ ਸਮਝਾ ਕਿ ਕੀ ਤੂੰ ਲਿਖੇ ਹੋਏ ਵੇਲੇ ਤੇ (ਇਸ ਦੁਨੀਆਂ ਵਿਚੋਂ) ਨਹੀਂ ਜਾਣਾ ? ਜਿੰਦ ਵਹੁਟੀ ਹੈ ਤੇ ਮੌਤ ਇਸ ਦਾ ਵਰ (ਪਤੀ) ਹੈ (ਜੋ ਇਸ ਨੂੰ) ਵਿਆਹ ਕੇ ਲੈ ਜਾਵੇਗਾ। (ਏਹ ਦੇਹੀ) ਆਪਣੇ ਹੱਥੀਂ ਜਿੰਦ ਨੂੰ (ਮੌਤ ਨਾਲ) ਤੋਰ ਕੇ (ਹੁਣ) ਕਿਸੇ ਦੇ ਗਲ ਦੌੜ ਕੇ ਲਗੇਗੀ। ਜਮਾਂ ਦਾ ਰਾਹ ਵਾਲ ਤੋਂ ਵੀ ਨਿੱਕਾ ਹੈ, ਜਿਸ ਦੀ (ਸੋਅ) ਕੰਨਾਂ ਨਾਲ ਨਹੀਂ ਸੁਣੀ ਜਾਂਦੀ। ਫ਼ਰੀਦ ਜੀ ਕਹਿੰਦੇ ਹਨ (ਹੇ ਭਾਈ !) ਤੈਨੂੰ ਅਵਾਜ਼ਾਂ ਪੈਂਦੀਆਂ ਪਈਆਂ ਨੇ ਕਿ ਤੂੰ ਖੜਾ ਖੜਾ ਆਪਣੇ ਆਪ ਨੂੰ ਨਾ ਲੁਟਾਈ ਜਾ।

**ਭਾਵ ਅਰਥ**—ਜੀਵਾਂ ਦੇ ਪੈਦਾ ਹੋਣ ਸਮੇਂ ਹੀ ਇਨ੍ਹਾਂ ਦੇ ਮਰਣ ਦਾ ਵੇਲਾ ਵੀ ਨਾਲ ਹੀ ਲਿਖਿਆ ਜਾਂਦਾ ਹੈ। ਉਸ ਲਿਖੇ ਹੋਏ ਸਮੇਂ ਤੇ ਜਮ-ਰਾਜ ਜੀਵ ਦੀ ਜਾਨ ਲੈਣ ਲਈ ਆ ਜਾਂਦਾ ਹੈ ਅਤੇ ਹੱਡਾਂ ਨੂੰ ਕੜਕਾ ਕੜਕਾ ਕੇ ਜਾਨ ਕੱਢਦਾ ਹੈ। ਇਸ ਲਈ ਹੇ ਜੀਵ ! ਤੈਨੂੰ ਆਪਣੀ ਜਾਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਕੀ ਤੂੰ ਲਿਖੇ ਹੋਏ ਵੇਲੇ ਤੇ ਜਮ ਰਾਜ ਨਾਲ ਨਹੀਂ ਜਾਣਾ।

ਇਹ ਜਿੰਦ ਵਹੁਟੀ ਹੈ ਤੇ ਮੌਤ ਇਸ ਦਾ ਪਤੀ ਹੈ, ਮੌਤ ਨੇ ਇਸ ਨੂੰ ਵਿਆਹ ਕੇ ਲੈ ਜਾਣਾ ਹੈ। ਫ਼ਰੀਦ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਵੀਂ ਵਿਆਹੀ ਹੋਈ ਕੁੜੀ ਸਹੁਰੇ ਜਾਣ ਲੱਗੀ ਆਪਣੇ ਪੇਕਿਆਂ ਨੂੰ ਗਲ ਲੱਗ ਲੱਗ ਕੇ ਮਿਲਦੀ ਹੈ, ਇਹ ਜਿੰਦ ਮਰ ਕੇ ਕਿਸ ਦੇ ਗਲ ਲਗੇਗੀ। ਦਰਗਾਹ ਅਥਵਾ ਜਮਾਂ ਦਾ ਰਾਹ ਵਾਲ ਨਾਲੋਂ ਵੀ ਬਰੀਕ ਹੈ, ਜਿਸ ਵਿਚੋਂ ਦੀ ਲੰਘ ਕੇ ਜਾਣਾ ਪੈਂਦਾ ਹੈ, ਉਸ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਗੱਲ ਕੰਨਾਂ ਨਾਲ ਨਹੀਂ ਸੁਣੀ ਗਈ ਕਿ ਓਥੇ ਕੀ ਕੁਝ ਹੁੰਦਾ ਹੈ ਤੇ ਉਸ ਰਾਹ ਵਿਚੋਂ ਕਿਸ ਤਰ੍ਹਾਂ ਲੰਘੀਦਾ ਹੈ। ਅੰਤ ਵਿਚ ਫ਼ਰੀਦ ਜੀ ਦੱਸਦੇ ਨੇ ਕਿ ਹੇ ਜੀਵ ਤੂੰ ਦੁਨੀਆਂ ਵਿਚ ਖੜਾ ਆਪਣੇ ਆਪ ਨੂੰ ਲੁਟਾਈ ਨਾ ਜਾਹ ਕੋਈ ਲਾਹਾ ਖੱਟ ਲੈ ॥੧॥

ਫਰੀਦਾ ਦਰ ਦਰਵੇਸੀ ਗਾਖੜੀ ਚਲਾ ਦੁਨੀਆ ਭਤਿ ॥
ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥

ਦਰ—ਦਰਵਾਜਾ । ਦਰਵੇਸੀ—ਫਕੀਰੀ। ਗਾਖੜੀ—ਔਖੀ । ਭਤਿ –ਵਾਂਗ, ਢੰਗ ਨਾਲ। ਵੰਞਾ—ਜਾਵਾਂ। ਘਤਿ—ਸੁੱਟ ਕੇ।

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ (ਰੱਬ ਦੇ) ਦਰ ਦੀ ਫ਼ਕੀਰੀ ਬੜੀ ਔਖੀ ਹੈ ਅਤੇ ਮੈਂ ਦੁਨੀਆਂ ਵਾਲੇ ਢੰਗ ਅਨੁਸਾਰ ਚਲਦਾ ਹਾਂ। ਪਰ ਮੈਂ ਫ਼ਕੀਰੀ ਦੀ ਪੰਡ ਬੰਨ੍ਹ ਕੇ ਚੁਕ ਲਈ ਹੈ। ਇਸ ਨੂੰ ਸੁਟ ਕੇ ਕਿੱਥੇ ਚਲਾ ਜਾਵਾਂ।

**ਭਾਵ ਅਰਥ**—ਫਕੀਰੀ ਦਾ ਰਾਹ ਬੜਾ ਔਖਾ ਹੈ। ਫ਼ਕੀਰ ਨੂੰ ਸਾਰੇ ਸੰਸਾਰ ਦੇ ਝਮੇਲਿਆਂ ਵੱਲੋਂ ਬਿਲਕੁਲ ਅਟੰਕ ਹੋਣਾ ਪੈਂਦਾ ਹੈ। ਫ਼ਰੀਦ ਜੀ ਕਹਿੰਦੇ ਹਨ ਕਿ ਦੁਨੀਆਂ ਵਿਚ ਰਹਿੰਦਿਆਂ ਹੋਇਆਂ ਮੈਨੂੰ ਦੁਨੀਆਂ ਵਾਂਗ ਤੁਰਨਾ ਪੈਂਦਾ ਹੈ ਤੇ ਦੁਨੀਆਂਦਾਰਾਂ ਵਾਲੇ ਕੰਮ ਕਾਜ ਕਰਨੇ ਪੈਂਦੇ ਹਨ। ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਹੁਣ ਫ਼ਕੀਰੀ ਦੀ ਪੰਡ ਸਿਰ ਉਤੇ ਚੁਕ ਕੇ ਬੈਠਾ ਹਾਂ, ਪਰ ਮੇਰਾ ਦਿਲ ਦੁਨੀਆਂ ਵਿਚ ਲੱਗਾ ਹੋਇਆ ਹੈ। ਮੈਂ ਇਸ ਫ਼ਕੀਰੀ ਦੀ ਪੰਡ ਨੂੰ ਸੁਟ ਕੇ ਕਿੱਥੇ ਚਲਾ ਜਾਵਾਂ।

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ ॥
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ ॥੩॥

ਕਿਛੁ ਨਾ—ਕੁਛ ਵੀ ਨਾ। ਬੁਝੈ—ਸਮਝ ਪੈਂਦੀ। ਸੁੱਝੈ—ਦਿਸਦਾ। ਭਾਹਿ—ਅੱਗ। ਹੰਭੀ—ਮੈਂ ਵੀ। ਦਝਾਂ ਆਹਿ—ਸੜ ਜਾਂਦਾ।

**ਅਰਥ**—ਕੁਝ ਸਮਝ ਨਹੀਂ ਪੈਂਦੀ, ਕੁਝ ਪਤਾ ਨਹੀਂ ਲੱਗਦਾ ਦੁਨੀਆਂ (ਇਕ ਤਰ੍ਹਾਂ ਦੀ) ਗੁੱਝੀ ਅੱਗ ਹੈ। ਮੇਰੇ ਮੁਰਸ਼ਦ ਨੇ ਮੈਨੂੰ ਚੰਗਾਂ (ਚੰਗਾ ਕੀਤਾ) ਸਿਆਣਾ ਬਣਾ ਦਿੱਤਾ ਹੈ ਨਹੀਂ ਤਾਂ ਮੈਂ ਵੀ (ਦੁਨੀਆਂ ਦੀ ਲੁਕੀ ਹੋਈ ਅੱਗ ਵਿਚ) ਸੜ ਜਾਣਾ ਸੀ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਮੈਨੂੰ ਦੁਨੀਆਂ ਦੀ ਕੁਝ ਸਮਝ ਨਹੀਂ ਪੈਂਦੀ ਤੇ ਨਾ ਹੀ ਇਸ ਦਾ ਕੁਝ ਪਤਾ ਲਗਦਾ ਹੈ, ਦੁਨੀਆਂ ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਆਦਿ ਵਿਸ਼ਿਆਂ ਦੀ ਲੁਕੀ ਹੋਈ ਅੱਗ ਹੈ ਜੋ ਸਾਧਾਰਨ ਅੱਖ ਨਾਲ ਪ੍ਰਤੀਤ ਨਹੀਂ ਹੁੰਦੀ। ਮੇਰੇ ਮੁਰਸ਼ਦ ਨੇ ਮੈਨੂੰ ਦੁਨੀਆਂ ਦੀ ਇਸ ਲੁਕਵੀਂ ਅੱਗ ਸੰਬੰਧੀ ਦੱਸ ਕੇ ਮੈਨੂੰ ਚੰਗਾ ਬਣਾ ਦਿੱਤਾ ਹੈ, ਨਹੀਂ ਤਾਂ ਮੈਂ ਵੀ ਦੁਨੀਆਂ ਦੀ

ਵਿਸ਼ਿਆਂ ਰੂਪੀ ਅੱਗ ਵਿਚ ਸੜ ਜਾਣਾ ਸੀ।

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਥੋੜਾ ਮਾਣੁ ਕਰੀ ॥੪॥

ਸੰਮਲਿ—ਸੰਭਾਲ ਕੇ, ਸੋਚ ਸਮਝ ਕੇ। ਨੰਢੜਾ—ਛੋਟਾ।

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜੇ ਮੈਨੂੰ ਪਤਾ ਹੁੰਦਾ ਕਿ (ਸੁਆਸਾਂ ਰੂਪੀ) ਤਿਲ ਥੋੜੇ ਹਨ ਤਾਂ ਮੈਂ ਸੋਚ ਸਮਝ ਕੇ (ਬੁੱਕ ਭਰਦਾ) ਵਰਤਦਾ, ਜੇ ਮੈਨੂੰ ਪਤਾ ਹੁੰਦਾ ਕਿ ਮੇਰਾ ਮਾਲਕ ਅਜੇ ਛੋਟਾ ਹੈ ਤਾਂ ਮੈਂ (ਆਪਣੇ ਆਪ ਵਿਚ) ਘੱਟ ਮਾਨ ਕਰਦੀ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਦੱਸਦੇ ਹਨ ਕਿ ਜਿਸ ਤਰ੍ਹਾਂ ਕੋਈ ਤਿਲ ਵੰਡਣ ਵਾਲਾ ਬੇ-ਫਿਕਰ ਹੋ ਕੇ ਵੱਡੇ ਵੱਡੇ ਬੁੱਕ ਭਰ ਕੇ ਉਜਾੜੀ ਜਾਵੇ ਤਾਂ ਉਹ ਤਿਲ ਜਲਦੀ ਮੁੱਕ ਜਾਂਦੇ ਹਨ। ਇਸ ਤਰ੍ਹਾਂ ਜੇ ਮੈਨੂੰ ਇਹ ਪਤਾ ਹੁੰਦਾ ਕਿ ਇਹ ਸੁਆਸ ਥੁਹੜੇ ਹਨ ਤਾਂ ਮੈਂ ਸਮਝ ਸੋਚ ਕੇ ਸ਼ੁਭ ਪਾਸੇ ਖਰਚ ਕਰਦਾ।

ਇਸੇ ਤਰ੍ਹਾਂ ਦੂਸਰੀ ਤੁਕ ਵਿਚ ਵੀ ਜਗਿਆਸੂ ਦਾ ਪਛਤਾਵਾ ਦੱਸਿਆ ਹੈ। ਜਿਸ ਤਰ੍ਹਾਂ ਕਿਸੇ ਇਸਤ੍ਰੀ ਦਾ ਪਤੀ ਛੋਟਾ ਹੋਣ ਕਰ ਕੇ ਉਸ ਨੂੰ ਨਾ ਮਿਲਿਆ ਹੋਵੇ ਅਤੇ ਉਹ ਐਵੇਂ ਫੋਕਾ ਮਾਨ ਕਰੇ, ਤਾਂ ਉਹ ਉਸ ਦੀ ਮੂਰਖਤਾ ਹੈ। ਇਸੇ ਲਈ ਫ਼ਰੀਦ ਜੀ ਕਹਿੰਦੇ ਹਨ ਕਿ ਜੇ ਮੈਨੂੰ ਪਤਾ ਹੁੰਦਾ ਕਿ ਮੇਰਾ ਮਾਲਕ ਨਾਲ ਘੱਟ ਪਿਆਰ ਹੈ ਤਾਂ ਮੈਂ ਥੋੜਾ ਮਾਨ ਕਰਦਾ।

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥
ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥

ਛਿਜਣਾ—ਖੁੱਸ ਜਾਣ ਵਾਲਾ, ਖੁੱਲ੍ਹ ਜਾਣ ਵਾਲਾ। ਪੀਡੀ—ਪੱਕੀ। ਹੰਢਿ—ਫਿਰ ਕੇ।

**ਅਰਥ**—ਜੇ ਮੈਨੂੰ ਪਤਾ ਹੁੰਦਾ ਕਿ ਲੜ ਖਿਸਕ ਜਾਣ ਵਾਲਾ ਹੈ ਤਾਂ ਮੈਂ ਪੱਕੀ ਤਰ੍ਹਾਂ ਗੰਢ ਪਾਉਂਦਾ। (ਹੇ ਮਾਲਕ!) ਮੈਂ ਸਾਰੀ ਦੁਨੀਆਂ ਨੂੰ ਫਿਰ ਕੇ ਦੇਖਿਆ ਹੈ (ਪਰ) ਤੇਰੇ ਜਿੱਡਾ ਵੱਡਾ ਮੈਨੂੰ ਕੋਈ ਨਹੀਂ (ਜਾਪਿਆ)।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਦੱਸਦੇ ਹਨ ਕਿ ਜੇ ਮੈਨੂੰ ਪਤਾ ਹੁੰਦਾ ਕਿ ਮੇਰੀ ਮਾਲਕ ਨਾਲੋਂ ਪ੍ਰੀਤੀ ਟੁਟ ਜਾਣੀ ਹੈ ਤਾਂ ਮੈਂ ਪੱਕੀ ਤਰ੍ਹਾਂ ਪਿਆਰ ਦੀ ਗੰਢ ਪਾਉਂਦਾ ਜੋ ਕਦੀ ਨਾ ਟਟਦੀ। ਮੈਂ ਸਾਰੀ ਦੁਨੀਆਂ ਵਿਚ ਚੰਗੀ ਤਰ੍ਹਾਂ ਫਿਰ ਕੇ ਦੇਖਿਆ ਹੈ, ਪਰ ਮੇਰੇ ਲਈ ਤੇਰੇ (ਰੱਬ) ਜਿੱਡਾ ਹੋਰ ਕੋਈ ਨਹੀਂ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥
ਆਪਨੜੇ ਗਿਰੀਵਾਨ ਮਹਿ ਸਿਰਿ ਨੀਵਾਂ ਕਰਿ ਦੇਖੁ ॥੬॥

ਲਤੀਫੁ— ਚੰਗੀ। ਕਾਲੇ—ਬੁਰੇ, ਭੈੜੇ। ਗਿਰੀਵਾਨ—ਬੁੱਕਲ।

**ਅਰਥ**—ਜੇ ਤੂੰ ਚੰਗੀ ਅਕਲ ਵਾਲਾ ਹੈਂ ਤਾਂ ਤੂੰ ਬੁਰੇ ਲੇਖ ਨ ਲਿਖ (ਸਗੋਂ) ਤੂੰ ਆਪਣੀ ਬੁੱਕਲ ਵਿਚ ਝਾਤੀ ਮਾਰ ਕੇ ਦੇਖ (ਕਿ ਤੂੰ ਕੀ ਕਰਦਾ ਹੈਂ।)

**ਭਾਵ ਅਰਥ** –ਜੇ ਤੂੰ ਸਿਆਣਾ ਹੈਂ ਤਾਂ ਤੂੰ ਕਿਸੇ ਦੇ ਔਗੁਣ ਨ ਚਿਤਾਰ, ਸਗੋਂ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਦੇਖ ਕਿ ਤੂੰ ਕੀ ਕੁਝ ਕਰਦਾ ਹੈਂ। ਜੇ ਤੂੰ ਆਪਣੇ ਔਗੁਣਾਂ ਵੱਲ ਝਾਤੀ ਮਾਰੇਂ ਤਾਂ ਪਤਾ ਲਗੇ ਕਿ ਤੂੰ ਕੀ ਕੁਝ ਕਰਦਾ ਹੈਂ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥੭॥

ਘੁੰਮਿ—ਉਲਟਾ ਕੇ, ਸਾਹਮਣਿਓਂ।

**ਅਰਥ**—ਹੇ ਫ਼ਰੀਦ! ਜਿਹੜੇ ਤੈਨੂੰ ਮੁੱਕੀਆਂ ਮਾਰਨ ਤੂੰ ਉਨ੍ਹਾਂ ਨੂੰ (ਅੱਗੋਂ) ਉਲਟਾ ਕੇ ਮੁੱਕੀਆਂ ਨਾ ਮਾਰ। ਇਸ ਤਰ੍ਹਾਂ (ਨਿਮਰਤਾ ਧਾਰਨ ਨਾਲ) ਆਪਣੇ ਘਰ (ਪ੍ਰਮਾਤਮਾ ਦੇ ਦੇਸ) ਜਾਈਦਾ ਹੈ (ਇਸ ਲਈ) ਤੂੰ ਉਨ੍ਹਾਂ ਦੇ ਪੈਰ ਚੁੰਮ।

**ਭਾਵ ਅਰਥ**—ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਨਿਮਰਤਾ ਧਾਰਨ ਤੇ ਕ੍ਰੋਧ ਨੂੰ ਮਾਰਨ ਦਾ ਉਪਦੇਸ਼ ਦੇਂਦੇ ਹੋਏ ਦੱਸਦੇ ਹਨ ਕਿ ਐ ਜੀਵ! ਜੋ ਤੇਰੇ ਉਤੇ ਜ਼ੁਲਮ ਕਰਦਾ ਹੈ ਤੂੰ ਨਾ ਕਰ। ਸਗੋਂ ਤੂੰ ਉਨ੍ਹਾਂ ਦੇ ਪੈਰ ਚੁੰਮ ਕਿਉਂਕਿ ਨਿਮਰਤਾ ਧਾਰਨ ਕਰਨ ਤੇ ਕ੍ਰੋਧ ਧਾਰਨ ਕਰਨ ਨਾਲ ਪ੍ਰਮਾਤਮਾ ਦੇ ਦੇਸ (ਜੋ ਆਪਣਾ ਅਸਲੀ ਘਰ ਹੈ) ਜਾਈਦਾ ਹੈ।

ਫਰੀਦਾ ਜਾ ਤਉ ਖਟਣ ਵੇਲ ਤਾ ਤੂੰ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥੮॥

ਰਤਾ—ਰਚਿਆ ਹੋਇਆ। ਮਰਗ—ਮੌਤ। ਸਵਾਈ—ਵੱਡੀ। ਲਦਿਆ ਹੋਇਆ—ਤੁਰ ਪਿਆ।

**ਅਰਥ** (ਐ ਜੀਵ !) ਜਦੋਂ ਤੇਰਾ ਨਫਾ ਖੱਟਣ ਦਾ ਵੇਲਾ ਸੀ ਓਦੋਂ ਤੂੰ ਦੁਨੀਆਂ ਵਿਚ ਰਚਿਆ ਹੋਇਆ ਜਾਂ ਖਚਤ ਸੀ। ਮੌਤ ਨੇ ਆਪਣੀ ਨੀਂਹ ਵੱਡੀ ਕਰ ਲਈ ਹੈ। ਜਦੋਂ ਇਹ ਨੀਂਹ ਭਰ ਗਈ ਤਾਂ ਇਹ ਜੀਵ ਤੁਰ ਗਿਆ।

**ਭਾਵ ਅਰਥ**—ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਸਿੱਖਿਆ ਦੇਂਦੇ ਹਨ ਕਿ ਐ ਜੀਵ ! ਜਦੋਂ ਤੇਰਾ ਨਾਮ ਜਪਣ ਜਾਂ ਲਾਹਾ ਲੈਣ ਦਾ ਵੇਲਾ ਸੀ। ਤੂੰ ਦੁਨੀਆਂ ਦੇ ਝਮੇਲਿਆਂ ਵਿਚ ਫਸਿਆ ਰਿਹਾ ਤੇ ਤੂੰ ਨਾਮ ਬਿਲਕੁਲ ਨਾ ਜਪਿਆ। ਹੁਣ ਮੌਤ ਨੇ ਆਪਣੀ ਨੀਂਹ ਵੱਡੀ ਕਰ ਲਈ ਹੈ ਜਾਂ ਮੌਤ ਨੇੜੇ ਆ ਗਈ ਹੈ। ਜਦੋਂ ਇਹ ਮੌਤ ਦੀ ਨੀਂਹ ਭਰ ਜਾਵੇਗੀ ਤਾਂ ਜੀਵ ਇਸ ਸੰਸਾਰ ਵਿਚੋਂ ਚਲਾ ਜਾਵੇਗਾ।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥

ਥੀਆ—ਹੋਇਆ। ਭੂਰ—ਧੌਲੀ। ਅਗਹੁ—ਅੱਗਾ ਜਾਂ ਮੌਤ।

**ਅਰਥ**—ਦੇਖ ਫ਼ਰੀਦਾ ਜ ਹੋਇਆ ਹੈ, ਦਾੜੀ ਧੌਲੀ ਹੋ ਗਈ ਹੈ। (ਹੁਣ) ਅੱਗਾ ਅਥਵਾ ਮੌਤ ਨੇੜੇ ਆ ਗਈ ਹੈ ਅਤੇ (ਪਿੱਛਾ) ਪਹਿਲੀ ਉਮਰ ਦੂਰ ਰਹਿ ਗਈ ਹੈ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਦੱਸਦੇ ਹਨ ਕਿ ਧੌਲੇ ਮੌਤ ਦੀ ਨਿਸ਼ਾਨੀ ਹਨ। ਜਦੋਂ ਧੌਲੇ ਆ ਗਏ ਤਾਂ ਜਾਣੋਂ ਕਿ ਹੁਣ ਮੌਤ ਦਾ ਸਮਾਂ ਨੇੜੇ ਆ ਗਿਆ ਹੈ ਅਤੇ ਬਾਲ ਜਾਂ ਜਵਾਨੀ ਦੀ ਅਵਸਥਾ ਦੂਰ ਰਹਿ ਗਈ ਹੈ।

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥

ਬੀਆ—ਹੋਇਆ। ਵਿਸੁ - ਜ਼ਹਿਰ। ਵੇਦਣ— ਦੁਖ ਦੀ ਹਾਲਤ।

**ਅਰਥ**—ਦੇਖ ਫ਼ਰੀਦਾ ਜੋ ਹੋ ਗਿਆ ਹੈ ਕਿ ਸ਼ਕਰ (ਸੁਖ ਦੇ ਪਦਾਰਥ) ਜ਼ਹਿਰ ਹੋ ਗਏ ਹਨ, ਮੈਂ ਆਪਣੇ ਮਾਲਕ ਤੋਂ ਬਿਨਾਂ ਦੁਖਾਂ ਦੀ ਹਾਲਤ ਕਿਸ ਨੂੰ ਕਹਾਂ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਦੱਸਦੇ ਹਨ ਕਿ ਜੀਵ ਜਿਨ੍ਹਾਂ ਚੀਜ਼ਾਂ ਨੂੰ ਸੁਖਾਂ ਦੇ ਪਦਾਰਥ ਮੰਨਦਾ ਹੈ, ਅੰਤ ਵੇਲੇ ਓਹੋ ਪਦਾਰਥ ਉਸ ਲਈ ਜ਼ਹਿਰ ਦਾ ਕਾਰਨ ਬਣ ਜਾਂਦੇ ਹਨ। ਇਸ ਲਈ ਆਪਣੇ ਮਾਲਕ ਤੋਂ ਬਿਨਾਂ ਇਹ ਦੁਖ ਭਰੀ ਵਿਥਿਆ ਕਿਸ ਨੂੰ ਦੱਸੀ ਜਾਵੇ, ਕਿਉਂ ਜੋ ਓਹੋ ਹੀ ਸਹਾਇਤਾ ਕਰਨਹਾਰ ਹੈ।

### ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥
### ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥

ਪਤੀਣੀਆਂ– ਪਤਲੀਆਂ ਪੈ ਗਈਆਂ ਹਨ, ਨਿੱਕੀਆਂ ਹੋ ਗਈਆਂ ਹਨ। ਰੀਣੇ—ਖਾਲੀ ਹੋ ਗਏ ਹਨ। ਸਾਖ—ਟਾਹਣੀ। ਵੰਨ—ਰੂਪ।

**ਅਰਥ**–ਫ਼ਰੀਦਾ ਅੱਖਾਂ ਤੱਕਦੀਆਂ ਤੱਕਦੀਆਂ ਪਤਲੀਆਂ ਪੈ ਗਈਆਂ ਹਨ, ਸੁਣ ਸੁਣ ਕੇ ਕੰਨ ਖਾਲੀ ਹੋ ਗਏ ਹਨ। (ਉਮਰ ਦੀ) ਟਾਹਣੀ ਪੱਕਣ ਉਤੇ ਆਈ ਹੈ (ਅਤੇ) ਹੋਰ ਰੂਪ ਵਟਾ ਰਹੀ ਹੈ।

**ਭਾਵ ਅਰਥ**—ਇਸ ਸਲੋਕ ਵਿਚ ਬੁੱਢੇ ਵੇਲੇ ਦਾ ਪਛਤਾਵਾ ਦੱਸਿਆ ਹੈ ਕਿ ਸਾਰੀ ਉਮਰ ਅੱਖਾਂ ਦੁਨੀਆਂ ਦੇ ਨਜ਼ਾਰੇ ਤੱਕ ਤੱਕ ਕੇ ਪਤਲੀਆਂ ਪੈ ਗਈਆਂ ਹਨ ਅਤੇ ਗੱਲਾਂ ਸੁਣ ਸੁਣ ਕੇ ਕੰਨ ਖਾਲੀ ਹੋ ਗਏ ਹਨ। ਇਹ ਕੁਦਰਤੀ ਗੱਲ ਹੈ ਕਿ ਬੁੱਢੇ ਵੇਲੇ ਅੱਖਾਂ ਕਮਜ਼ੋਰ ਤੇ ਛੋਟੀਆਂ ਹੋ ਜਾਂਦੀਆਂ ਹਨ ਅਤੇ ਕੰਨ ਕਮਜ਼ੋਰ ਹੋ ਕੇ ਸੁਨਣੋਂ ਰਹਿ ਜਾਂਦੇ ਹਨ। ਸੋ ਇਹ ਹਾਲਤ ਦੱਸਦੇ ਹੋਏ ਫ਼ਰੀਦ ਜੀ ਕਹਿੰਦੇ ਹਨ ਕਿ ਇਸ ਤੋਂ ਪਰਤੀਤ ਹੋ ਰਿਹਾ ਹੈ ਕਿ ਸਾਡੀ ਉਮਰ ਦੀ ਟਾਹਣੀ ਪੱਕਣ ਤੇ ਆਈ ਹੈ ਅਤੇ ਸਰੀਰ ਹੋਰ ਵੀ ਰੰਗ ਵਟਾ ਰਿਹਾ ਹੈ।

### ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
### ਕਰ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥

ਰਾਵਿਆ—ਭੋਗਿਆ। ਪਿਰਹੜੀ—ਪ੍ਰੀਤ। ਨਵੇਲਾ—ਨਵਾਂ।

**ਅਰਥ**—ਫ਼ਰੀਦਾ ਜਿਨ੍ਹਾਂ ਨੇ ਕਾਲਿਆਂ ਕੇਸਾਂ ਦੇ ਹੁੰਦਿਆਂ (ਆਪਣੇ ਮਾਲਕ ਨੂੰ) ਨਹੀਂ ਭੋਗਿਆ, ਧਉਲੇ ਕੇਸਾਂ ਨਾਲ ਕੌਣ ਭੋਗਦਾ ਹੈ। (ਇਸ ਲਈ) ਮਾਲਕ ਨਾਲ ਪਿਆਰ ਕਰ ਤਾਂ ਜੋ (ਤੇਰਾ) ਨਵਾਂ ਰੰਗ ਹੋ ਜਾਵੇ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਜਵਾਨੀ ਵੇਲੇ ਨਾਮ ਨਹੀਂ ਜਪਿਆ, ਬੁੱਢੇ ਵਾਰੇ ਉਹ ਕਿਥੋਂ ਨਾਮ ਜਪਦੇ ਹਨ। ਇਸ ਲਈ ਤੂੰ ਹੁਣ ਤੋਂ ਹੀ ਰੱਬ ਨਾਲ ਪ੍ਰੀਤ ਪਾ ਲੈ ਤਾਂ ਜੋ ਨਾਮ ਦੇ ਰੰਗ ਨਾਲ ਤੇਰਾ ਨਵਾਂ ਰੂਪ ਹੋ ਜਾਵੇ।

## ਮ: ੩

**ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥**
**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥**

ਚਿਤਿ—ਦਿਲ। ਪਿਰਮੁ—ਪਿਆਰ। ਲੋਚੈ—ਚਾਹਵੇ। ਖਸਮ—ਮਾਲਕ।

**ਅਰਥ**—ਹੇ ਫ਼ਰੀਦਾ! ਕਾਲਿਆਂ ਕੇਸਾਂ ਵੇਲੇ ਜਾਂ ਧੌਲਿਆਂ ਵੇਲੇ ਰੱਬ ਸਦਾ ਹੀ (ਮਿਲ ਸਕਦਾ) ਹੈ, ਪਰ ਜੇ ਕੋਈ (ਰੱਬ ਨਾਲ) ਦਿਲ ਲਾਵੇ। (ਕਿਉਂਕਿ) ਜੇ ਸਾਰੇ ਹੀ ਚਾਹੁਣ ਤਾਂ ਆਪਣਾ ਲਾਇਆ ਪਿਆਰ ਨਹੀਂ ਲੱਗਦਾ। ਇਹ ਪਿਆਰ ਦਾ ਪਿਆਲਾ ਮਾਲਕ (ਰੱਬ) ਦਾ ਹੈ, ਜਿਸ ਨੂੰ ਮਰਜ਼ੀ ਹੋਵੇ ਦੇ ਦੇਂਦਾ ਹੈ।

**ਭਾਵ ਅਰਥ**—ਸ੍ਰੀ ਗੁਰੂ ਅਮਰ ਦਾਸ ਜੀ ਬਾਬਾ ਫ਼ਰੀਦ ਜੀ ਨੂੰ ਉਨ੍ਹਾਂ ਦੇ ਉਪਰਲੇ ਸ਼ਲੋਕ ਦਾ ਉੱਤਰ ਦੇਂਦੇ ਹਨ ਕਿ ਮਤਾਂ ਕੋਈ ਸਮਝ ਲਵੇ ਕਿ ਬੁੱਢੇ ਵਾਰੇ ਨਾਮ ਨਹੀਂ ਜਪਿਆ ਜਾਂਦਾ। ਸਤਿਗੁਰ ਜੀ ਦੱਸਦੇ ਹਨ ਕਿ ਜਵਾਨੀ ਵੇਲੇ ਜਾਂ ਬੁਢਾਪੇ ਵੇਲੇ ਹਮੇਸ਼ਾਂ ਹੀ ਮਾਲਕ ਦਾ ਨਾਂ ਜਪਿਆ ਜਾ ਸਕਦਾ ਹੈ, ਪਰ ਜੇ ਕੋਈ ਇਸ ਪਾਸੇ ਦਿਲ ਲਾਵੇ। ਪਰ ਜੇ ਸਾਰੇ ਹੀ ਚਾਹੁਣ, ਰੱਬ ਨਾਲ ਪਿਆਰ ਪਾਉਣਾ ਆਪਣੇ ਵਸ ਵਿਚ ਨਹੀਂ, ਇਹ ਪਿਆਰ ਰੂਪੀ ਪਿਆਲਾ ਮਾਲਕ (ਰੱਬ) ਦਾ ਹੈ, ਜਿਹੜਾ ਉਸ ਨੂੰ ਚੰਗਾ ਲੱਗਦਾ ਹੈ, ਉਸ ਨੂੰ ਦੇ ਦੇਂਦਾ ਹੈ।

**ਨੋਟ**—ਇਸ ਗੱਲ ਤਾਂ ਸ਼ੱਕਾ ਹੋ ਸਕਦਾ ਹੈ, ਕਿ ਜੇ ਰੱਬ ਨਾਲ ਪਿਆਰ ਅਸੀਂ ਆਪ ਨਹੀਂ ਲਾ ਸਕਦੇ, ਸਗੋਂ ਰੱਬ ਦੀ ਇੱਛਾ ਅਨੁਸਾਰ ਲੱਗਦਾ ਹੈ ਤਾਂ ਰੱਬ ਨਾਲ ਪਿਆਰ ਕਰਨਾ ਫ਼ਜ਼ੂਲ ਹੈ। ਪਰ ਨਹੀਂ, ਜੇ ਕੋਈ ਸੱਚੇ ਦਿਲੋਂ ਪਿਆਰ ਕਰਨ ਵਾਲਾ ਹੋਵੇ, ਉਹ ਜ਼ਰੂਰ ਹੀ ਰੱਬ ਨੂੰ ਖਿੱਚ ਪਾ ਸਕਦਾ ਹੈ ਤੇ ਫੇਰ ਰੱਬ ਦੀ ਮਰਜ਼ੀ ਵੀ ਓਸ ਨੂੰ ਪਿਆਰ ਜਹੀ ਉਚੀ ਦਾਤ ਦੇਣ ਦੀ ਹੋ ਜਾਂਦੀ ਹੈ।

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਿਦਿਆ ਸੇ ਪੰਖੀ ਸੂਇ ਬਹਿਠੁ ॥੧੪॥

ਲੋਇਣ—ਅੱਖਾਂ। ਰੇਖ—ਸਲਾਈ ਦਾ ਡੋਰਾ। ਸੂਇ—ਬੱਚੇ। ਬਹਿਠੁ—ਬੈਠੇ।

**ਅਰਥ**—ਫ਼ਰੀਦਾ ਜਿਨ੍ਹਾਂ ਅੱਖਾਂ ਨੇ ਦੁਨੀਆਂ ਨੂੰ ਮੋਹਿਆ ਹੋਇਆ ਸੀ, ਮੈਂ ਉਨ੍ਹਾਂ ਅੱਖਾਂ ਨੂੰ ਦੇਖਿਆ ਹੈ ਕਿ (ਜੋ ਕਦੀ) ਕਜਲ ਦੀ ਸਲਾਈ ਦਾ ਡੋਰਾ ਵੀ ਨਹੀਂ ਸਹਿ ਸਕਦੀਆਂ ਸਨ (ਉਨ੍ਹਾਂ ਵਿਚ) ਪੰਛੀਆਂ ਦੇ ਬੱਚੇ ਬੈਠੇ ਹਨ।

**ਭਾਵ ਅਰਥ**—ਕਿਹਾ ਜਾਂਦਾ ਹੈ ਕਿ ਕੋਈ ਬੜੀ ਹੀ ਸੋਹਣੀ ਤੇ ਸੂਹਲ ਵੇਸਵਾ ਸੀ। ਉਸ ਦੀ ਗੋਲੀ ਨੇ ਉਸ ਨੂੰ ਕੱਜਲ ਦੀ ਸਲਾਈ ਦਿਤੀ ਜਾਂ ਉਸ ਨੇ ਆਪਣੀ ਅੱਖ ਵਿਚ ਪਾਈ ਤਾਂ ਉਸ ਦੀ ਅੱਖ ਵਿਚ ਕੱਜਲ ਵੀ ਰੜਕਿਆ। ਉਸ ਨੇ ਆਪਣੀ ਦਾਸੀ ਨੂੰ ਬੜਾ ਮਾਰਿਆ। ਜਦ ਉਹ ਵੇਸਵਾ ਮਰ ਗਈ ਤਾਂ ਉਸ ਦੀ ਲੋਥ ਦੱਬੀ ਗਈ। ਉਸ ਦੀ ਖੋਪਰੀ ਅਜੇ ਸਾਬਤ ਹੀ ਸੀ ਕਿ ਕਿਸੇ ਪੰਛੀ ਨੇ ਉਸ ਦੀਆਂ ਅੱਖਾਂ ਵਿਚ ਆਂਡੇ ਦੇ ਦਿਤੇ। ਜਦ ਬਾਬਾ ਫ਼ਰੀਦ ਜੀ ਨੇ ਇਹ ਹਾਲਤ ਦੇਖੀ ਤਾਂ ਉਨ੍ਹਾਂ ਨੂੰ ਵੇਸਵਾ ਦੀ ਜਵਾਨੀ ਦਾ ਵੇਲਾ ਯਾਦ ਆ ਗਿਆ ਤਾਂ ਆਪ ਨੇ ਇਹ ਸਲੋਕ ਉਚਾਰਿਆ :—

ਕਿ ਫ਼ਰੀਦਾ ਇਸ ਵੇਸਵਾ ਦੀਆਂ ਅੱਖਾਂ, ਜਿਨ੍ਹਾਂ ਨੇ ਆਪਣੇ ਸੁਹਪਣ ਨਾਲ ਦੁਨੀਆਂ ਨੂੰ ਮੋਹਿਆ ਹੋਇਆ ਸੀ, ਉਨ੍ਹਾਂ ਨੂੰ ਮੈਂ ਦੇਖਿਆ ਹੈ ਕਦੀ ਉਹ ਵੇਲਾ ਸੀ ਕਿ ਇਹ ਅੱਖਾਂ ਐਡੀਆਂ ਸੂਹਲ ਸਨ ਕਿ ਕੱਜਲ ਦੀ ਸਲਾਈ ਵੀ ਨਹੀਂ ਸਹਾਰ ਸਕਦੀਆਂ ਸਨ, ਅੱਜ ਉਨ੍ਹਾਂ ਹੀ ਅੱਖਾਂ ਵਿਚ ਪੰਛੀ ਦੇ ਬੱਚੇ ਬੈਠੇ ਹਨ। ਇਸ ਲਈ ਕਿਸੇ ਨੂੰ ਆਪਣੀ ਜਵਾਨੀ ਤੇ ਸੁੰਦਰਤਾ ਦਾ ਮਾਨ ਨਹੀਂ ਕਰਨਾ ਚਾਹੀਦਾ, ਪਤਾ ਨਹੀਂ ਪਿਛੋਂ ਕੀ ਹਾਲ ਹੋਵੇ।

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥੧੫॥

ਵੰਵਾਇਆ—ਨਾਸ ਕਰ ਦਿਤਾ

**ਅਰਥ**—ਫਰੀਦਾ ਕੂਕਦਿਆਂ, ਚਾਂਘਰਾਂ ਮਾਰਦਿਆਂ ਤੇ ਸਦਾ ਅਕਲਾਂ ਦੇਂਦਿਆਂ ਜਿਸ ਨੂੰ (ਸ਼ੈਤਾਨ) ਬੁਰਾਈਆਂ ਨੇ ਖਰਾਬ ਕਰ ਛਡਿਆ ਹੋਵੇ ਉਹ ਫੇਰ ਕਿਸ ਤਰ੍ਹਾਂ (ਭਲੇ ਪਾਸੇ) ਦਿਲ ਨੂੰ ਮੋੜੇ ?

**ਭਾਵ ਅਰਥ** ਫਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਪੁਕਾਰ ਪੁਕਾਰ ਕੇ ਜ਼ੋਰ ਨਾਲ ਸਦਾ ਹੀ ਸਮਝਾਇਆ ਜਾਵੇ, ਅਕਲਾਂ ਦਿਤੀਆਂ ਜਾਣ ਅਤੇ ਉਹ ਫੇਰ ਵੀ ਬੁਰੇ ਪਾਸੇ ਹੀ ਜਾਂਦੇ ਹੋਣ, ਉਹ ਕਦੇ ਵੀ ਭਲੇ ਪਾਸੇ ਨਹੀਂ ਲਗਦੇ, ਸਗੋਂ ਗੰਦ ਦੀਆਂ ਮੱਖੀਆਂ ਵਾਂਗ, ਸੁਗੰਧ ਛੱਡ ਕੇ ਦੁਰਗੰਧ ਵੱਲ ਹੀ ਜਾਂਦੇ ਹਨ।

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾ ਸਾਂਈ ਦੈ ਦਰਿ ਵਾੜੀਅਹਿ ॥੧੬॥

ਥੀਉ—ਹੋ ਜਾ। ਪਵਾਹੀ—ਰਾਹ ਦੀ। ਦਭੁ—ਘਾਹ। ਛਿਜੈ—ਟੁਟੇ। ਬਿਆ—ਦੂਸਰੇ।

**ਅਰਥ**—ਫਰੀਦਾ ਤੂੰ ਪਹੇ (ਰਾਹ) ਦੀ ਦਭੁ (ਇਕ ਤਰ੍ਹਾਂ ਦਾ ਘਾਹ) ਹੋ ਜਾ, ਜੇ ਮਾਲਕ ਨੂੰ ਸਭ (ਥਾਵਾਂ ਤੇ) ਦੇਖਣਾ ਚਾਹੁੰਦਾ ਹੈਂ। (ਜੇ ਦਭੁ ਵਾਂਗ) ਇਕ ਤਾਂ (ਪੈਰਾਂ ਨਾਲ) ਟੁਟੇ ਅਤੇ ਦੂਸਰਾ ਲਤਾੜਿਆ ਜਾਵੇ ਤਾਂ ਮਾਲਕ ਦੇ ਘਰ ਵਾੜਿਆ ਜਾਂਦਾ ਹੈ।

**ਭਾਵ ਅਰਥ**—ਪਿੰਡਾਂ ਦੇ ਕੱਚੇ ਰਾਹਾਂ ਨੂੰ ਪਹੇ ਆਖਦੇ ਹਨ, ਉਨ੍ਹਾਂ ਵਿਚ ਦੱਭ (ਇਕ ਤਰ੍ਹਾਂ ਦਾ ਘਾਹ) ਆਪੇ ਹੀ ਉਗਦਾ ਹੈ। ਜਦੋਂ ਲੋਕ ਉਨ੍ਹਾਂ ਰਾਹਾਂ ਥਾਣੀ ਲੰਘਦੇ ਹਨ ਤਾਂ ਉਹ ਦੱਭ ਪੈਰਾਂ ਨਾਲ ਟੁਟਦੀ ਹੈ ਅਤੇ ਲਤਾੜੀ ਜਾਂਦੀ ਹੈ। ਇਸ ਦਭ ਵਲ ਸੈਨਤ ਕਰਦੇ ਹੋਏ ਫਰੀਦ ਜੀ ਸਿਖਿਆ ਦੇਂਦੇ ਹਨ ਕਿ ਤੂੰ ਦੁਭ

ਵਾਂਗ ਨਿਰਮਾਣ ਹੋ ਜਾਹ ਅਤੇ ਆਪਣੇ ਆਪ ਨੂੰ ਪੈਰਾਂ ਹੇਠ ਰੁਲਾ ਦੇਹ। ਜੇ ਤੂੰ ਵਾਹਿਗੁਰੂ ਦੇ ਦਰਸ਼ਨ ਹਰ ਥਾਂ ਤੇ ਕਰਨਾ ਚਾਹੁੰਦਾ ਹੈਂ। ਜੇ ਕੋਈ ਇਸ ਤਰ੍ਹਾਂ ਦਾ ਨਿਰਮਾਣ ਹੋ ਜਾਵੇ ਤਾਂ ਉਸ ਨੂੰ ਰੱਬ ਦੀ ਦਰਗਾਹ ਵਿਚ ਵੜਨਾ ਮਿਲਦਾ ਹੈ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥

[ਖਾਕੁ—ਮਿੱਟੀ।]

**ਅਰਥ**—ਫਰੀਦਾ ਮਿੱਟੀ ਨੂੰ ਨਿੰਦਣਾ ਨਹੀਂ ਚਾਹੀਦਾ, ਮਿੱਟੀ ਦੇ ਬਰਾਬਰ ਦਾ ਕੋਈ ਨਹੀਂ। (ਇਹ) ਜੀਊਂਦਿਆਂ ਪੈਰਾਂ ਹੇਠ ਹੁੰਦੀ ਹੈ (ਜਦੋਂ) ਜੀਵ ਮਰ ਜਾਂਦਾ ਹੈ ਤਾਂ ਉਸ ਦੇ ਉਪਰ ਹੁੰਦੀ ਹੈ।

**ਭਾਵ ਅਰਥ**—ਅਸੀਂ ਮਿੱਟੀ ਨੂੰ ਨਿਕੰਮੀ ਸਮਝੀ ਬੈਠੇ ਹਾਂ ਕਿ ਇਹ ਇਕ ਤੁੱਛ ਚੀਜ਼ ਹੈ। ਫਰੀਦ ਜੀ ਕਹਿੰਦੇ ਹਨ ਕਿ ਇਸ ਨੂੰ ਤੁਛ ਨਹੀਂ ਸਮਝਣਾ ਚਾਹੀਦਾ। ਇਸ ਜਿੱਡਾ ਤਾਂ ਕੋਈ ਵੀ ਨਹੀਂ। ਜਦੋਂ ਆਦਮੀ ਜਿਉਂਦਾ ਹੁੰਦਾ ਹੈ ਤਾਂ ਇਹ ਉਸ ਦੇ ਪੈਰਾਂ ਹੇਠ ਹੁੰਦੀ ਹੈ ਅਤੇ ਜਦ ਮਰ ਜਾਂਦਾ ਹੈ ਤਾਂ ਉਸ ਨੂੰ (ਮੁਸਲਮਾਨੀ ਮੱਤ ਅਨੁਸਾਰ) ਦੱਬਿਆ ਜਾਦਾ ਹੈ ਉਸ ਵੇਲੇ ਇਹ ਮਿੱਟੀ ਜੀਵ ਦੇ ਉਪਰ ਹੁੰਦੀ ਹੈ।

ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲੰਘਾਈਐ ਛਪਰਿ ਤੁਟੈ ਮੇਹੁ ॥੧੮॥

ਲਬੁ—ਲਾਲਚ। ਨੇਹੁ—ਪਿਆਰ। ਕੂੜਾ—ਝੂਠਾ। ਝਤਿ—ਵੇਲਾ।

**ਅਰਥ**—ਫਰੀਦਾ ਜੇ ਲਾਲਚ ਹੈ ਤਾਂ ਪਿਆਰ ਕਾਹਦਾ, ਲਾਲਚ ਹੈ, ਝੂਠਾ ਪਿਆਰ ਹੈ। ਟੁਟੇ ਹੋਏ ਛੱਪਰ ਹੇਠ ਮੀਂਹ ਵਿਚ ਕਿੰਨਾ ਕੁ ਵੇਲਾ ਲੰਘਾਇਆ ਜਾ ਸਕਦਾ ਹੈ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਜੇ ਕਿਸੇ ਲਾਲਚ ਬਦਲੇ ਪਿਆਰ ਕੀਤਾ ਜਾਵੇ ਤਾਂ ਉਹ ਪਿਆਰ ਝੂਠਾ ਹੁੰਦਾ ਹੈ, ਉਹ ਪਿਆਰ ਨਿਭਦਾ ਨਹੀਂ। ਜਿਸ ਤਰ੍ਹਾਂ ਵਰ੍ਹਦੇ ਮੀਂਹ ਵਿਚ ਆਸਰੇ ਜਾਂ ਲਾਲਚ ਤਕ ਕੇ ਕੋਈ ਕਿਸੇ ਛਪਰ ਹੇਠ ਜਾ ਖਲੋਵੇ ਅਤੇ ਉਹ ਛਪਰ ਟੁਟਾ ਹੋਇਆ ਹੋਣ ਕਰ ਕੇ ਆਸਰਾ ਨਾ

ਦੇ ਸਕੇ ਤਾਂ ਉਸ ਛਪਰ ਹੇਠਾਂ ਕਿੰਨਾ ਚਿਰ ਖਲੋਤਾ ਜਾਵੇਗਾ ?

ਇਹੋ ਪ੍ਰੀਤ ਦਾ ਹਾਲ ਹੈ। ਜੇ ਪ੍ਰੀਤ ਕਿਸੇ ਲਾਲਚ ਬਦਲੇ ਹੋਵੇਗੀ ਤਾਂ ਜੇ ਮਤਲਬ ਪੂਰਾ ਨਾ ਹੋਇਆ ਤਾਂ ਉਹ ਪਿਆਰ ਕਿੰਨਾ ਕੁ ਚਿਰ ਨਿਭ ਸਕੇਗਾ।

**ਫਰੀਦਾ ਜੰਗਲੁ ਜਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**
**ਵਸੀ ਰਬ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥**

ਵਣਿ—ਬਨ ਵਿਚ। ਹਿਆਲੀਐ—ਹਿਰਦੇ ਵਿਚ।
ਢੂਢੇਹਿ—ਲਭਦਾ ਹੈਂ।

**ਅਰਥ**—ਫ਼ਰੀਦਾ ਤੂੰ ਜੰਗਲ ਵਿਚ ਕੀ ਫਿਰਦਾ ਹੈਂ ਅਤੇ ਜੰਗਲ ਦੇ ਕੰਡੇ ਮਿਧਦਾ ਹੈਂ। ਰੱਬ ਦਿਲ ਵਿਚ ਵੱਸਦਾ ਹੈ (ਤੂੰ) ਜੰਗਲ ਵਿਚ ਕੀ ਲੱਭਦਾ ਹੈਂ।

**ਭਾਵ ਅਰਥ**—ਫ਼ਰੀਦ ਜੀ ਦਸਦੇ ਹਨ ਕਿ ਵਸਤੀਆਂ ਨੂੰ ਛਡ ਕੇ ਜੰਗਲਾਂ ਵਿਚ ਸਵਾਏ ਘਾਹ ਤੇ ਤੀਲੇ ਮਿੱਧਣ ਦੇ ਹੋਰ ਕੀ ਲਭਦਾ ਹੈਂ। ਰੱਬ ਦਿਲ ਵਿਚ ਵਸਦਾ ਹੈ ਤੇ ਅੰਦਰ ਦੀ ਖੋਜ ਕਰਨ ਨਾਲ ਮਿਲ ਸਕਦਾ ਹੈ, ਜੰਗਲਾਂ ਵਿਚੋਂ ਨਹੀਂ।

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍ਹਿ ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥**

ਜੰਘੀਐ—ਲੱਤਾਂ ਨਾਲ। ਡੂਗਰ—ਪਹਾੜੀ ਘਾਟੀਆਂ।
ਭਵਿਓਮ੍ਹਿ—ਮੈਂ ਭਵਿਆ ਹਾਂ। ਥੀਓਮਿ—ਵਿੱਥ ਤੇ।

**ਅਰਥ** -ਫ਼ਰੀਦਾ ਇਨ੍ਹਾਂ ਨਿਕੀਆਂ ਲੱਤਾਂ ਨਾਲ ਮੈਂ ਮੈਦਾਨ, ਘਾਟੀਆਂ ਫਿਰਿਆ ਹਾਂ। ਅੱਜ (ਬੁੱਢੇ ਵਾਰੇ) ਫਰੀਦ ਨੂੰ (ਕੋਲ ਪਿਆ ਹੋਇਆ) ਕੂੱਜਾ ਵੀ ਸੈ ਕੋਹਾਂ ਤੋਂ ਪਰੇ ਜਾਪਦਾ ਹੈ।

**ਭਾਵ ਅਰਥ**—ਫ਼ਰੀਦ ਜੀ ਦਸਦੇ ਹਨ ਕਿ ਜਵਾਨੀ ਵੇਲੇ ਮੈਂ ਬੜੇ ਬੜੇ ਮੈਦਾਨ ਗਾਹੇ ਪਹਾੜਾਂ ਦੀਆਂ ਘਾਟੀਆਂ ਤੇ ਫਿਰਿਆ, ਪਰ ਅੱਜ ਬੁਢੇਪੇ ਵਿਚ ਇਹ ਪਾਣੀ ਵਾਲਾ ਕੂੱਜਾ ਜੋ ਕੋਲ ਹੀ ਪਿਆ ਹੈ। ਸੈ ਕੋਹਾਂ ਪਰੇ ਪਰਤੀਤ ਹੁੰਦਾ ਹੈ ਕਿਉਂਕਿ ਬੁਢੇਪੇ ਵਿਚ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ।

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥ ੨੧ ॥

[ ਪਾਸ —ਪਾਸੇ । ਵਿਡਾਣੀ—ਬਿਗਾਨੀ ]

**ਅਰਥ**—ਫਰੀਦਾ ਰਾਤਾਂ ਵਡੀਆਂ ਹਨ, ਪਾਸੇ (ਅੰਭ ਕੇ) ਸੜੂੰ ਸੜੂੰ ਕਰਨ ਲਗ ਜਾਂਦੇ ਹਨ। ਉਨ੍ਹਾਂ ਦਾ ਜੀਊਣਾ ਧ੍ਰਿਗ ਹੈ, ਜਿਨ੍ਹਾਂ ਨੂੰ ਬਿਗਾਨੀ ਆਸ ਹੁੰਦੀ ਹੈ।

**ਭਾਵ ਅਰਥ** : ਇਹ ਆਮ ਮਸ਼ਹੂਰ ਹੈ ਕਿ ਜਦੋਂ ਸਿਆਲ ਦੀਆਂ ਵੱਡੀਆਂ ਰਾਤਾਂ ਹੁੰਦੀਆਂ ਹਨ ਤਾਂ ਸੁਤਿਆਂ ਸੁਤਿਆਂ ਪਾਸੇ ਵੀ ਹੰਭ ਜਾਂਦੇ ਹਨ ਅਤੇ ਸੜੂੰ ਸੜੂੰ ਕਰਨ ਲਗ ਪੈਂਦੇ ਹਨ। ਜਿਹੜੇ ਨਾਮ ਨਹੀਂ ਲੈਂਦੇ ਰੱਬ ਨੂੰ ਛਡ ਕੇ ਬਿਗਾਨੀ ਆਸ ਰਖਦੇ ਹਨ, ਉਨ੍ਹਾਂ ਦੇ ਜੀਵਨ ਨੂੰ ਧ੍ਰਿਕਾਰ ਹੈ।

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥ ੨੨ ॥

ਹੋਦਾ—ਹੁੰਦਾ ਹੋਇਆ। ਵਾਰਿਆ—ਲੁਕਾਇਆ।
ਆਇੜਿਆਂ—ਆਏ ਹੋਏ। ਹੇੜਾ—ਸਰੀਰ।

**ਅਰਥ**—ਹੇ ਆਏ ਹੋਏ ਮਿਤ੍ਰ ਜੇ ਮੈਂ ਹੁੰਦਾ (ਪਦਾਰਥ) ਲੁਕਾਇਆ ਹੈ ਤਾਂ (ਮੇਰਾ) ਸਰੀਰ ਅੰਗਾਰਿਆਂ ਉਤੇ ਮਜੀਠ ਵਾਂਗ ਸੜੇ।

**ਭਾਵ ਅਰਥ**—ਇਸ ਸਲੋਕ ਵਿਚ ਫਰੀਦ ਜੀ ਰੱਬ ਨੂੰ ਕਹਿੰਦੇ ਹਨ ਕਿ ਹੇ ਮੇਰੇ ਮਿੱਤਰ ! ਮੈਂ ਤੈਥੋਂ ਸਭ ਕੁਝ ਕੁਰਬਾਨ ਕਰ ਦਿਤਾ ਹੋਇਆ ਹੈ ਜੇ ਮੈਂ ਤੈਥੋਂ ਕੁਝ ਵੀ ਲੁਕਾ ਕੇ ਰਖਿਆ ਹੋਵੇ ਤਾਂ ਮੇਰਾ ਸਰੀਰ ਅੱਗ ਉਤੇ ਮਜੀਠ ਵਾਂਗ ਸੜ ਜਾਵੇ।

ਕਈ ਕਹਿੰਦੇ ਹਨ ਕਿ ਕੋਈ ਮਹਾਤਮਾ ਫਰੀਦ ਜੀ ਪਾਸ ਕੁਝ ਖਾਣ ਪੀਣ ਵਾਸਤੇ ਲੈਣ ਆਏ ਸਨ, ਪਰ ਫ਼ਰੀਦ ਜੀ ਨੇ ਇਹ ਸਲੋਕ ਉਚਾਰ ਕੇ ਕਸਮ ਖਾਧੀ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥

ਲੋੜੇ— ਲੈਣਾ ਚਾਹੁੰਦਾ ਹੈ, ਲੱਭਦਾ ਹੈ। ਬਿਜਉਰੀਆ— ਬਿਜੌਰ ਦੀ।
ਹੰਢੈ – ਫਿਰੇ। ਪਟੁ—ਰੇਸ਼ਮ।

**ਅਰਥ** – ਫਰੀਦਾ ਜੱਟ ਕਿੱਕਰ ਬੀਜਦਾ ਹੈ ਅਤੇ ਬਿਜੌਰ ਦੀਆਂ ਦਾਖਾਂ ਲੈਣਾ ਚਾਹੁੰਦਾ ਹੈ। ਉੱਨ ਕਤਾਉਂਦਾ ਫਿਰਦਾ ਹੈ ਅਤੇ ਪਹਿਨਣਾ ਰੇਸ਼ਮ ਚਾਹੁੰਦਾ ਹੈ।

**ਭਾਵ ਅਰਥ** —ਇਸ ਸਲੋਕ ਵਿਚ ਫਰੀਦ ਜੀ ਦਸਦੇ ਹਨ ਕਿ ਜਿਸ ਤਰ੍ਹਾਂ ਕੋਈ ਜੱਟ ਕੰਡਿਆਂ ਵਾਲੀ ਕਿੱਕਰ ਬੀਜੇ ਤੇ ਬਿਜੌਰ ਦੀਆਂ ਦਾਖਾਂ ਦੀ ਆਸ ਰੱਖੇ, ਜਾਂ ਉੱਨ ਕਤਾਉਂਦਾ ਫਿਰੇ ਤੇ ਰੇਸ਼ਮ ਪਹਿਨਣਾ ਚਾਹੇ, ਇਹ ਕਦੀ ਨਹੀਂ ਹੋ ਸਕਦਾ। ਜਿਹਾ ਕੋਈ ਬੀਜਦਾ ਹੈ; ਉਹੋ ਜਿਹਾ ਹੀ ਫਲ ਪਾਉਂਦਾ ਹੈ।

## ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ,
## ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥

[ ਨੇਹੁ – ਪਿਆਰ। ਕੰਬਲੀ—ਲੋਈ। ]

**ਅਰਥ** – ਫਰੀਦਾ ਗਲੀਆਂ ਵਿਚ ਚਿਕੜ ਹੈ, ਘਰ ਦੂਰ ਹੈ ਅਤੇ ਪਿਆਰੇ ਨਾਲ ਪਿਆਰ ਹੈ। ਜੇ ਮੈਂ ਜਾਂਦਾ ਹਾਂ ਤਾਂ ਮੇਰੀ ਲੋਈ ਭਿਜਦੀ ਹੈ ਜੇ ਰਹਿੰਦਾ ਹਾਂ ਤਾਂ ਮੇਰਾ ਪਿਆਰ ਟੁਟਦਾ ਹੈ।

**ਭਾਵ ਅਰਥ** —ਫਰੀਦ ਜੀ ਕਹਿੰਦੇ ਹਨ ਕਿ ਰੱਬ ਨਾਲ ਸਾਡਾ ਪਿਆਰ ਹੈ ਉਸ ਦਾ ਦੇਸ ਬੜਾ ਦੂਰ ਹੈ (ਜਾਂ ਉਸ ਦਾ ਮਲ ਬੜਾ ਔਖਾ ਹੈ)। ਸੰਸਾਰ ਦੀਆਂ ਗਲੀਆਂ ਵਿਚ ਕਈ ਤਰ੍ਹਾਂ ਦੇ ਵਿਸ਼ਿਆਂ ਦਾ ਚਿਕੜ ਹੈ। ਜੇ ਮੈਂ ਪਰਮੇਸ਼ਰ ਦੇ ਰਾਹ ਤੇ ਜਾਂਦਾ ਹਾਂ ਤਾਂ ਮੈਨੂੰ ਕਈ ਤਰ੍ਹਾਂ ਦੇ ਦੁੱਖ ਹੁੰਦੇ ਹਨ ਜੇ ਨਾ ਜਾਵਾਂ ਤਾਂ ਮੇਰਾ ਪਿਆਰੇ ਨਾਲੋਂ ਪਿਆਰ ਟੁਟਦਾ ਹੈ।

## ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
## ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥

**ਅਰਥ** —ਰੱਬ ਵਲੋਂ ਮੀਂਹ ਵਰ੍ਹਦਾ ਹੈ ਜੇ ਲੋਈ ਭਿੱਜਦੀ ਹੈ ਜਾਂ ਗਿੱਲੀ ਹਦੀ ਹੈ ਤਾਂ ਹੋ ਜਾਵੇ। ਮੈਂ ਆਪਣੇ ਪਿਆਰੇ ਨੂੰ ਜਾ ਮਿਲਾਂ (ਪਰ) ਮੇਰਾ ਪਿਆਰ ਨਾ ਟੁੱਟੇ।

**ਭਾਵ ਅਰਥ**—ਜੇ ਰੱਬ ਵਲੋਂ ਕਸ਼ਟਾਂ ਦਾ ਮੀਂਹ ਪੈਂਦਾ ਹੈ ਤੇ ਉਸ ਨਾਲ

ਮੈਨੂੰ ਦੁਖ ਪਹੁੰਚਦਾ ਹੈ ਤਾਂ ਪਿਆ ਪਹੁੰਚੇ, ਪਰ ਮੈਂ ਆਪਣੇ ਪਿਆਰੇ ਨੂੰ ਜਾ ਮਿਲਾਂ, ਤਾਂ ਜੋ ਮੇਰਾ ਪਿਆਰ ਨਾ ਟੁੱਟੇ।

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿੱਟੀ ਖਾਇ ॥ ੨੬ ॥

[ਭੋਲਾਵਾ—ਭੁੱਲਾ ਹੋਇਆ। ਗਹਿਲਾ—ਅਵੇਸਲਾ।]

**ਅਰਥ**—ਫਰੀਦਾ ਮੈਂ ਪੱਗ ਦਾ ਭੁੱਲਾ ਹੋਇਆ ਹਾਂ ਕਿਤੇ ਮੈਲੀ ਨਾ ਹੋ ਜਾਵੇ। ਅਵੇਸਲਾ ਮਨ ਨਹੀਂ ਜਾਣਦਾ ਕਿ ਸਿਰ ਵੀ ਮਿੱਟੀ ਨੇ ਖਾਣਾ ਹੈ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਜਿਹੜੇ ਲੋਕ ਇਸ ਗੱਲ ਤੇ ਭੁੱਲੇ ਹੋਏ ਹਨ ਕਿ ਕਿਤੇ ਸਾਡੀ ਪੱਗ ਮੈਲੀ ਨਾ ਹੋ ਜਾਵੇ, ਉਨ੍ਹਾਂ ਦੀ ਆਤਮਾ ਮੌਤ ਵੱਲੋਂ ਅਵੇਸਲੀ ਹੋਈ ਹੋਈ ਹੈ ਅਤੇ ਐਨਾ ਨਹੀਂ ਜਾਣਦੀ ਕਿ ਮਰਨ ਪਿਛੋਂ ਸਾਡਾ ਸਿਰ ਵੀ ਮਿੱਟੀ ਨੇ ਖਾਣਾ ਹੈ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਞਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥

ਨਿਵਾਤ—ਮਿਸਰੀ

**ਅਰਥ**—ਫਰੀਦਾ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਅਤੇ ਮਾਝਾ ਦੁਧ ਇਹ ਸਾਰੀਆਂ ਚੀਜ਼ਾਂ ਮਿੱਠੀਆਂ ਹਨ, ਪਰ (ਹੇ) ਰੱਬ ਇਹ ਤੇਰੇ ਬਰ੍ਹਾਬਰ ਨਹੀਂ ਹੋ ਸਕਦੀਆਂ।

**ਭਾਵ ਅਰਥ**—ਫ਼ਰੀਦ ਜੀ ਇਸ ਸ਼ਲੋਕ ਵਿਚ ਦੱਸਦੇ ਹਨ ਕਿ ਰੱਬ ਦੇ ਨਾਮ ਵਰਗੀ ਮਿੱਠੀ ਚੀਜ਼ ਹੋਰ ਕੋਈ ਵੀ ਨਹੀਂ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨ੍ਹਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥ ੨੮ ॥

ਲਾਵਣੁ—ਭਾਜੀ। ਘਣੇ—ਬਹੁਤੇ।

**ਅਰਥ**—ਫਰੀਦਾ ਮੇਰੀ ਰੋਟੀ ਲਕੜ ਦੀ ਹੈ ਅਤੇ ਭਾਜੀ ਮੇਰੀ ਭੁਖ ਹੈ ਜਿਹੜੇ ਚੋਪੜੀਆਂ ਖਾਂਦੇ ਹਨ, ਓਹੋ ਬਹੁਤੇ ਦੁਖ ਸਹਾਰਨਗੇ।

**ਭਾਵ ਅਰਥ**—ਕਿਹਾ ਜਾਂਦਾ ਹੈ ਕਿ ਫ਼ਰੀਦ ਜੀ ਨੇ ਕਿੰਨਾ ਚਿਰ ਲੱਕੜ ਦੀ ਰੋਟੀ ਢਿੱਡ ਨਾਲ ਬੰਨ੍ਹ ਛੱਡੀ ਸੀ ਤੇ ਆਪ ਭੁਖੇ ਹੀ ਰਹਿੰਦੇ ਸਨ। ਉਸ ਵੇਲੇ ਫਰੀਦ ਜੀ ਕਹਿੰਦੇ ਸਨ ਕਿ ਜਿਹੜੇ ਦੁਨੀਆਂ ਦੇ ਰਸਾਂ ਜਾਂ ਸੁਆਦਾਂ ਵਿਚ ਪਏ ਹਨ ਉਹੋ ਬਹੁਤ ਦੁੱਖ ਝਲਣਗੇ, ਪਰ ਜਿਨ੍ਹਾਂ ਨੇ ਆਪਣੇ ਮਨ ਨੂੰ ਰਸਾਂ ਕਸਾਂ ਵਲੋਂ ਰੋਕਿਆ ਹੈ ਉਹ ਸੁਖ ਪਾਉਣਗੇ।

## ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥
## ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੯ ॥

**ਅਰਥ**—(ਜਿਸ ਤਰ੍ਹਾਂ ਦੀ ਮਿਲੇ) ਰੁੱਖੀ ਸੁੱਖੀ ਖਾ ਕੇ, ਠਡਾ ਪੀ ਕੇ (ਨਿਰਬਾਹ ਕਰਨਾ ਚਾਹੀਦਾ ਹੈ ਫ਼ਰੀਦ ਜੀ ਕਹਿੰਦੇ ਹਨ ਕਿ ਦੂਸਰੇ ਦੇ ਚੰਗੇ ਚੰਗੇ ਪਦਾਰਥ ਦੇਖ ਕੇ ਦਿਲ ਨਹੀਂ ਤਰਸਾਉਣਾ ਚਾਹੀਦਾ,) ਸਗੋਂ ਸੰਤੋਖ ਕਰਨਾ ਚਾਹੀਦਾ ਹੈ।

## ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
## ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦ ॥

**ਅਰਥ**—ਅਜ ਮਾਲਕ ਨਾਲ ਨਹੀਂ ਸੁੱਤੀ ਤਾਂ ਮੇਰੇ ਅੰਗ ਖੁਸਦੇ ਹਨ। ਛਟੜਾਂ ਕੋਲੋਂ ਜਾ ਕੇ ਪੁਛੋ ਤੁਹਾਡੀ ਰਾਤ ਕਿਸ ਤਰ੍ਹਾਂ ਲੰਘਦੀ ਹੈ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਅਜ ਆਪਣੇ ਮਾਲਕ ਨਾਲ ਮਿਲਾਪ ਨਹੀਂ ਕੀਤਾ ਤੇ ਮੇਰੇ ਅੰਗ ਖੁਸਣ ਲਗ ਪਏ ਹਨ। ਜਿਨ੍ਹਾਂ ਰੱਬ ਤੋਂ ਭੁਲਿਆਂ ਨੇ ਕਦੀ ਵੀ ਮਾਲਕ ਦਾ ਨਾਮ ਨਹੀਂ ਜਪਿਆ ਉਨ੍ਹਾਂ ਕੋਲੋਂ ਪੁਛੋ ਕਿ ਉਨ੍ਹਾਂ ਦਾ ਸਮਾਂ ਕਿਸ ਤਰ੍ਹਾਂ ਲੰਘਦਾ ਹੈ।

## ਸਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
## ਪਿਰੁ ਵਾਤੜੀ ਨ ਪੁਛਈ ਧਨ ਸੁਹਾਗਣਿ ਨਾਉ ॥ ੩੧ ॥

ਢੋਈ—ਆਸਰਾ। ਪੇਈਐ—ਪੇਕੇ।
ਪਿਰੁ—ਪਤੀ। ਵਾਤੜੀ—ਵਾਤ।

**ਅਰਥ**—ਸਹੁਰੇ ਆਸਰਾ ਨਹੀਂ ਮਿਲਦਾ। ਪੇਕੇ (ਰਹਿਣ ਨੂੰ) ਥਾਂ ਨਹੀਂ,

ਮਾਲਕ ਸਾਰ ਨਹੀਂ ਲੈਂਦਾ, (ਮੇਰਾ) ਚੰਗਾ ਸੁਹਾਗਣ ਨਾਂ ਹੈ ?

**ਭਾਵ ਅਰਥ**—ਫ਼ਰੀਦ ਜੀ ਸੰਸਾਰਕ ਇਸਤ੍ਰੀ ਵਲ ਸੈਨਤ ਕਰਦੇ ਹੋਏ ਦੱਸਦੇ ਹਨ ਕਿ ਮੈਨੂੰ ਪਰਮਾਤਮਾ ਦੇ ਦੇਸ ਅਥਵਾ ਪ੍ਰਲੋਕ ਵਿਚ ਕੋਈ ਟਿਕਾਣਾ ਨਹੀਂ ਮਿਲਦਾ, ਦੁਨੀਆਂ ਵਿਚ (ਔਗੁਣ ਕਰ ਕੇ) ਮੇਰੇ ਲਈ ਕੋਈ ਥਾਂ ਨਹੀਂ ਮੇਰਾ ਮਾਲਕ (ਰੱਬ) ਮੇਰੀ ਬਾਤ ਨਹੀਂ ਪੁਛਦਾ ਇਸ ਲਈ ਮੈਂ ਕਾਹਦੀ ਸੁਹਾਗਣ ਹਾਂ।

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹੁ ॥ ੩੨ ॥

[ਅਗੰਮ—ਪਹੁੰਚ ਤੋਂ ਰਹਿਤ। ਅਥਾਹੁ—ਬੇ-ਹੱਦ।]

**ਅਰਥ**—ਸਹੁਰੇ ਤੇ ਪੇਕੇ ਮਾਲਕ ਦੀ ਹਾਂ (ਜਿਹੜਾ) ਮਾਲਕ ਪਹੁੰਚ ਤੋਂ ਰਹਿਤ ਤੇ ਬੇ-ਅੰਤ ਹੈ। (ਗੁਰੂ ਜੀ ਕਹਿੰਦੇ ਹਨ) ਉਹ ਸੁਹਾਗਣ ਹੈ ਜੋ ਬੇ-ਪ੍ਰਵਾਹ ਰੱਬ ਨੂੰ ਚੰਗੀ ਲਗਦੀ ਹੈ।

**ਭਾਵ ਅਰਥ** –ਫਰੀਦ ਜੀ ਦੇ ਉਪਰਲੇ ਸਲੋਕ ਦਾ ਸ੍ਰੀ ਗੁਰੂ ਅਮਰਦਾਸ ਜੀ ਉਤਰ ਦੇਂਦੇ ਹਨ ਕਿ ਇਹ ਜੀਵ ਰੂਪੀ ਇਸਤ੍ਰੀ ਸੰਸਾਰ ਅਤੇ ਪਰਲੋਕ ਵਿਚ ਉਸ ਮਾਲਕ ਦੀ ਹੈ, ਜਿਸ ਨੂੰ ਕੋਈ ਜਾਣ ਨਹੀਂ ਸਕਦਾ। ਸੁਹਾਗਣ ਉਹ ਹੈ ਜੋ ਬੇ-ਪ੍ਰਵਾਹ ਵਾਹਿਗੁਰੂ ਨੂੰ ਚੰਗੀ ਲਗਦੀ ਹੈ।

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ ੩੩ ॥

ਸੰਬਹੀ—ਸਜੀ। ਨਚਿੰਦੁ—ਬੇ ਫਿਕਰ।
ਬੇੜੀ—ਲਿਬੜੀ। ਗੰਧੁ—ਮਹਿਕ।

**ਅਰਥ**—ਨ੍ਹਾ ਧੋ ਕੇ ਸ਼ਿੰਗਾਰ ਕੀਤਾ (ਅਤੇ) ਬੇ ਫਿਕਰ ਹੋ, ਆ ਕੇ ਸੌਂ ਗਈ। ਫ਼ਰੀਦਾ ਹਿੰਙ ਦੀ ਲਿੱਬੜੀ ਹੋਈ ਰਹਿ ਗਈ (ਤੇ) ਕਸਤੂਰੀ ਦੀ ਮਹਿਕ ਚਲੀ ਗਈ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਨ੍ਹਾ ਧੋ ਕੇ ਤੇ ਕਈ ਤਰ੍ਹਾਂ ਦੇ ਕਰਮ ਕਾਂਡ ਕਰ ਕੇ ਰੱਬ ਦੇ ਨਾਂ ਵਲੋਂ ਬੇ ਫਿਕਰ ਹੋ ਰਹੇ। ਦਿਲ ਵਿਚ ਇਹ ਹੰਕਾਰ ਰਿਹਾ ਹੈ ਕਿ ਅਸੀਂ ਬੜੇ ਤੀਰਥ ਅਸ਼ਨਾਨ ਤੇ ਕਰਮ ਕਾਂਡ ਕਰ ਲਏ ਹਨ,

ਇਸ ਲਈ ਨਿਮਰਤਾ ਜਾਂ ਗੁਣਾਂ ਰੂਪੀ ਕਸਤੂਰੀ ਦੀ ਮਹਿਕ ਅੰਦਰੋਂ ਜਾਂਦੀ ਰਹੀ ਅਤੇ ਔਗੁਣਾਂ ਅਰ ਹੰਕਾਰ ਦੀ ਭੈੜੀ ਵਾਸ਼ਨਾ ਹੀ ਰਹਿ ਗਈ।

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤ ਨ ਜਾਇ ॥**
**ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥**

ਜੋਬਨ—ਜਵਾਨੀ। ਕਿਤੀ—ਕਈ।

**ਅਰਥ**—ਜਵਾਨੀ ਦੇ ਜਾਣ ਤੋਂ ਮੈਂ ਨਹੀਂ ਡਰਦਾ, ਜੇ (ਮੇਰੇ ਦਿਲੋਂ) ਮਾਲਕ ਦਾ ਪਿਆਰ ਨਾ ਜਾਵੇ। ਫ਼ਰੀਦਾ! (ਮਾਲਕ ਦੇ ਪਿਆਰ ਬਿਨਾਂ) ਕਈ ਜਵਾਨੀਆਂ ਸੁੱਕ ਤੇ ਕੁਮਲਾ ਗਈਆਂ ਹਨ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜੇ ਰੱਬ ਦੇ ਨਾਲ ਮੇਰਾ ਪਿਆਰ ਬਣਿਆ ਰਹੇ ਤਾਂ ਮੈਂ ਆਪਣੀ ਜਵਾਨੀ ਢਲਣ ਤੋਂ ਨਹੀਂ ਡਰਦਾ, ਕਿਉਂਕਿ ਪਿਆਰ ਤੋਂ ਬਿਨਾਂ ਜਵਾਨੀ ਤੇ ਸੁੰਦਰਤਾ ਸਭ ਬਿ-ਅਰਥ ਹਨ ਅਤੇ ਕਈਆਂ ਦੇ ਜੋਬਨ ਪਿਆਰ ਤੋਂ ਬਿਨਾਂ ਐਵੇਂ ਹੀ ਨਾਸ ਹੋ ਗਏ-ਹਨ।

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣੁ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ ੩੫ ॥**

ਚਿੰਤਾ—ਗ਼ਮ। ਖਟੋਲਾ—ਮੰਜਾ। ਬਿਰਹ—ਵਿਛੋੜਾ, ਪਿਆਰ।

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ (ਮੇਰਾ) ਗ਼ਮਾਂ ਦਾ ਮੰਜਾ, ਦੁਖਾਂ ਦਾ ਵਾਣ, ਪਿਆਰ ਤੇ ਵਿਛੋੜੇ ਦਾ ਲੇਫ਼ ਹੈ। ਹੇ ਮੇਰੇ ਸੱਚੇ ਮਾਲਕ ਤੂੰ ਦੇਖ, ਮੇਰਾ ਜੀਵਨ ਇਸ ਤਰ੍ਹਾਂ ਦਾ ਹੈ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਆਪਣੇ ਮਾਲਕ ਅੱਗੇ ਬੇਨਤੀ ਕਰਦੇ ਹਨ ਕਿ ਹੇ ਮੇਰੇ ਸੱਚੇ ਮਾਲਕ ਮੈਂ ਸੰਸਾਰ ਦੇ ਪਦਾਰਥ ਛੱਡ ਕੇ ਤੈਨੂੰ ਮਿਲਣ ਦੀ ਚਿੰਤਾ ਲਾ ਲਈ ਹੈ ਤੇ ਇਸ (ਚਿੰਤਾ ਨੂੰ ਮੈਂ ਮੰਜਾ ਸਮਝਦਾ ਹਾਂ ਜੋ ਦੁਖਾਂ ਦੇ ਵਾਣ ਨਾਲ ਉਣਿਆ ਹੋਇਆ ਹੈ। ਮੇਰਾ ਤੇਰੇ ਨਾਲ ਪਿਆਰ ਹੈ ਅਤੇ ਵਿਛੋੜਾ ਪਿਆ ਹੋਇਆ ਹੈ। ਮੈਂ ਇਸ ਬਿਰਹੋਂ ਨੂੰ ਲੇਫ਼ ਸਮਝਦਾ ਹਾਂ। ਮੈਂ ਇਸ ਤਰਾਂ ਆਪਣਾ ਜੀਵਨ ਬਣਾਇਆ ਹੋਇਆ ਹੈ, ਤੂੰ ਮੇਰੀ ਹਾਲਤ ਵਲ ਵੇਖ ਕੇ ਮਿਹਰ ਕਰ ਅਤੇ ਮੈਨੂੰ ਗਲ ਲਾ ਲੈ।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ ॥ ੩੬ ॥

ਬਿਰਹਾ—ਵਿਛੋੜਾ। ਮਸਾਣੁ—ਮੜ੍ਹੀਆਂ।

**ਅਰਥ**—ਵਿਛੋੜਾ ਵਿਛੋੜਾ ਕਹੀਦਾ ਹੈ; (ਹੇ) ਵਿਛੋੜੇ ਤੂੰ ਪਾਤਸ਼ਾਹ ਹੈਂ ਜਿਸ ਸਰੀਰ ਵਿਚ ਵਿਛੋੜਾ ਨਹੀਂ ਉਹ ਮੜ੍ਹੀਆਂ ਜਿਹਾ ਸਮਝੋ।

**ਭਾਵ ਅਰਥ**—ਸਭ ਲੋਕ ਵਿਛੋੜੇ ਦੇ ਦੁਖ ਨੂੰ ਬੁਰਾ ਸਮਝਦੇ ਹਨ, ਪਰ ਪਿਆਰ ਤੇ ਵਿਛੋੜਾ ਪਾਤਸ਼ਾਹ ਹਨ ਜੋ ਮਾਲਕ ਦੇ ਮਿਲਣ ਦੀ ਖਿੱਚ ਲਾਈ ਰੱਖਦੇ ਹਨ। ਜਿਨ੍ਹਾਂ ਦੇ ਸਰੀਰ ਅੰਦਰ ਪ੍ਰੇਮ ਤੇ ਵਿਛੋੜਾ ਨਹੀਂ ਉਹ ਮੋਇਆਂ ਸਮਾਨ ਜਾਂ ਮੜ੍ਹੀਆਂ ਵਰਗੇ ਹਨ।

ਫਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥ ੩੭ ॥

ਲਿਵਾੜਿ—ਗਲੇਫ। ਰਾਹੇ ਦੇ—ਬੀਜਦੇ ਪਾਲਦੇ। ਰਾਧੀ—ਰਿੰਨ੍ਹ।

**ਅਰਥ**—ਫ਼ਰੀਦਾ ਇਹ ਜ਼ਹਿਰ ਦੀਆਂ ਗੰਦਲਾਂ ਖੰਡ ਨਾਲ ਗਲੇਫ਼ੀਆਂ ਹੋਈਆਂ ਹਨ। ਕਈ ਇਨ੍ਹਾਂ ਨੂੰ ਬੀਜਦੇ ਬੀਜਦੇ ਰਹਿ ਗਏ ਹਨ ਅਤੇ ਕਈ ਰਿੰਨ੍ਹ ਕੇ ਉਜਾੜ ਗਏ ਹਨ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਇਹ ਸੰਸਾਰ ਦੀਆਂ ਵਾਸ਼ਨਾਵਾਂ ਖੰਡ ਨਾਲ ਗਲੇਫ਼ੀਆਂ ਹੋਈਆਂ ਜ਼ਹਿਰ ਦੀਆਂ ਗੰਦਲਾਂ ਵਰਗੀਆਂ ਹਨ, ਕਿਉਂਕਿ ਸੰਸਾਰਕ ਭੋਗ ਜੀਵਨ ਨੂੰ ਨਾਸ ਕਰਨ ਵਾਲੇ ਹਨ, ਪਰ ਸੁੰਦਰਤਾ ਆਦਿ ਵਿਸ਼ਿਆਂ ਕਰਕੇ ਇਹ ਜੀਵ ਇਨ੍ਹਾਂ ਨੂੰ ਸਵਾਦਲੇ ਤੇ ਮਿੱਠੇ ਪ੍ਰਤੀਤ ਕਰਦਾ ਹੈ। ਕਈ ਇਹ ਵਾਸ਼ਨਾ ਪੂਰੀਆਂ ਕਰਦੇ ਕਰਦੇ ਹੀ ਰਹਿ ਜਾਂਦੇ ਹਨ, ਅਤੇ ਕਈ ਵਾਸ਼ਨਾ ਪੂਰੀਆਂ ਕਰਕੇ ਆਪਣਾ ਆਪ ਤਬਾਹ ਕਰ ਜਾਂਦੇ ਹਨ।

**ਨੋਟ**—ਕਈਆਂ ਵਿਦਵਾਨਾਂ ਦਾ ਖਿਆਲ ਹੈ ਕਿ ਫ਼ਰੀਦ ਜੀ ਨੇ ਇਸਤ੍ਰੀਆਂ ਨੂੰ ਵਿਸ ਗੰਦਲਾਂ ਕਿਹਾ ਹੈ, ਪਰ ਇਹ ਹੋ ਨਹੀਂ ਸਕਦਾ ਕਿ ਗੁਰੂ ਸਾਹਿਬ ਜੀ ਇਸਤ੍ਰੀ ਜਾਤੀ ਦੀ ਨਿੰਦਿਆ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਚੜ੍ਹਾਉਂਦੇ।

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਹੋਂ ਕੇਰ੍ਹੇ ਕੰਮਿ ॥ ੩੮ ॥

ਹੰਢਿ ਕੈ—ਫਿਰ ਕੇ। ਸੰਮਿ—ਸੌਂ ਕੇ।

**ਅਰਥ**— ਫ਼ਰੀਦਾ (ਤੂੰ) ਚਾਰ (ਪਹਿਰ) ਅਰਥਾਤ ਦਿਨ ਫਿਰ ਕੇ ਗਵਾ ਦਿਤਾ ਹੈ ਅਤੇ ਚਾਰ (ਪਹਿਰਾਂ ਦੀ ਰਾਤ) ਸੌਂ ਕੇ (ਅਜਾਈਂ) ਗਵਾ ਦਿੱਤੀ ਹੈ। (ਰੱਬ ਦਾ ਨਾਂ ਨਹੀਂ ਜਪਿਆ)। (ਤੇਰੇ ਕੋਲੋਂ) ਰੱਬ ਲੇਖਾ ਮੰਗੇਗਾ ਕਿ ਤ (ਦੁਨੀਆਂ ਵਿਚ) ਕਿਸ ਕੰਮ ਆਇਆ ਸੀ ?

ਫਰੀਦਾ ਦਰਿ ਦਰਵਾਜੈ ਜਾਇਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲੁ ॥ ੩੯ ॥

**ਅਰਥ**—ਫ਼ਰੀਦਾ ਦਰਵਾਜ਼ੇ ਵਿਚ ਜਾ ਕੇ ਘੜਿਆਲ ਦੇਖਿਆ ਈ ? (ਜਦ) ਉਸ ਬੇ-ਕਸੂਰੇ ਨੂੰ ਮਾਰਿਆ ਜਾਂਦਾ ਹੈ ਤਾਂ ਸਾਡਾ ਦੋਸੀਆਂ ਦਾ ਕੀ ਹਾਲ ਹੋਊ ?

**ਭਾਵ ਅਰਥ**—ਵੱਡੇ ਵੱਡੇ ਦਰਵਾਜ਼ਿਆਂ ਵਿਚ ਘੜਿਆਲ ਉਤੇ ਸੱਟਾਂ ਵੱਜਦੀਆਂ ਦੇਖ ਕੇ ਸਿਖਿਆ ਲਈ ਗਈ ਹੈ ਕਿ ਜਦ ਇਸ ਬੇ-ਕਸੂਰ ਨੂੰ ਸਟਾਂ ਪੈਂਦੀਆਂ ਹਨ ਤਾਂ ਸਾਡਾ ਹਾਲ ਕੀ ਹੋਵੇਗਾ ਜੋ ਸਦਾ ਕਸੂਰ ਕਰਦੇ ਹਾਂ।

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥ ੪੦ ॥

ਹੇੜਾ—ਸਰੀਰ। ਡੁਖੀ—ਦੁਖਾਂ ਵਿਚ। ਰੈਣਿ—ਰਾਤ। ਵਿਹਾਇ—ਬੀਤਦੀ ਹੈ।

**ਅਰਥ**—ਘੜੀ ਘੜੀ ਮਗਰੋਂ ਸੱਟ ਪੈਂਦੀ ਹੈ ਤੇ ਪਹਿਰ ਪਹਿਰ ਪਿਛੋਂ ਬਹੁਤੀਆਂ ਸੱਟਾਂ ਪੈਂਦੀਆਂ ਹਨ। ਏਸੇ ਤਰ੍ਹਾਂ ਉਹ (ਗੁਨਾਹਾਂ ਭਰਿਆ) ਸਰੀਰ ਦੁਖਾਂ ਵਿਚ ਰਾਤ ਬਿਤਾਉਂਦਾ ਹੈ।

**ਭਾਵ ਅਰਥ**—ਪਿਛਲੇ ਸਮਿਆਂ ਵਿਚ ਜਦੋਂ ਘੜੀਆਂ ਆਮ ਨਹੀਂ ਹੁੰਦੀਆਂ ਸਨ, ਓਦੋਂ ਸਰਕਾਰ ਵੱਲੋਂ ਘੜਿਆਲ ਵਜਾਏ ਜਾਂਦੇ ਸਨ। ਘੜੀ ਘੜੀ

ਪਿਛੋਂ ਘੜਿਆਲ ਤੇ ਸੱਟ ਵਜਦੀ ਸੀ ਤੇ ਹਰ ਪਹਿਰ ਪਿਛੋਂ ਕਈ ਸੱਟਾਂ ਮਾਰੀਆਂ ਜਾਂਦੀਆਂ ਸਨ। ਫ਼ਰੀਦ ਜੀ ਕਹਿੰਦੇ ਹਨ ਕਿ ਇਸ ਘੜਿਆਲ ਵਾਂਗ ਪਾਪੀ ਆਦਮੀ ਦੁਖਾਂ ਵਿਚ ਉਮਰ ਕੱਟਦਾ ਹੈ।

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥ ੪੧ ॥

**ਅਰਥ** – ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਬੁਢਾ ਹੋ ਗਿਆ ਹਾਂ, ਮੇਰਾ ਸਰੀਰ ਕੰਬਣ ਲੱਗ ਪਿਆ ਹੈ। ਜੇ ਸੌ ਵਰ੍ਹੇ ਵੀ ਹੋਰ ਜੀਊਣਾ ਹੋਵੇ ਤਾਂ ਸਰੀਰ ਨੇ ਅੰਤ ਨੂੰ ਮਿੱਟੀ ਹੋ ਜਾਣਾ ਹੈ। (ਇਸ ਲਈ ਮੌਤ ਦੇ ਡਰ ਕਰਕੇ) ਕੰਬਣ ਦੀ ਲੋੜ ਨਹੀਂ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਇ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹੁ ॥ ੪੨ ॥

ਬਾਰਿ—ਬੂਹੇ। ਬੈਸਣਾ—ਬਹਿਣਾ।

**ਅਰਥ**—ਹੇ ਸਾਈਂ! ਬਗਾਨੇ ਬੂਹੇ ਤੇ ਬੈਠਣਾ ਮੈਨੂੰ ਨਾ ਦੇਹ। ਜੇ ਤੂੰ ਮੈਨੂੰ ਇਸੇ ਤਰ੍ਹਾਂ (ਬਗਾਨੇ ਬੂਹੇ ਤੇ) ਰੱਖਣਾ ਹੈ ਤਾਂ ਮੇਰੀ ਜਾਨ ਲੈ ਲੈ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਹੇ ਮਾਲਕ ਮੈਨੂੰ ਪਰਾਏ ਆਸਰੇ ਰਹਿਣ ਦਾ ਸਮਾਂ ਨਾ ਦੇਹ। ਜੇ ਮੈਨੂੰ ਪਰਾਏ ਆਸਰੇ ਰੱਖਣਾ ਹੈ ਤਾਂ ਮੇਰੀ ਜਾਨ ਕੱਢ ਲੈ। ਪਰਾਏ ਆਸਰੇ ਰਹਿਣ ਨਾਲੋਂ ਮੌਤ ਚੰਗੀ ਹੈ।

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥

**ਅਰਥ**—(ਇਕ ਲੋਹਾਰ ਨੂੰ ਫ਼ਰੀਦ ਜੀ ਕਹਿੰਦੇ ਹਨ ਕਿ ਤੂੰ) ਮੋਢੇ ਤੇ ਕੁਹਾੜਾ ਸਿਰ ਉਤੇ ਘੜਾ ਰੱਖ ਕੇ ਜੰਗਲ ਦੇ ਪਾਸੇ ਜਾਂਦਾ ਹੈਂ। ਮੈਂ ਇਸ ਜੰਗਲ ਵਿਚੋਂ ਅਪਣਾ ਮਾਲਕ ਲੱਭਦਾ ਹਾਂ, ਅਤੇ ਤੂੰ ਅੰਗਿਆਰ ਲੱਭਦਾ ਹੈਂ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਇਸ ਜੰਗਲ ਵਿਚੋਂ ਮੈਂ

ਆਪਣਾ ਰੱਬ ਲੱਭਦਾ ਹਾਂ, ਓਸੇ ਜੰਗਲ ਵਿਚੋਂ ਲੋਹਾਰ ਲਕੜਾਂ ਵੱਢ ਕੇ, ਬਾਲ ਕੇ, ਕੋਲੇ ਬਣਾਉਂਦਾ ਹੈ। ਇਸ ਦਾ ਭਾਵ ਇਹ ਹੈ ਕਿ ਇਕ ਹੀ ਚੀਜ਼ ਤੋਂ ਗੁਣਾਂ ਦਾ ਗਾਹਕ ਗੁਣ ਤੇ ਔਗੁਣਾਂ ਦਾ ਔਗੁਣ ਲੈਂਦਾ ਹੈ।

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥ ੪੪ ॥

ਅਗਲਾ—ਅਗੇ ਲਈ। ਲੋਣੁ—ਲੂਣ। ਸਿੰਞਾਪਸਨਿ—ਪਛਾਣੇ ਜਾਣਗੇ।

**ਅਰਥ**—ਫ਼ਰੀਦਾ ਕਈਆਂ ਕੋਲ ਤਾਂ ਅੱਗੇ ਲਈ (ਬਹੁਤਿਆਂ ਦਿਨਾਂ ਲਈ) ਵੀ ਆਟਾ ਹੈ ਕਈਆਂ ਕੋਲ ਲੂਣ ਵੀ ਨਹੀਂ। ਅੱਗੇ ਗਿਆਂ ਪਤਾ ਲਗੇਗਾ ਕਿ ਕੌਣ ਦੁਖ ਪਾਏਗਾ।

**ਭਾਵ ਅਰਥ**—ਕਈ ਤਾਂ ਐਡੇ ਅਮੀਰ ਹਨ ਕਿ ਉਨ੍ਹਾਂ ਕੋਲ ਬਹੁਤ ਧਨ ਹੈ (ਐਸ਼ ਕਰਦੇ ਹਨ) ਤੇ ਕਈ ਐਡੇ ਕੰਗਾਲ ਹਨ ਕਿ ਡੰਗ ਦਾ ਲੂਣ ਵੀ ਨਹੀਂ ਮਿਲਦਾ। ਪਰ ਰੱਬ ਦੀ ਦਰਗਾਹ ਵਿਚ ਜਾ ਕੇ ਪਤਾ ਲੱਗੇਗਾ ਕਿ ਓਥੇ ਐਸ਼ ਲੈਣ ਵਾਲੇ ਧਨੀ ਦੁੱਖ ਪਾਉਣਗੇ ਜਾਂ ਰੱਬ ਦੇ ਭਾਣੇ ਵਿਚ ਰਹਿਣ ਵਾਲੇ ਕੰਗਲੇ ?

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥

ਦਮਾਮੇ—ਨਗਾਰੇ। ਛਤੁ—ਛਤਰ। ਭੇਰੀ—ਤੂਤੀ। ਸਡੋ—ਭਟ। ਰਡ—ਛੰਦ। ਜੀਰਾਣ—ਮਸਾਣ। ਅਤੀਮਾ—ਯਤੀਮਾ। ਗਡ—ਦਬੇ ਗਏ।

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ (ਸ਼ਾਹਾਂ) ਕੋਲ ਨਗਾਰੇ ਵੱਜਦੇ ਸਨ, ਸਿਰ ਤੇ ਛਤਰ ਝੂਲਦੇ ਸਨ, ਤੁਤੀਆਂ ਵਜਦੀਆਂ ਤੇ ਭੱਟ ਲੋਕ (ਉਸਤਤ ਵਿਚ) ਛੰਦ ਪੜ੍ਹਦੇ ਸਨ। (ਉਹ ਵੀ ਮੌਤ ਆਉਣ ਤੇ ਅੰਤ ਨੂੰ) ਮਸਾਣਾਂ ਵਿਚ ਜਾ ਸੁੱਤੇ ਅਤੇ ਜ਼ਮੀਨ ਵਿਚ ਦੱਬੇ ਜਾ ਕੇ ਯਤੀਮਾਂ ਵਾਂਗ (ਨਿਮਾਣੇ) ਹੋ ਗਏ।

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ ੪੬ ॥

ਮੰਡਪ—ਮਹਿਲ। ਗੋਰੀ—ਕਬਰਾਂ।

**ਅਰਥ**—ਫ਼ਰੀਦਾ ਕੋਠੇ, ਮਹੱਲ ਤੇ ਵੱਡੇ ਮਕਾਨ ਉਸਾਰਣ ਵਾਲੇ (ਦੁਨੀਆਂ ਤੋਂ ਚਲੇ ਗਏ ਹਨ)। (ਉਹ ਸੰਸਾਰਕ ਪਦਾਰਥਾਂ ਦਾ) ਝੂਠਾ ਵਪਾਰ ਕਰ ਗਏ ਹਨ ਅਤੇ ਅੰਤ ਕਬਰਾਂ ਵਿਚ ਜਾ ਪਏ ਹਨ।

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥ ੪੭ ॥

ਖਿੰਥੜ—ਗੋਦੜੀ। ਮੇਖਾਂ—ਟਾਂਕੇ। ਅਗਲੀਆਂ—ਬਹੁਤੀਆਂ। ਮਸਾਇਕ—ਸ਼ੇਖ।

**ਅਰਥ**—ਫ਼ਰੀਦਾ ਗੋਦੜੀ ਨੂੰ ਕਈ ਟਾਕੀਆਂ ਹਨ, ਪਰ ਜਿੰਦ ਨੂੰ ਕੋਈ ਟਾਕੀ ਨਹੀਂ। ਆਪੋ ਆਪਣੀ ਵਾਰੀ ਸਿਰ ਸਾਰੇ ਸ਼ੇਖ, ਮਸਾਇਕ ਦੁਨੀਆਂ ਤੋਂ ਚਲੇ ਗਏ ਹਨ।

**ਭਾਵ ਅਰਥ**—ਗੋਦੜੀ ਤੇ ਬੜੀ ਪੱਕੀ ਸੀਤੀ ਹੋਈ ਹੈ ਇਸ ਨੂੰ ਕਈ ਟਾਂਕੇ ਲੱਗੇ ਹੋਏ ਹਨ, ਪਰ ਜਿੰਦ ਨੂੰ ਕੋਈ ਟਾਂਕਾ ਨਹੀਂ ਜਿਸ ਨਾਲ ਇਹ ਪੱਕੀ ਰਹੇ। ਆਪੋ ਆਪਣੀ ਵਾਰੀ ਸਿਰ ਸਾਰਿਆਂ ਪੀਰਾਂ ਫ਼ਕੀਰਾਂ ਨੇ ਵੀ ਜਹਾਨ ਤੋਂ ਤੁਰ ਜਾਣਾ ਹੈ।

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥ ੪੮ ॥

ਮਲਕ—ਜਮਰਾਜ। ਗੜ—ਕਿਲਾ। ਘਟੁ—ਘਰ। ਦੀਵੜੇ—ਦੀਵੇ।

**ਅਰਥ**—ਫ਼ਰੀਦਾ ਦੋ ਦੀਵਿਆਂ ਦੇ ਬਲਦਿਆਂ ਜਮਰਾਜ (ਮੌਤ ਦਾ ਫਰੇਸਤਾ) ਆ ਬੈਠਾ। (ਉਸ ਨੇ) ਸਰੀਰ ਰੂਪੀ ਕਿਲਾ ਲੈ ਲਿਆ ਤੇ ਦੀਵੇ ਬੁਝਾ ਗਿਆ।

**ਭਾਵ ਅਰਥ**—ਦੋ ਦੀਵੇ ਅਰਥਾਤ ਅੱਖ਼ਾਂ ਦੇ ਦੇਖਦਿਆਂ ਜਮ ਲੈਣ ਆ ਗਏ, ਓਨ੍ਹਾਂ ਨੇ ਸਰੀਰ ਉਤੇ ਕਬਜ਼ਾ ਕਰ ਲਿਆ, ਜਾਨ ਕੱਢ ਕੇ ਅੱਖਾਂ ਦੀ ਜੋਤ ਨਾਸ ਕਰ ਦਿਤੀ।

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਇਹ ਸਜਾਇ ਤਿਨਾਹ ॥ ੪੯ ॥

[ ਕੂੰਨੇ—ਕਾਹੜਨੀ ਨੂੰ। ਥੀਆ—ਹੋਇਆ।]

**ਅਰਥ**—ਫਰੀਦਾ ਦੇਖ ਕਪਾਹ ਨਾਲ ਕੀ ਹੋਇਆ ਏ, ਤਿਲਾਂ ਦੇ ਨਾਲ ਕੀ ਵਰਤੀ ਏ ਅਤੇ ਕਮਾਦ, ਕਾਗਜ਼, ਕਾੜ੍ਹਨੀ ਤੇ ਕੋਲਿਆਂ ਨਾਲ ਕੀ ਹੋਇਆ ਏ। ਜਿਹੜੇ ਲੋਕੀਂ ਬੁਰੇ ਕੰਮ ਕਰਦੇ ਨੇ ਉਨ੍ਹਾਂ ਨੂੰ ਇਹ ਸਜ਼ਾਵਾਂ ਮਿਲਦੀਆਂ ਨੇ।

**ਭਾਵ ਅਰਥ**—ਫਰੀਦ ਜੀ ਦਸਦੇ ਹਨ ਕਿ ਬੁਰੇ ਕੰਮ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਦੀਆਂ ਸਜ਼ਾਵਾਂ ਮਿਲਦੀਆਂ ਹਨ ਜਿਸ ਤਰ੍ਹਾਂ ਕਿ ਕਪਾਹ ਨੂੰ ਵੇਲਿਆ, ਝੰਬਿਆ, ਪਿੰਜਿਆ, ਕੱਤਿਆ ਜਾਂਦਾ ਹੈ, ਜਾਂ ਜਿਸ ਤਰ੍ਹਾਂ ਤਿਲ ਪੀੜੇ ਜਾਂਦੇ ਹਨ; ਕਮਾਦ ਨੂੰ ਪੀੜਿਆ ਜਾਂਦਾ ਏ, ਕਾਗਜ਼ ਨੂੰ ਘੋਟਿਆ ਜਾਂਦਾ ਏ; ਕਾਹੜਨੀ ਨੂੰ ਅੱਗ ਨਾਲ ਸਾੜਿਆ ਜਾਂਦਾ ਏ ਤੇ ਕੋਲਿਆਂ ਨਾਲ ਅੱਗ ਬਾਲੀ ਜਾਂਦੀ ਹੈ। ਇਹ ਸਜ਼ਾਵਾਂ ਪਾਪੀਆਂ ਨੂੰ ਮਿਲਦੀਆਂ ਹਨ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥ ੫੦ ॥

ਕੰਨਿ—ਮੋਢੇ ਤੇ। ਮੁਸਲਾ—ਨਮਾਜ਼ ਪੜ੍ਹਨ ਦੀ ਸਫ। ਸੂਫ—ਕਾਲੀ ਕਫਨੀ ਜਾਂ ਸੂਫ਼ੀ। ਕਾਤੀ—ਕੈਂਚੀ। ਵਾਤਿ - ਮੂੰਹ।

**ਅਰਥ**—ਫਰੀਦਾ ਮੋਢੇ ਉਤੇ ਨਮਾਜ਼ ਪੜ੍ਹਨ ਵਾਲੀ ਸਫ ਹੈ, ਗਲ ਵਿਚ ਸੂਫ ਦਾ ਕਾਲਾ ਚੋਲਾ ਜਾਂ ਕਫਨੀ ਹੈ, ਦਿਲ ਵਿਚ ਬੇਈਮਾਨੀ ਦੀ ਛੁਰੀ ਜਾਂ ਕੈਂਚੀ ਹੈ; ਮੂੰਹ ਵਿਚੋਂ ਗੁੜ ਵਰਗੇ ਮਿਠੇ ਸ਼ਬਦ ਨਿਕਲਦੇ ਹਨ। ਬਾਹਰੋਂ (ਪ੍ਰਤਖ ਤੌਰ ਤੇ) ਭਗਤ ਜਾਂ ਨੇਕ ਆਦਮੀ ਪਰਤੀਤ ਹੁੰਦਾ ਹੈ; ਪਰ ਅੰਦਰ ਕਾਲੀ ਰਾਤ ਹੈ।

**ਭਾਵ ਅਰਥ**—ਇਹ ਸਲੋਕ ਭੇਖੀ ਸਬੰਧੀ ਉਚਾਰਿਆ ਹੈ ਕਿ ਬਾਹਰੋਂ ਤਾਂ ਫਕੀਰ ਮਲੂਮ ਹੁੰਦਾ ਹੈ ਪਰ ਅੰਦਰ ਕਾਲਾ ਹੈ ਅਤੇ ਬੇ-ਈਮਾਨੀ ਦੀ ਕੈਂਚੀ ਚਲਾ ਕੇ ਲੋਕਾਂ ਨੂੰ ਲੁਟ ਰਿਹਾ ਹੈ।

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧ ॥

[ ਰਤੀ—ਰਤਾ ਵੀ। ਰਤੁ—ਲਹੂ।]

**ਅਰਥ**—ਫਰੀਦਾ ਜੇ ਕੋਈ (ਮੇਰੇ) ਸਰੀਰ ਨੂੰ ਚੀਰੇ ਤਾਂ ਰਤਾ ਵੀ ਲਹੂ ਨਹੀਂ ਨਿਕਲਦਾ। ਜਿਹੜੇ ਸਰੀਰ ਰਬ ਦੇ ਨਾਲ ਰੰਗੇ ਹਏ ਹਨ। ਉਨ੍ਹਾਂ ਦੇ ਸਰੀਰ ਵਿਚ ਲਹੂ ਨਹੀਂ ਹੁੰਦਾ (ਉਹ ਸੁੱਕੇ ਹੋਏ ਹਨ)।

ਮਹਲਾ ੩ ॥

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ॥
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥

**ਅਰਥ**—ਫਰੀਦ ਜੀ ਦੇ ਉਪਰਲੇ ਸਲੋਕ ਦਾ ਸ੍ਰੀ ਗੁਰੂ ਅਮਰਦਾਸ ਜੀ ਉੱਤਰ ਦੇਂਦੇ ਹਨ ਇਹ ਸਰੀਰ ਸਾਰਾ ਲਹੂ ਹੈ ਲਹੂ ਤੋਂ ਬਿਨਾਂ ਸਰੀਰ ਨਹੀਂ ਹੋ ਸਕਦਾ। ਜਿਹੜੇ ਆਪਣੇ ਮਾਲਕ ਦੇ ਰੰਗ ਵਿਚ ਰੰਗੇ ਹੋਏ ਹਨ ਉਨ੍ਹਾਂ ਦੇ ਸਰੀਰ ਵਿਚ ਲਾਲਚ ਰੂਪੀ ਲਹੂ ਨਹੀਂ ਹੁੰਦਾ। [ਅਰਥਾਤ ਉਹ ਲੋਭ ਨਹੀਂ ਕਰਦੇ] (ਰੱਬ ਦਾ) ਡਰ ਪੈਣ ਨਾਲ ਸਰੀਰ ਕਮਜ਼ੋਰ ਹੋ ਜਾਂਦਾ ਹੈ ਅਤੇ ਇਸ ਵਿਚੋਂ ਲਾਲਚ ਰੂਪੀ ਲਹੂ ਚਲਾ ਜਾਂਦਾ ਹੈ। ਜਿਸ ਤਰ੍ਹਾਂ ਅੱਗ ਵਿਚ ਧਾਤ ਸਾਫ ਹੋ ਜਾਂਦੀ ਹੈ। ਇਸੇ ਤਰ੍ਹਾਂ ਰੱਬ ਦਾ ਡਰ ਖੋਟੀ ਮੱਤ ਦੀ ਮੈਲ ਨੂੰ ਦੂਰ ਕਰਦਾ ਹੈ। (ਸ੍ਰੀ ਗੁਰੂ ਨਾਨਕ) ਜੀ ਕਹਿੰਦੇ ਹਨ, ਉਹ ਲੋਕ ਸੋਹਣੇ ਹਨ ਜਿਹੜੇ ਰੱਬ ਨਾਲ ਪਿਆਰ ਪਾ ਕੇ ਉਸ ਦੇ ਰੰਗ ਵਿਚ ਰੰਗੇ ਹੋਏ ਹਨ।

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ੫੩ ॥

[ ਸਰਵਰੁ—ਤਲਾ। ਢੂਢਿ—ਲਭ। ਵਥੁ—ਵਸਤ। ]

**ਅਰਥ**—ਫਰੀਦਾ ਉਹ ਸਰੋਵਰ ਲੱਭ ਲਓ ਜਿਥੋਂ ਵਸਤ ਹੱਥ ਆਈ ਹੈ,

ਛੱਪੜਾਂ ਵਿਚੋਂ ਲਭਣ ਨਾਲ ਕੀ ਬਣਦਾ ਹੈ, ਚਿਕੜ ਵਿਚ ਹੱਥ ਲਿਬੜਦੇ ਹਨ ।

**ਭਾਵ ਅਰਥ**—ਇਸ ਸਲੋਕ ਵਿਚ ਫਰੀਦ ਜੀ ਉਪਦੇਸ਼ ਦੇਂਦੇ ਹਨ ਕਿ ਹੇ ਜੀਵ ਤੂੰ ਉਹ ਗੁਰੂ ਰੂਪੀ ਸਰੋਵਰ ਲਭ ਜਿਥੋਂ ਤੈਨੂੰ ਨਾਮ ਜਾਂ ਗਿਆਨ ਰੂਪੀ ਚੀਜ਼ ਲੱਭੇ ਦੁਨੀਆਂ ਦੇ ਪਖੰਡਾਂ ਜਾਂ ਝਮੇਲਿਆਂ ਨੂੰ ਕੀ ਫੋਲਣਾ ਹੈ, ਇਨ੍ਹਾਂ ਵਿਚੋਂ ਤਾਂ ਵਾਸ਼ਨਾ ਜਾਂ ਵਿਸ਼ਿਆਂ ਰੂਪੀ ਚਿੱਕੜ ਨਾਲ ਹੱਥ ਹੀ ਲਿਬੜਣਗੇ ।

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥ ੫੪ ॥

[ਨੰਢੀ--ਜੁਆਨ । ਕੰਤ—ਮਾਲਕ । ਧਨ--ਇਸਤ੍ਰੀ ।]

**ਅਰਥ**—ਫਰੀਦਾ ਜਵਾਨ (ਇਸਤ੍ਰੀ) ਨੇ ਮਾਲਕ ਨੂੰ ਨਹੀਂ ਭੋਗਿਆ । (ਜਦੋਂ) ਵੱਡੀ ਹੋਈ ਤਾਂ (ਮਾਲਕ ਨੂੰ ਮਿਲਣ ਦੀ) ਆਸ ਮਰ ਗਈ । (ਜੀਵ ਰੂਪੀ) ਇਸਤਰੀ ਕਬਰ ਵਿਚ ਪਈ ਪੁਕਾਰਦੀ ਹੈ ਕਿ ਹੇ ਮਾਲਕ ਮੈਂ ਤੈਨੂੰ ਨਹੀਂ ਮਿਲੀ ।

**ਭਾਵ ਅਰਥ**—ਜਵਾਨੀ ਵੇਲੇ ਰੱਬ ਦਾ ਨਾਂ ਨਹੀਂ ਜਪਿਆ, ਬੁੱਢੇ ਵੇਲੇ ਨਾਮ ਜਪ ਕੇ ਰੱਬ ਨੂੰ ਮਿਲਣ ਦੀ ਕੋਈ ਉਮੀਦ ਨਾ ਰਹੀ । ਇਸ ਆਸ਼ ਵਿਚ ਹੀ ਜੀਵ ਮਰ ਗਿਆ ਤੇ ਕਬਰ ਵਿਚ ਜਾ ਪਿਆ, ਹੁਣ ਪੁਕਾਰ ਕਰਦਾ ਹੈ ਕਿ ਹੇ ਈਸ਼ਵਰ ! ਮੈਂ ਜ਼ਿੰਦਗੀ ਵਿਚ ਤੈਨੂੰ ਨਹੀਂ ਮਿਲਿਆ (ਮੈਨੂੰ ਬਖਸ਼ ਲਈਂ) ।

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲ ਮਾਣਹਿ ਕਿਆ ਰਲੀਆਂ ॥ ੫੫ ॥

[ਗਹਿਲੇ—ਅਵੇਸਲੇ । ਬਾਵਲੇ—ਕਮਲਿਆ ।]

**ਅਰਥ**—ਫਰੀਦਾ ਸਿਰ, ਦਾੜ੍ਹੀ ਤੇ ਮੁੱਛਾਂ ਵੀ ਪਲ ਗਈਆਂ ਹਨ । ਹੇ ਗ਼ਾਫਲ ਤੇ ਕਮਲੇ ਦਿਲਾ ਤੂੰ ਕੀ ਰੰਗ ਰਲੀਆਂ ਮਾਣਦਾ ਹੈਂ ।

**ਭਾਵ ਅਰਥ**—ਫਰੀਦ ਜੀ ਆਪਣੇ ਦਿਲ ਨੂੰ ਸਮਝਾਉਂਦੇ ਹਨ ਕਿ ਹੇ ਮਨਾਂ ਸਿਰ, ਦਾੜ੍ਹੀ ਤੇ ਮੁੱਛਾਂ ਵੀ ਪਲ ਗਈਆਂ (ਧੌਲੀਆਂ ਹੋ ਗਈਆਂ) ਹਨ, ਹੁਣ ਬੁੱਢੇ ਵਾਰੇ ਤੂੰ ਕੀ ਮਨ ਆਈਆਂ ਮੌਜਾਂ ਮਾਨਣ ਲੱਗਾ ਹੋਇਆ ਹੈਂ ।

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥ ੫੬ ॥

[ਧੁਕਣ - ਦੌੜਨਾ। ਵਿਲਾੜਿ — ਦੌੜ ਭੱਜ ਵਿਚ ।]

**ਅਰਥ** —ਕੋਠੇ ਉਤੇ ਕਿੰਨਾ ਕੁ ਦੌੜਨਾ ਹੈ, (ਤੂ) ਮਾਲਕ ਵਲੋਂ ਨੀਂਦ ਨੂੰ ਦੂਰ ਕਰ। ਜਿਹੜ ਗਿਣਤੀ ਦੇ ਦਿਨ ਲੱਭੇ ਹਨ, ਉਹ ਦੌੜ ਭੱਜ ਵਿਚ ਗਏ ਹਨ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਐ ਜੀਵ ਤੂੰ ਸੰਸਾਰ ਦੇ ਕੰਮਾਂ ਦੀ ਦੌੜ ਭੱਜ ਵਿਚ ਕਿੰਨਾ ਚਿਰ ਰਹੇਂਗਾ। ਹੁਣ ਤੂੰ ਪ੍ਰਮਾਤਮਾ ਵਲੋਂ ਗ਼ਫਲਤ ਦੀ ਨੀਂਦ ਨੂੰ ਦੂਰ ਕਰ ਤੇ ਨਾਮ ਜਪ, ਕਿਉਂਕਿ ਤੈਨੂੰ ਗਿਣਤੀ ਦੇ ਜਿਹੜੇ ਦਿਨ ਲੱਭੇ ਹਨ, ਉਹ ਐਵੇਂ ਬਿਅਰਥ ਚਲੇ ਗਏ ਹਨ।

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਇ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥

**ਅਰਥ**—ਫਰੀਦਾ ਕੋਠੇ, ਮਹੱਲ ਤੇ ਵੱਡੇ ਵੱਡੇ ਮਕਾਨਾਂ ਨਾਲ ਦਿਲ ਨਾ ਲਾ, (ਇਹ ਤਾਂ) ਅਤੋਲਵੀਂ ਮਿੱਟੀ ਪਈ ਹੋਈ ਹੈ, ਕਿਸੇ ਨੇ ਤੇਰਾ ਮਿਤਰ ਨਹੀਂ ਬਨਣਾ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਘਰਾਂ, ਮਕਾਨਾਂ ਜਾਂ ਹੋਰ ਜਾਇਦਾਦ ਨਾਲ ਪਿਆਰ ਨਹੀਂ ਪਾਉਣਾ ਚਾਹਦਾ। ਅੰਤ ਵੇਲੇ ਕਿਸੇ ਨੇ ਵੀ ਸੱਜਣ ਨਹੀਂ ਬਣਨਾ। (ਇਸ ਲਈ ਰੱਬ ਦਾ ਨਾਂ ਜਪਣਾ ਚਾਹੀਦਾ ਹੈ।)

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥ ੫੮ ॥

ਮੰਡਪ—ਮਹਿਲ। ਮਰਗ—ਮੌਤ।
ਸਤਾਣੀ—ਜ਼ੋਰ ਵਾਲੀ। ਵੰਞਣਾ—ਜਾਣਾ।

**ਅਰਥ**—ਫਰੀਦਾ ਮਹੱਲਾਂ ਤੇ ਦੌਲਤ ਨਾਲ ਦਿਲ ਨਾ ਲਾ, (ਸਗੋਂ) ਜ਼ਬਰਦਸਤ ਮੌਤ ਨੂੰ ਯਾਦ ਰੱਖ ਅਤੇ ਉਸ ਥਾਂ (ਰੱਬ ਦੀ ਦਰਗਾਹ) ਵੱਲ ਲੱਗ (ਅੰਤ ਨੂੰ) ਜਿਥੇ ਜਾਣਾ ਹੈ :

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ੫੯ ॥

**ਅਰਥ**—ਫਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ ਕੰਮਾਂ ਤੋਂ ਕੋਈ ਲਾਭ ਨਾ ਹੋਵੇ, ਉਹ ਕੰਮ ਭੁਲਾ ਦੇਣੇ ਚਾਹੀਦੇ ਹਨ। ਕਿਤੇ ਰੱਬ ਦੀ ਦਰਗਾਹ ਵਿਚ (ਭੈੜੇ ਕੰਮ ਕਰਨ ਕਰਕੇ) ਸ਼ਰਮਿੰਦਾ ਨਾ ਹੋਣਾ ਪਵੇ।

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ੬੦ ॥

[ਭ੍ਰਾਂਦ—ਭਟਕਣਾ। ਦਰਵੇਸਾਂ—ਫਕੀਰਾਂ। ਜੀਰਾਂਦ—ਜ਼ਿੰਦਗੀ।]

**ਅਰਥ** –ਫਰੀਦ ਜੀ ਕਹਿੰਦੇ ਹਨ ਕਿ ਹੇ ਭਾਈ ਤੂੰ ਦਿਲ ਦੀ ਭਟਕਣਾ ਦੂਰ ਕਰਕੇ ਮਾਲਕ ਦੀ ਚਾਕਰੀ ਕਰ। ਫਕੀਰੀ ਨੂੰ ਰੁੱਖਾ ਵਰਗਾ (ਸਹਿਨ ਸ਼ੀਲਤਾ ਵਾਲਾ) ਜੀਵਨ ਬਿਤਾਉਣਾ ਚਾਹੀਦਾ ਹੈ।

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥

**ਅਰਥ**—ਫਰੀਦਾ ਮੇਰੇ ਕਾਲੇ ਕਪੜੇ ਹਨ ਅਤੇ ਕਾਲਾ ਮੇਰਾ ਪਹਿਰਾਵਾ ਹੈ। ਹੈ। ਮੈਂ ਪਾਪਾਂ ਨਾਲ ਲੱਦਿਆ ਫਿਰਦਾ ਹਾਂ, ਪਰ ਲੋਕ ਮੈਨੂੰ ਫ਼ਕੀਰ ਆਖਦੇ ਹਨ।

**ਭਾਵ ਅਰਥ** – ਫਰੀਦ ਜੀ ਕਹਿੰਦੇ ਹਨ ਕਿ ਮੈਂ ਪਾਪਾਂ ਨਾਲ ਭਰਿਆ ਪਿਆ ਹਾਂ ਪਰ ਲੋਕ ਮੇਰਾ ਬਾਹਰਲਾ (ਫਕੀਰਾਂ ਵਾਲਾ) ਭੇਖ ਦੇਖ ਕੇ ਮੈਨੂੰ ਫਕੀਰ ਆਖਦੇ ਹਨ।

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥ ੬੨ ॥

ਤੱਤੀ—ਸੜੀ ਹੋਈ। ਤੋਇ—ਮਾਰੀ ਹੋਈ ਖੇਤੀ। ਪਲਵੈ—ਪੱਲਰ ਦੀ, ਵਧਦੀ। ਡੋਹਾਗਣਿ—ਛੁੱਟੜ।

**ਅਰਥ** – ਸੋਕੇ ਕਰ ਕੇ ਸੜੀ ਹੋਈ ਖੇਤੀ ਨੂੰ ਭਾਵੇਂ ਪਾਣੀ ਵਿਚ ਡੋਬ ਦਿਓ ਉਹ ਤਾਂ ਵੀ ਨਹੀਂ ਵਧਦੀ। (ਇਸੇ ਤਰ੍ਹਾਂ) ਫਰੀਦ ਜੀ ਕਹਿੰਦੇ ਹਨ ਕਿ ਜਿਹੜੇ ਰੱਬ ਤੋਂ ਵਿਛੜ ਕੇ ਦੁਖੀ ਹਨ, ਉਹ ਝੂਰ ਝੂਰ ਕੇ ਮਰ ਜਾਂਦੇ ਹਨ।

ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾ ਮਾਮਲੇ ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥ ੬੩ ॥

[ ਵਤਿ—ਮੁੜ ਕੇ । ਥੀਐ—ਹੁੰਦੀ । ]

**ਅਰਥ**—ਜਦੋਂ ਕੁਆਰੀ ਸੀ ਤਾਂ (ਵਿਆਹ ਦਾ) ਚਾਅ ਸੀ, ਜਦ ਵਿਆਹੀ ਗਈ ਤਾਂ ਝਮੇਲੇ ਪੈ ਗਏ। ਫਰੀਦਾ ਹੁਣ ਇਹ ਪਛਤਾਵਾ ਹੈ ਕਿ ਮੁੜ ਕੇ ਕੁਆਰੀ ਨਹੀਂ ਹੋ ਸਕਦੀ।

**ਭਾਵ ਅਰਥ**—ਜਦੋਂ ਅਜੇ ਮਾਲਕ ਨਾਲ ਪਿਆਰ ਨਹੀਂ ਸੀ ਪਿਆ ਤਾਂ ਦਿਲ ਵਿਚ ਬੜੀ ਚਾਹ ਸੀ ਕਿ ਮਾਲਕ ਨਾਲ ਪਿਆਰ ਪੈ ਜਾਵੇ। ਜਦੋਂ ਮਾਲਕ ਨਾਲ ਪ੍ਰੀਤ ਦੀ ਗੰਢ ਪੈ ਗਈ ਤਦ ਪਿਆਰ ਦੇ ਰਾਹ ਵਿਚ (ਪ੍ਰੀਤ ਨਿਭਾਉਣ ਵਿਚ) ਕਈ ਤਰ੍ਹਾਂ ਦੀਆਂ ਔਖਿਆਈਆਂ ਹੋਈਆਂ ਤੇ (ਹਿਰਦੇ ਦੇ ਡੋਲਣ ਕਰਕੇ) ਪਛਤਾਵਾ ਲੱਗਾ ਕਿ ਹੁਣ ਮੇਰੀ ਪਹਿਲੀ (ਪਿਆਰ ਰਹਿਤ) ਹਾਲਤ ਮੁੜ ਕੇ ਨਹੀਂ ਹੋ ਸਕਦੀ, ਕਿਉਂਕਿ ਮਾਲਕ ਨਾਲ ਇਕ ਵਾਰੀ ਪਿਆਰ ਪਿਆ ਦਿਨੋ ਦਿਨੀਂ ਵਧਦਾ ਹੈ, ਘਟਦਾ ਨਹੀਂ ਭਾਵੇਂ ਕਿੰਨੇ ਹੀ ਕਸ਼ਟ ਕਿਉਂ ਨਾ ਪੈਣ।

**ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥**
**ਚਿੰਜੂ ਬੋੜਨਿ੍ ਨ ਪੀਵਹਿ ਉਡਣ ਸੰਦੀ ਡੰਝ ॥੬੪॥**

ਹੰਝ—ਹੰਸ । ਚਿੰਜੂ—ਚੁੰਝ ।
ਬੋੜਨਿ—ਡੋਬਦੇ ਹਨ । ਡੰਝ—ਪਿਆਸ ਚਾਹ ।

**ਅਰਥ**—ਕੱਲਰ ਦੀ ਛਪੜੀ ਉਤੇ ਹੰਸ ਆ ਉਤਰੇ। ਚੁੰਝਾਂ ਡੋਬਦੇ ਹਨ ਪਰ ਪਾਣੀ ਨਹੀਂ ਪੀਂਦੇ, ਉੱਡਣ ਦੀ ਇੱਛਾ ਲੱਗੀ ਰਹਿੰਦੀ ਹੈ।

**ਭਾਵ ਅਰਥ**—ਸੰਸਾਰ ਰੂਪੀ ਛਪੜੀ ਵਿਚ ਵਿਕਾਰਾਂ ਰੂਪੀ ਕੱਲਰ ਹੈ। ਮਹਾਤਮਾਂ ਲੋਕ ਸੰਸਾਰ ਵਿਚ ਵਿਚਰਦੇ ਹਨ, ਪਰ ਉਹ ਇਸ ਵਿਚ ਰਚਦੇ ਨਹੀਂ, ਸਗੋਂ ਉਨ੍ਹਾਂ ਦੇ ਦਿਲ ਅੰਦਰ ਇਹ ਤੀਬਰ ਇੱਛਾ ਰਹਿੰਦੀ ਹੈ ਕਿ ਅਸੀਂ ਏਥੋਂ ਉਡ ਕੇ (ਪ੍ਰਮਾਤਮਾ ਦੇ ਦੇਸ਼) ਚਲੇ ਜਾਈਏ।

**ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥**
**ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥**

**ਅਰਥ**—ਹੰਸ ਉੱਡ ਕੇ ਕੋਧਰੇ (ਦੇ ਖੇਤ ਵਿਚ) ਜਾ ਬੈਠਾ ਤੇ ਲੋਕ ਉਸ

ਨੂੰ ਉਡਾਉਣ ਲਈ ਗਏ। ਭੁੱਲੇ ਲੋਕ ਇਹ ਨਹੀਂ ਜਾਣਦੇ ਕਿ ਹੰਸ ਕਧਰਾ ਨਹੀਂ ਖਾਂਦੇ।

**ਭਾਵ ਅਰਥ**—ਕੋਈ ਮਹਾਤਮਾ ਕਿਸੇ ਸੰਸਾਰੀ ਜੀਵ (ਇਸਤ੍ਰੀ ਆਦਿ) ਕੋਲ ਉਸ ਨੂੰ ਉਪਦੇਸ਼ ਦੇਣ ਲਈ ਗਏ, ਲੋਕਾ ਨੇ ਬੁਰਾ ਮਨਾਇਆ ਤੇ ਉਸ ਨੂੰ ਰੋਕਣ ਵਾਸਤੇ ਗਏ। ਭੁੱਲੇ ਲੋਕ ਇਹ ਨਹੀਂ ਜਾਣਦੇ ਸਨ ਕਿ ਮਹਾਤਮਾ ਜਨ ਸੰਸਾਰਕ ਝਮੇਲਿਆਂ ਜਾਂ ਵਿਕਾਰਾਂ ਵਿਚ ਨਹੀਂ ਪੈਂਦੇ, ਸਗੋਂ ਸਦਾ ਨਾਮ ਵਿਚ ਲੀਨ ਰਹਿੰਦੇ ਹਨ।

ਚਲਿ ਚਲਿ ਗਈਆਂ ਪਖੀਆਂ ਜਿਨੀ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ।੬੬।

(ਪੰਖੀਆਂ—ਪੰਛੀ ਤਲ—ਇਲਾਕੇ)

**ਅਰਥ**—ਉਹ ਪੰਛੀ ਇਸ ਸੰਸਾਰ ਤੋਂ ਚਲੇ ਗਏ ਹਨ ਜਿਨ੍ਹਾਂ ਨੇ ਇਲਾਕੇ ਵਸਾਏ ਸਨ। ਫ਼ਰੀਦਾ ਇਹ ਤਲਾਅ ਭਰਿਆ ਹੋਇਆ ਵੀ ਚਲਾ ਜਾਵੇਗਾ ਅਤੇ ਕੰਵਲ ਫੁੱਲ ਇਕੱਲੇ ਹੀ ਰਹਿ ਜਾਣਗੇ

**ਭਾਵ ਅਰਥ**—ਇਸ ਸਲੋਕ ਵਿਚ ਫਰੀਦ ਜੀ ਦਸਦੇ ਹਨ ਕਿ ਇਹ ਸੰਸਾਰ ਨਾਸਵੰਤ ਹੈ। ਜਿਨ੍ਹਾਂ ਮਹਾਂ ਪੁਰਸ਼ਾਂ ਜਾਂ ਰਾਜਿਆਂ ਨੇ ਦੇਸ ਤੇ ਇਲਾਕੇ ਵਸਾਏ ਸਨ ਉਹ ਇਸ ਸੰਸਾਰ ਵਿਚੋਂ ਚਲੇ ਗਏ। ਇਹ ਸੰਸਾਰ ਜੋ ਕਈ ਤਰ੍ਹਾਂ ਦੇ ਪਦਾਰਥਾਂ ਨਾਲ ਭਰਿਆ ਹੋਇਆ ਹੈ, ਕਦੀ ਇਹ ਵੀ ਚਲਾ ਜਾਵੇਗਾ ਅਤੇ ਜਿਹੜੇ ਮਹਾਤਮਾਂ ਕੰਵਲ ਵਾਂਗ ਨਿਰਲੇਪ ਰਹਿੰਦੇ ਹਨ ਉਹ ਹੀ ਇਕੱਲੇ ਰਹਿ ਜਾਣਗੇ।

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥੬੭॥

ਕੇਤੜਿਆ—ਕਈ। ਵਾਪਰੇ—ਬੀਤੇ।

**ਅਰਥ**—ਫਰੀਦਾ ਸਿਰ੍ਹਾਣੇ ਇੱਟ ਹੈ, ਭੁੰਜੇ ਸੁੱਤਾ ਹਾਂ ਤੇ ਮੇਰੇ ਮਾਸ ਵਿਚ ਕੀੜਾ ਲੜ ਗਿਆ ਹੈ। (ਹੇ ਮਾਲਕ) ਮੈਨੂੰ ਪਾਸੇ ਪਿਆਂ ਕਈ ਜੁੱਗ ਬੀਤ ਗਏ ਹਨ।

**ਭਾਵ ਅਰਥ**—ਇਸ ਸਲੋਕ ਵਿਚ ਫ਼ਰੀਦ ਜੀ ਆਪਣੀ ਹੱਡ ਬੀਤੀ ਦੱਸਦੇ ਹਨ, ਕਿ ਇਕ ਦਿਨ ਇੱਟ ਸਿਰ੍ਹਾਣੇ ਰੱਖ ਕੇ ਸੁੱਤਾ ਪਿਆ ਸਾਂ ਕਿ ਮੇਰੇ ਮਾਸ ਵਿਚ ਕੀੜਾ ਲੜਿਆ । (ਫਿਰ ਬੇਨਤੀ ਕਰਦੇ ਹਨ) ਕਿ ਹੇ ਮਾਲਕ ਮੈਨੂੰ ਇਕ ਪਾਸੇ (ਭਗਤੀ ਵੱਲ ਪਿਆਂ) ਕਈ ਜੁੱਗ ਬੀਤ ਗਏ ਹਨ। (ਪਰ ਅਜੇ ਤਕ ਆਸ ਪੂਰੀ ਨਹੀਂ ਹੋਈ)।

## ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
## ਅਜਰਾਈਲੁ ਫਰੇਸਤ ਕੈ ਘਰਿ ਨਾਠੀ ਅਜੁ ॥੬੮॥

ਭੰਨੀ—ਭੱਜ ਗਈ । ਸੁਵੰਨਵੀ—ਸੁਹਣੀ । ਨਾਗਰ—ਸੋਹਣੀ
ਨਾਠੀ—ਪਰਾਹੁਣਾ ।

**ਅਰਥ**—ਫ਼ਰੀਦਾ ਸੁਹਣੇ ਨਮੂਨੇ ਦੀ ਝਿਜਰੀ ਟੁੱਟ ਗਈ ਹੈ, ਸੁਹਣੀ ਲੱਜ ਵੀ ਟੁੱਟ ਗਈ ਹੈ । ਅਜਰਾਈਲ (ਮੌਤ ਦਾ) ਫ਼ਰਿਸ਼ਤਾ ਅੱਜ ਕਿਹੜੇ ਘਰ ਪਰਾਹੁਣਾ ਬਣੇਗਾ ।

**ਭਾਵ ਅਰਥ**—ਫ਼ਰੀਦ ਜੀ ਕਿਸੇ ਪ੍ਰਾਣੀ ਨੂੰ ਮੋਇਆ ਦੇਖ ਕੇ ਕਹਿੰਦੇ ਹਨ ਕਿ ਇਸ ਦਾ ਸੁਹਣਾ ਸਰੀਰ ਮੁਰਦਾ ਹੋ ਗਿਆ ਹੈ ਉਮਰ ਰੂਪੀ ਸੁਹਣੀ ਲੱਜ ਵੀ ਟੁੱਟ ਗਈ ਹੈ, ਹੁਣ ਪਤਾ ਨਹੀਂ ਕਿ ਮੌਤ ਦਾ ਫਰਿਸ਼ਤਾ (ਜਮਰਾਜ) ਕਿਸ ਦੇ ਘਰ (ਮਾਰਨ ਲਈ) ਪਰਾਹੁਣਾ ਜਾ ਬਣਨਾ ਹੈ ।

## ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
## ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥

ਸਵੰਨਵੀ—ਸੁਹਣੇ ਵੰਨ ਦੀ । ਭੁਇ—ਧਰਤੀ ਤੇ ।

**ਅਰਥ**—ਫ਼ਰੀਦਾ ਸੁਹਣੇ ਵੰਨ ਦੀ ਝਿੱਜਰ ਭੱਜ ਗਈ, ਸੁਹਣੀ ਲੱਜ ਟੁਟ ਗਈ । ਜਿਹੜੇ ਸੱਜਣ ਧਰਤੀ ਉਤੇ (ਵਾਧੂ) ਭਾਰ ਸਨ, ਉਹ ਅੱਜ ਕਿਸ ਤਰ੍ਹਾਂ ਆਉਣ ?

**ਭਾਵ ਅਰਥ**—ਫ਼ਰੀਦ ਜੀ ਉਪਦੇਸ਼ ਦੇਂਦੇ ਹਨ ਕਿ ਸੁਹਣਾ ਸਰੀਰ ਮੁਰਦਾ ਹੋ ਚੁਕਾ ਹੈ, ਉਮਰ ਦੀ ਸੁਹਣੀ ਲੱਜ ਟੁਟ ਚੁਕੀ ਹੈ, ਜਿਹੜਾ ਜੀਵ ਧਰਤੀ ਤੇ ਭਾਰੂ

ਸੀ ਉਹ ਮਰ ਚੁਕਾ ਹੈ, ਹੁਣ ਮੋਇਆ ਹੋਇਆ ਮੁੜ ਕੇ ਦੁਨੀਆ ਵਿਚ ਕਿਸ ਤਰ੍ਹਾਂ ਆ ਸਕਦਾ ਹੈ।

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲ ਨ ਆਇਆ ਪੰਜੇ ਵਖਤ ਮਸੀਤਿ ॥੭੦॥

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਬੇ-ਨਿਮਾਜ਼ੇ (ਨਿਮਾਜ਼ ਨਾ ਪੜ੍ਹਨ ਵਾਲੇ) ਕੁੱਤੇ ਤੇਰੇ ਲਈ ਇਹ ਚੰਗੀ ਗੱਲ ਨਹੀਂ। ਤੂੰ ਕਦੀ ਵੀ ਪੰਜੇ ਵੇਲੇ ਨਿਮਾਜ਼ ਪੜ੍ਹਨ ਲਈ (ਮਸੀਤ ਵਿਚ) ਨਹੀਂ ਚੱਲ ਕੇ ਆਇਆ।

**ਭਾਵ ਅਰਥ**—ਬਾਬਾ ਫ਼ਰੀਦ ਜੀ ਸੂਫ਼ੀ ਮੱਤ ਦੇ ਫ਼ਕੀਰ ਸਨ ਤੇ ਸ਼ਰ੍ਹਾ ਦੇ ਬਧਨਾਂ ਤੋਂ ਆਜ਼ਾਦ ਸਨ, ਕਦੀ ਵੀ ਮਸੀਤ ਵਿਚ ਨਿਮਾਜ਼ ਪੜ੍ਹਣ ਲਈ ਨਹੀਂ ਜਾਂਦੇ ਸਨ। ਕਿਸੇ ਨੇ ਆ ਕੇ ਆਖਿਆ ਕਿ ਬਾਬਾ ਜੀ ! ਕੀ ਗੱਲ ਹੈ ਜੋ ਤੁਸੀਂ ਕਦੀ ਵੀ ਮਸੀਤ ਵਿਚ ਨਿਮਾਜ਼ ਪੜ੍ਹਣ ਲਈ ਨਹੀਂ ਜਾਂਦੇ ? ਉਸ ਵੇਲੇ ਫ਼ਰੀਦ ਜੀ ਆਪਣੇ ਦਿਲ ਨੂੰ ਸੰਬੋਧਨ ਕਰਦੇ ਹਨ, ਕਿ ਹੇ ਮੇਰੇ ਮਨਾਂ ! ਤੂੰ ਸੰਸਾਰ ਝਮੇਲਿਆਂ ਵਿਚ ਰਹਿੰਦਾ ਹੈਂ, ਤੂੰ ਕੁੱਤੇ ਵਰਗਾ ਹੈਂ, ਤੂੰ ਪੰਜਾਂ ਵੇਲਿਆਂ ਵਿਚੋਂ ਕਦੀ ਵੀ ਆਪਣੇ ਆਤਮਾ ਰੂਪੀ ਮਸੀਤ ਵਿਚ ਇਕਾਗਰ ਹੋ ਕੇ ਨਾਮ ਨਹੀਂ ਜਪਿਆ।

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ।
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥

(ਉਜੂ ਸਾਜਿ—ਮੂੰਹ ਹਥ ਧੋ। ਕਪਿ—ਵੱਢ ਕੇ।)

**ਅਰਥ**—ਉਠ ਫ਼ਰੀਦਾ ਮੂੰਹ ਹਥ ਧੋ ਕੇ ਅੰਮ੍ਰਿਤ ਵੇਲੇ ਦੀ ਨਿਮਾਜ਼ ਪੜ੍ਹ। ਜਿਹੜਾ ਸਿਰ ਮਾਲਕ ਅੱਗੇ ਨਹੀਂ ਨੀਉਂਦਾ ਉਸ ਨੂੰ ਵੱਢ ਕੇ ਲਾਹ ਦੇਣਾ ਚਾਹੀਦਾ ਹੈ।

**ਭਾਵ ਅਰਥ**—ਫ਼ਰੀਦ ਜੀ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਹੇ ਮਨਾ ! ਤੂੰ ਜੋ ਅਨਗਹਿਲੀ ਦੀ ਨੀਂਦੇ ਸੁੱਤਾ ਪਿਆ ਹੈਂ, ਉੱਠ ਆਪਣੇ ਆਪ ਨੂੰ ਸ਼ੁਭ ਕਰਮਾਂ ਦੇ ਨਾਲ ਪਵਿੱਤਰ ਕਰ ਅਤੇ ਜਲਦੀ ਜਲਦੀ ਮਾਲਕ ਨੂੰ ਯਾਦ ਕਰ। ਜਿਹੜਾ ਸਿਰ ਮਾਲਕ ਅੱਗੇ ਨਹੀਂ ਝੁਕਦਾ ਉਹ ਵਢਣ ਯੋਗ ਹੈ।

ਜੋ ਸਿਰੁ ਸਾਈ ਨ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥

(ਕਾਂਇ—ਕੀ। ਕੁੰਨੇ—ਕਾਹੜਨੇ।)

**ਅਰਥ**—ਜਿਹੜਾ ਸਿਰ (ਹੰਕਾਰ ਕਰਕੇ) ਮਾਲਕ ਅੱਗੇ ਨਹੀਂ ਝੁਕਦਾ, ਉਸ ਸਿਰ ਨੂੰ ਕੀ ਕਰਨਾ ਹੈ ? (ਉਸ ਨੂੰ) ਬਾਲਣ ਦੀ ਥਾਂ ਕਾਹੜਨੇ ਪਤੀਲੇ ਹੇਠ ਸਾੜਨਾ ਚਾਹੀਦਾ ਹੈ। (ਭਾਵ ਉਹ ਸਿਰ ਸਾੜਨ ਯੋਗ ਹੈ ਜੋ ਮਾਲਕ ਅਗੇ ਨਹੀਂ ਝੁਕਦਾ)।

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥

ਜਣਿਓਹਿ—ਜੰਮਿਆ। ਪਤੀਣੋਹਿ—ਪਤੀਜਿਆ

**ਅਰਥ**—ਫਰੀਦਾ ਜਿਨ੍ਹਾਂ ਨੇ ਤੈਨੂੰ ਜੰਮਿਆ ਸੀ ਉਹ ਤੇਰੇ ਮਾਪੇ ਕਿੱਥੇ ਹਨ ? ਤੇਰੇ ਕਲੋਂ ਉਹ (ਮਰ ਕੇ) ਚਲੇ ਗਏ ਹਨ, ਤੈਨੂੰ ਅਜੇ ਯਕੀਨ ਨਹੀਂ ਆਇਆ ? (ਕਿ ਤੂੰ ਵੀ ਮਰ ਜਾਣਾ ਹੈ)।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥੭੪॥

ਮੈਦਾਨੁ—ਪੱਧਰਾ। ਦੋਜਕ—ਨਰਕ। ਭਾਹਿ—ਅੱਗ।
ਸੰਦੀ—ਦੀ।

**ਅਰਥ**—ਫ਼ਰੀਦਾ ਮਨ ਨੂੰ ਪੱਧਰਾ (ਸਾਫ਼, ਭਰਮਾਂ ਤੋਂ ਰਹਿਤ ਕਰ ਲੈ ਅਤੇ ਭਰਮਾਂ ਰੂਪੀ ਟੋਏ ਟਿੱਬੇ ਦੂਰ ਕਰ ਦੇਹ। (ਇਸ ਤਰ੍ਹਾਂ ਕਰਨ ਨਾਲ) ਤੇਰੇ ਅੱਗੇ ਨਰਕਾਂ ਦੀ ਅੱਗ ਕਦੀ ਨਹੀਂ ਆਵੇਗੀ।

**ਮਹਲਾ ੫ ॥**

ਫ਼ਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥

(ਖਾਲਕੁ—ਕਰਤਾ। ਖਲਕ—ਸ੍ਰਿਸ਼ਟੀ।)

**ਅਰਥ**—ਫ਼ਰੀਦਾ ਦੁਨੀਆਂ ਦਾ ਕਰਤਾ ਦੁਨੀਆਂ ਵਿਚ ਹੈ ਅਤੇ ਦੁਨੀਆਂ ਰੱਬ ਵਿਚ ਵਸਦੀ ਹੈ। ਜਦ ਰੱਬ ਤੋਂ ਬਿਨਾਂ ਕੋਈ ਵੀ ਨਹੀਂ ਤਾਂ ਬੁਰਾ ਕਿਸ ਨੂੰ ਕਹੀਏ ?

**ਭਾਵ ਅਰਥ**—ਸਾਰੀ ਦੁਨੀਆਂ ਵਿਚ ਰੱਬ ਵਸਦਾ ਹੈ, ਅਤੇ ਰੱਬ ਤੋਂ ਬਿਨਾਂ ਕੋਈ ਨਹੀਂ, ਇਸ ਲਈ ਕਿਸੇ ਨੂੰ ਵੀ ਬੁਰਾ ਨਹੀਂ ਕਹਿਣਾ ਚਾਹੀਦਾ।

ਫਰੀਦਾ ਜਿ ਦਿਹ ਨਾਲਾ ਕਪਿਆ ਜੇ ਗਲ ਕਪਹਿ ਚੁਖ ।
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ।੭੬।

ਨਾਲਾ—ਨਾੜੂ । ਚੁਖ—ਜ਼ਰਾ ਜਿੰਨਾ। ਮਾਮਲੇ—ਪਵਾੜੇ
ਇਤੀ—ਐਨੇ।

**ਅਰਥ**—ਫਰੀਦ ਜੀ ਕਹਿੰਦੇ ਹਨ ਕਿ ਜਿਸ ਦਿਨ ਮੇਰਾ ਨਾੜੂ ਕਟਿਆ ਸੀ, ਜੇ ਉਸ ਦਿਨ ਮੇਰਾ ਗਲ ਜ਼ਰਾ ਜਿੰਨਾ ਵੱਢ ਦੇਂਦੇ (ਤਾਂ ਚੰਗਾ ਸੀ, ਕਿਉਂਕਿ ਜੇ ਮੈਂ ਮਰ ਜਾਂਦਾ) ਤਾਂ ਮੈਨੂੰ ਐਨੇ ਪਵਾੜੇ ਨਾ ਪੈਂਦੇ ਅਤੇ ਨਾ ਹੀ ਐਨੇ ਦੁਖ ਸਹਿੰਦਾ (ਜਿੰਨੇ ਕਿ ਮੈਂ ਇਸ ਜੀਵਨ ਵਿਚ ਸਹਿ ਰਿਹਾ ਹਾਂ)

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲ ਗਏ ।੭੭।

ਚਬਣ—ਦੰਦ ਚਲਣ—ਪੈਰ। ਰਤੰਨ—ਅੱਖਾਂ।
ਸੁਣੀਅਰ—ਕੰਨ। ਹੇੜੇ—ਸਰੀਰ ਨੇ । ਮੁਤੀ –ਮਾਰੀ ।
ਧਾਹ—ਢਾਹ । ਜਾਨੀ—ਪਿਆਰੇ।

**ਅਰਥ**—ਦੰਦ, ਪੈਰ, ਅੱਖਾਂ ਅਤੇ ਕੰਨ ਜਦ ਬੁਢਾਪੇ ਕਰਕੇ ਨਿਕੰਮੇ ਹੋ ਗਏ ਤਾਂ ਸਰੀਰ ਨੇ ਢਾਹ ਮਾਰੀ ਕਿ ਹਾਇ ! ਮੇਰੇ ਪਿਆਰੇ ਚਲੇ ਗਏ ਹਨ।

**ਭਾਵ ਅਰਥ**—ਬੁਢੇ ਵਾਰੇ ਜਦੋਂ ਅੰਗ ਨਿਕਾਰੇ ਹੋ ਜਾਂਦੇ ਹਨ ਤਾਂ ਬੜਾ ਹਿਰਖ ਤੇ ਪਛਤਾਵਾ ਲੱਗਦਾ ਹੈ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥

(ਹਢਾਇ—ਵਰਤ, ਧਾਰਨ ਕਰ।)

**ਅਰਥ**—ਫ਼ਰੀਦ ਜੀ ਉਪਦੇਸ਼ ਦੇਂਦੇ ਹਨ ਕਿ (ਹੇ ਭਾਈ) ਬੁਰੇ ਦਾ ਵੀ ਭਲਾ ਕਰ ਤੇ ਮਨ ਵਿਚ ਗੁੱਸਾ ਨਾ ਧਾਰਨ ਕਰ (ਇਸ ਤਰ੍ਹਾਂ ਕਰਨ ਨਾਲ) ਸਰੀਰ ਅਰੋਗ ਰਹੇਗਾ ਅਤੇ ਤੈਨੂੰ ਸਭ ਕੁਝ ਮਿਲ ਜਾਵੇਗਾ।

**ਭਾਵ ਅਰਥ**—ਫ਼ਰੀਦ ਜੀ ਦੱਸਦੇ ਹਨ ਕਿ ਕਦੀ ਵੀ ਗੁੱਸਾ ਨਹੀਂ ਕਰਨਾ ਚਾਹੀਦਾ : ਇਸ ਤਰ੍ਹਾਂ ਸਰੀਰ ਨੂੰ ਬੀਮਾਰੀ ਨਹੀਂ ਲਗਦੀ ਸਗੋਂ ਸ਼ੁਭ ਗੁਣ ਪ੍ਰਾਪਤ ਹੋ ਜਾਂਦੇ ਹਨ।

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥

ਪੰਖ—ਪੰਛੀ। ਸੁਹਾਵਾ—ਸੋਹਣਾ।
ਨਉਬਤਿ ਨਗਾਰਾ। ਸਾਜੁ—ਆਹਰ।

**ਅਰਥ**—ਫਰੀਦਾ ਦੁਨੀਆਂ ਸੁਹਣਾ ਬਾਗ ਹੈ (ਇਸ ਵਿਚ) ਜੀਵ ਰੂਪੀ ਪੰਛੀ ਪਰਾਹੁਣੇ ਹਨ। ਸਵੇਰ ਤੋਂ ਹੀ ਨਗਾਰਾ ਵੱਜ ਰਿਹਾ ਹੈ ਕਿ ਤੂੰ ਏਥੋਂ ਜਾਣ ਦਾ ਆਹਰ ਕਰ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਕੋਈ ਪੰਛੀ ਚਾਰ ਦਿਨਾਂ ਲਈ ਇਕ ਬਾਗ ਵਿਚ ਅਤੇ ਫੇਰ ਕਿਸੇ ਦੂਸਰੇ ਬਾਗ ਵਿਚ ਚਲਾ ਜਾਂਦਾ ਹੈ। ਏਸੇ ਤਰ੍ਹਾ ਜੀਵ ਨੇ ਦੁਨੀਆਂ ਵਿਚ ਚਾਰ ਦਿਹਾੜੇ ਰਹਿ ਕੇ ਏਥੋਂ ਚਲੇ ਜਾਣਾ ਏਂ। ਜਦ ਤੋਂ ਜੀਵ ਦੁਨੀਆਂ ਵਿਚ ਆਇਆ ਏ ਓਦੋਂ ਤੋਂ ਹੀ ਕਾਲ ਦਾ ਨਗਾਰਾ ਵਜ ਰਿਹਾ ਏ, ਕਿ ਹੇ ਭਾਈ ਏਥੋਂ ਚਲਣ ਦਾ ਸਾਮਾਨ ਕਰ।

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿਨ੍ਹਾ ਮਿਲਣੁ ਕੁਆਉ ॥੮੦॥

ਕਥੂਰੀ—ਕਸਤੂਰੀ ਭਾਉ—ਭਾਗ, ਹਿੱਸਾ
ਨੀਂਦ੍ਰਾਵਲੇ—ਨੀਂਦ ਦੇ ਘਿਰੇ ਹੋਏ।
ਕੁਆਉ—ਕਿਸ ਤਰ੍ਹਾਂ।

**ਅਰਥ**—ਫਰੀਦਾ ਰਾਤ ਨੂੰ ਕਸਤੂਰੀ ਵੰਡੀ ਜਾਂਦੀ ਏ, ਸੁਤਿਆਂ ਨੂੰ ਹਿੱਸਾ ਨਹੀਂ ਮਿਲਦਾ, ਜਿਨ੍ਹਾਂ ਦੀਆਂ ਅੱਖਾਂ ਨੀਂਦ ਨੇ ਘੇਰੀਆਂ ਹੋਈਆਂ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਮਿਲੇ।

**ਭਾਵ ਅਰਥ**—ਮਹਾਂਤਮਾ ਜਨ ਰਾਤ ਵੇਲੇ ਇਕਾਗਰ ਹੋ ਕੇ ਅਥਵਾ ਦੁਨੀਆਂ ਦੇ ਰੌਲੇ ਗੌਲੇ ਤੋਂ ਅਟੰਕ ਹੋ ਕੇ ਨਾਮ ਜਪਦੇ ਹਨ, ਇਸ ਲਈ ਫ਼ਰੀਦ ਜੀ ਕਹਿੰਦੇ ਹਨ ਕਿ ਰਾਤ ਵੇਲੇ ਨਾਮ ਕਸਤੂਰੀ ਵੰਡੀ ਦੀ ਏ, ਪਰ ਜਿਹੜੇ ਸੁੱਤੇ ਰਹਿੰਦੇ ਹਨ, ਉਹ ਨਾਮ ਰੂਪੀ ਦਾਤ ਨਹੀਂ ਲੈ ਸਕਦੇ। ਜਿਨ੍ਹਾਂ ਦੀਆਂ ਅੱਖਾਂ ਹੀ ਗਫ਼ਲਤ ਦੀ ਨੀਂਦ ਨੇ ਘੇਰੀਆਂ ਹੋਈਆਂ ਹਨ, ਉਹ ਪ੍ਰਮਾਤਮਾ ਨੂੰ ਕਿਸ ਤਰ੍ਹਾਂ ਮਿਲ ਸਕਦੇ ਹਨ।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ ॥੮੧॥

(ਸਬਾਇਐ—ਸਾਰੇ। ਉਚੇ ਚੜਿਕੇ—ਵੀਚਾਰ ਕਰਕੇ।)

**ਅਰਥ**—ਫਰੀਦਾ ਮੈਂ ਸਮਝਿਆ ਸੀ ਕਿ ਮੈਨੂੰ ਹੀ ਦੁੱਖ ਪਏ ਹੋਏ ਹਨ, (ਪਰ) ਸਾਰੀ ਦੁਨੀਆਂ ਵਿਚ ਹੀ ਦੁਖ ਹਨ। ਜਦੋਂ ਡੂੰਘੀ ਕਰਕੇ ਨਜ਼ਰ ਮਾਰੀ ਤਾਂ ਪਤਾ ਲਗਦਾ ਹੈ ਕਿ ਹਰ ਇਕ ਘਰ ਵਿਚ ਦੁੱਖਾਂ ਦੀ ਅੱਗ ਬਲ ਰਹੀ ਹੈ। (ਭਾਵ ਦੁੱਖਾਂ ਤੋਂ ਬਿਨਾਂ ਕੋਈ ਘਰ ਨਹੀਂ।)

**ਮਹਲਾ ੫ ॥**

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥੮੨॥

ਰੰਗਾਵਲੀ—ਅਨੰਦ ਦਾਇਕ। ਵਸੂਲਾ—ਸੂਲਾਂ ਵਾਲਾ
ਨਿਵਾਜਿਆ—ਵਡਿਆਇਆ। ਅੰਚ—ਅੱਗ।

**ਅਰਥ**—ਫਰੀਦਾ ਧਰਤੀ ਬੜੀ ਅਨੰਦ ਦੇਣ ਵਾਲੀ ਹੈ, ਪਰ ਇਸ ਵਿਚ ਸੂਲਾਂ ਵਾਲਾ ਬਾਗ ਹੈ, ਜਿਨ੍ਹਾਂ ਨੂੰ ਗੁਰੂ ਨੇ ਵਡਿਆਇਆ ਹੈ ਤੇ ਓਨ੍ਹਾਂ ਨੂੰ ਅਗ ਨਹੀਂ ਲਗਦੀ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਦੁਨੀਆਂ ਦੁਖਾਂ ਦਾ ਘਰ ਹੈ। ਗੁਰੂ ਜਾਂ ਮੁਰਸ਼ਦ ਨੇ ਸਿਖਿਆ ਤੇ ਗਿਆਨ ਦੇ ਕੇ ਜਿਨ੍ਹਾਂ ਨੂੰ ਵਡਿਆਇਆ ਹੈ ਉਨ੍ਹਾਂ ਨੂੰ ਵਿਡਿਆਈ ਅੱਗ ਜ਼ਰਾ ਵੀ ਨਹੀਂ ਲਗਦੀ।

**ਮਹਲਾ ੫ ॥**

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ ॥੯੩॥

ਸੁਹਾਵੜੀ—ਸੁਹਣੀ। ਸੁਵੰਨੜੀ—ਸੁਹਣੀ।

**ਅਰਥ** ਫ਼ਰੀਦਾ ਸੁਹਣੀ ਉਮਰ ਹੋਵੇ ਨਾਲੇ ਸੁਹਣਾ ਸਰੀਰ ਹੋਵੇ, (ਫੇਰ) ਜਿਹੜੇ ਪਿਆਰੇ (ਰਬ) ਨਾਲ ਪਿਆਰ ਕਰਦੇ ਹਨ, ਉਹ ਕੋਈ ਵਿਰਲੇ ਹੀ ਹਨ।

**ਭਾਵ ਅਰਥ**——ਸਤਿਗੁਰੂ ਜੀ ਬਾਬਾ ਫ਼ਰੀਦ ਜੀ ਨੂੰ ਕਹਿੰਦੇ ਹਨ ਕਿ ਫਰੀਦਾ! ਆਨੰਦ ਮਾਨਣ ਵਾਲੀ ਉਮਰ ਤੇ ਨਾਲ ਸੁਹਣਾ ਸਰੀਰ ਹੋਵੇ। ਇਹ ਦੋਵੇਂ ਥੋਕ ਹੁੰਦਿਆਂ ਫੇਰ ਵੀ ਜਿਹੜੇ ਰੱਬ ਨਾਲ ਪਿਆਰ ਕਰਦੇ ਹਨ ਉਹ ਕੋਈ ਵਿਰਲੇ ਹੀ ਹਨ .

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗਉ ਕਰੇ ॥੯੪॥

ਕੰਧੀ —ਕੰਢਾ। ਤਿਦਾਊ—ਓਧਰ ਨੂੰ। ਗਉ—ਰਸਤਾ

**ਅਰਥ**—ਹੇ ਵਹਿਣ ਤੂੰ ਕੰਢਿਆਂ ਨੂੰ ਨਾ ਢਾਹ, ਤੂੰ ਵੀ ਲੇਖਾ ਦੇਣਾ ਹੈ। ਜਿੱਧਰ ਰੱਬ ਦੀ ਮਰਜ਼ੀ ਹੋਵੇ ਵਹਿਣ ਵੀ ਉਸੇ ਰਾਹੇ ਜਾਂਦਾ ਹੈ।

**ਭਾਵ ਅਰਥ**—ਫਰੀਦ ਜੀ ਜ਼ੋਰਾਵਰ ਨੂੰ ਸਿਖਿਆ ਦੇਂਦੇ ਹਨ ਕਿ ਹੇ ਭਾਈ ਤੂੰ ਆਪਣੇ ਆਸੇ ਪਾਸੇ ਦਿਆਂ ਨੂੰ ਤੰਗ ਨਾ ਕਰ, ਤੂੰ ਵੀ ਲੇਖਾ ਦੇਣਾ ਹੈ। ਤੇਰੇ ਜ਼ੋਰ ਦਾ ਪ੍ਰਵਾਹ ਓਧਰ ਹੀ ਹੋਵੇਗਾ ਜਿੱਧਰ ਰੱਬ ਦੀ ਮਰਜ਼ੀ ਹੋਵੇਗੀ। ਅਰਥਾਤ ਤੂੰ ਵੀ ਰਬ ਦੇ ਹੁਕਮ ਅੰਦਰ ਹੈਂ ਤੂੰ ਕਿਸੇ ਨੂੰ ਦੁੱਖ ਨਾ ਦੇਹ।

ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥
ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੯੪॥

ਡੁਖਾ—ਦੁੱਖਾਂ। ਪਾਤਣੀ—ਪਤਣ ਵਾਲਾ ਮਲਾਹ।
ਕਪਰ—ਲਹਿਰਾਂ। ਵਾੜਿ—ਮੂੰਹ ਵਿਚ।

**ਅਰਥ**—ਫ਼ਰੀਦਾ ਦੁਖਾਂ ਵਿਚ ਦਿਨ ਬੀਤਿਆ ਤੇ ਤੜਪਦਿਆਂ ਰਾਤ ਲੰਘੀ। ਮਲਾਹ ਖੜਾ ਪੁਕਾਰ ਰਿਹਾ ਹੈ ਕਿ ਬੇੜਾ ਝੱਖੜ ਦੇ ਮੂੰਹ ਵਿਚ ਫਸਿਆ ਹੋਇਆ ਹੈ।

**ਭਾਵ ਅਰਥ**—ਦਿਨ ਤਾਂ ਸੰਸਾਰਕ ਝਮੇਲਿਆਂ ਦੇ ਦੁਖਾਂ ਵਿਚ ਬੀਤਿਆ ਹੈ ਅਤੇ ਰਾਤ ਸੋਚਾਂ ਤੇ ਫਿਕਰਾਂ ਵਿਚ ਬੀਤਦੀ ਹੈ। ਸੰਸਾਰ ਸਾਗਰ ਵਿਚੋਂ ਤਾਰਨ ਵਾਲਾ ਗੁਰੂ ਰੂਪ ਮਲਾਹ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਹੇ ਭਾਈ ਤੇਰੇ ਜੀਵਨ ਦਾ ਬੇੜਾ ਤ੍ਰਿਸ਼ਨਾ, ਤੇ ਵਾਸ਼ਨਾ ਰੂਪੀ ਝੱਖੜ ਦੇ ਮੂੰਹ ਵਿਚ ਫਸਿਆ ਹੋਇਆ ਹੈ, ਰਤਾ ਕੁ ਸੁਚੇਤ ਹੋ।

## ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥
## ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੇ ਸੁਚੇਤ ॥੮੬॥

ਕੰਧੀ—ਕੰਢੇ। ਕੇਰੈ—ਡੇਗਦੀ ਹੈ।

**ਅਰਥ**—ਲੰਮੀ ਤੇ ਡੂੰਘੀ ਨਦੀ ਕੰਢੇ ਨੂੰ ਡੇਗਣ ਲਈ ਵਗਦੀ ਹੈ। ਪਰ ਜੇ ਮਲਾਹ ਹੁਸ਼ਿਆਰ ਰਹੇ ਤਾਂ ਲਹਿਰਾਂ ਕੀ ਕਰ ਸਕਦੀਆਂ ਹਨ।

**ਭਾਵ ਅਰਥ**—ਮੌਤ ਦੀ ਤੇਜ਼ ਅਤੇ ਅਥਾਹ ਨਦੀ ਆਸੇ ਪਾਸੇ ਡੇਗਣ ਲਈ ਵਗਦੀ ਹੈ, ਪਰ ਜਿਸਦੇ ਸਿਰ ਤੇ ਹੁਸ਼ਿਆਰ ਤੇ ਸਚੇਤ ਸਤਿਗੁਰ ਰੂਪੀ ਮਲਾਹ ਹੈ, ਉਸਦੇ ਸਰੀਰ ਰੂਪੀ ਬੇੜੇ ਨੂੰ ਕਾਲ ਦੀ ਨਦੀ ਕੀ ਕਰ ਸਕਦੀ ਹੈ ?

## ਫਰੀਦਾ ਗਲੀਂ ਸੁ ਸਜਣ ਵੀਹ ਇਕ ਢੂੰਢੇਦੀ ਨ ਲਹਾਂ ॥
## ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੮੭॥

ਮਾਲੀਹ—ਮਲੀਹ। ਮਾ ਪਿਰੀ—ਆਪਣੇ ਪਿਆਰੇ।

**ਅਰਥ**—ਫ਼ਰੀਦਾ ਗੱਲਾਂ ਨਾਲ ਤਾਂ ਵੀਹ ਸਜਣ ਹਨ, ਪਰ ਲਭਣ ਲਗਿਆਂ ਇਕ ਵੀ ਨਹੀਂ ਮਿਲਦਾ। ਮੈਂ ਆਪਣੇ ਪਿਆਰੇ ਬਦਲੇ ਮਲੀਹ ਵਾਂਗ ਧੁਖਦਾ ਹਾਂ।

**ਭਾਵ ਅਰਥ**—ਅੱਜ ਕੱਲ ਦੁਨੀਆਂ ਵਿਚ ਗੱਲਾਂ ਗੱਲਾਂ ਨਾਲ ਮਿਤਰ ਬਣਨ ਵਾਲੇ ਤਾਂ ਵੀਹ ਮਿਲ ਜਾਣਗੇ, ਪਰ ਸੱਚਾ ਮਿੱਤਰ ਲੱਭਿਆਂ ਇਕ ਵੀ ਨਹੀਂ

ਲੱਭਦਾ। ਮੈਂ ਆਪਣੇ ਸੱਚੇ ਮਿਤਰ ਲਈ ਮਲੀਹ ਵਾਂਗ ਧੁਖਦਾ ਰਹਿੰਦਾ ਹਾਂ ਕਿ ਮੈਨੂੰ ਮੇਰਾ ਪਿਆਰਾ ਮਿਲੇ।

ਇਸ ਦਾ ਇਹ ਭਾਵ ਦਸਿਆ ਜਾਂਦਾ ਹੈ ਕਿ ਮੂੰਹ ਨਾਲ ਗੱਲਾਂ ਕਰਨ ਵਾਲੇ ਕਈ ਸੰਤ ਲਭ ਪੈਂਦੇ ਹਨ, ਪਰ ਸੱਚਾ ਸਹਾਇਤਾ ਕਰਨ ਵਾਲਾ ਲਭਿਆਂ ਵੀ ਨਹੀਂ ਲਭਦਾ। ਮੈਂ ਮਲੀਹ ਵਾਂਗ ਆਪਣੇ ਪਿਆਰੇ ਨੂੰ ਮਿਲਣ ਦੀ ਸਿਕ ਵਿਚ ਧੁਖਦਾ ਰਹਿੰਦਾ ਹਾਂ।

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮॥

ਦੁਖੀਐ ਦੁਖੀ ਹੋਵੇ। ਬੁਜੇ—ਲੀਰਾਂ।

**ਅਰਥ**—ਫ਼ਰੀਦਾ ਇਹ ਸਰੀਰ (ਕੁੱਤੇ ਵਾਂਗ) ਭਉਕਣ ਵਾਲਾ ਹੈ. (ਸੋ) ਸਦਾ ਕੌਣ ਦਖੀ ਹੋਵੇ। (ਇਸ ਲਈ) ਮੈਂ ਕੰਨਾਂ ਵਿਚ ਲੀਰਾਂ ਦੇ ਕੇ ਰਖਦਾ (ਭਾਵੇਂ) ਕਿੰਨੀਆਂ ਹੀ ਆਵਾਜ਼ਾਂ ਆਉਣ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਇਹ ਸਰੀਰ ਵਿਸ਼ਿਆਂ ਵਿਕਾਰਾਂ ਲਈ ਭਉਂਕਦਾ ਹੈ ਇਸ ਲਈ ਮੈਂ ਇਸ ਵਲ ਗਹੁ ਹੀ ਨਹੀਂ ਕਰਦਾ, ਭਾਵੇਂ ਇਹ ਮੈਨੂੰ ਵਿਕਾਰਾਂ ਵਲ ਕਿੰਨਾ ਹੀ ਉਕਸਾਉਂਦਾ ਹੈ, ਕਿਉਂਕਿ ਇਸ ਦੇ ਮਗਰ ਲੱਗ ਕੇ ਕੌਣ ਪਿਆ ਦੁਖੀ ਹੁੰਦਾ ਰਹੇ।

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ ॥
ਜੋ ਜੋ ਵੰਞੈ ਡੀਹੜਾ ਸੁ ਉਮਰ ਹਥ ਪਵੰਨਿ ॥੮੯॥

ਮਾਖਿਅ—ਸ਼ਹਿਦ। ਨਈ—ਨਦੀਆਂ।
ਵਹੰਨਿ—ਵਗਦੀਆਂ ਹਨ। ਡੀਹੜਾ—ਦਿਨ।

**ਅਰਥ**—ਫ਼ਰੀਦਾ ਰੱਬ (ਦੇ ਨਾਮ ਰੂਪੀ) ਖਜੂਰਾਂ ਪੱਕੀਆਂ ਹਨ, (ਅਤੇ) ਗਿਆਨ ਰੂਪੀ ਸ਼ਹਿਦ ਦੀਆਂ ਨਦੀਆਂ ਵਗਦੀਆਂ ਹਨ। ਜਿਹੜਾ ਦਿਨ ਬੀਤਦਾ ਜਾਂਦਾ ਹੈ ਇਹ ਉਮਰ ਨੂੰ ਹੀ ਹਥ ਪੈਂਦਾ ਹੈ।

**ਭਾਵ ਅਰਥ**—ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਸਤਿਸੰਗਤ ਵਿਚ ਰੱਬ ਦੇ ਨਾਮ ਰੂਪੀ ਖਜੂਰਾਂ ਪਕੀਆਂ ਹਨ ਅਤੇ ਓਥੇ ਗਿਆਨ ਦੀਆਂ ਨਦੀਆਂ ਵਗਦੀਆਂ

ਹਨ, ਸੋ ਜਲਦੀ ਨਾਲ ਕੇ ਇਹ ਪਦਾਰਥ ਲੈ ਲਉ ਕਿਉਂਕਿ ਜਿਹੜਾ ਦਿਨ ਬੀਤਦਾ ਜਾਂਦਾ ਹੈ, ਇਹ ਉਮਰ ਹੀ ਘਟਦੀ ਹੈ।

ਫਰੀਦਾ ਤਨੁ ਸੁਕਾ ਪਿੰਜਰ ਥੀਆ ਤਲੀਆ ਖੂੰਡਹਿ ਕਾਗ ।
ਅਜੈ ਸੁ ਰਬ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥

(ਖੂੰਡਹਿ—ਠੂੰਗਦਾ ਹੈ। ਕਾਗਿ—ਕਾਂ ।)

**ਅਰਥ**—ਫ਼ਰੀਦਾ ਤਨ ਸੁੱਕ ਕੇ ਪਿੰਜਰ ਹੋ ਗਿਆ, ਤਲੀਆ ਵਿਚ ਕਾਂ ਠੂੰਗੇ ਮਾਰਦੇ ਹਨ। ਅਜੇ ਤਕ ਰੱਬ ਨਹੀਂ ਮਿਲਿਆ, ਦੇਖੋ ਇਹ ਬੰਦੇ ਦੀ ਕਿਸਮਤ ਹੈ।

**ਭਾਵ ਅਰਥ**—ਕਿਹਾ ਜਾਂਦਾ ਹੈ ਕਿ ਫ਼ਰੀਦ ਜੀ ਨੇ ਭਾਰੀ ਤਪੱਸਿਆ ਕੀਤੀ ਸਰੀਰ ਸੁੱਕ ਕੇ ਪਿੰਜਰ ਹੋ ਗਿਆ, ਸਾਹ ਸਤ ਨ ਰਿਹਾ ਕਾਂ ਤਲੀਆਂ ਵਿਚ ਠੂੰਗੇ ਮਾਰਨ ਲਗ ਪਏ। ਇਸ ਹਾਲਤ ਵਿਚ ਫ਼ਰੀਦ ਜੀ ਕਹਿੰਦੇ ਹਨ ਕਿ ਦੇਖੋ ਬੰਦੇ ਦੀ ਕਿਸਮਤ ਕਿਹੀ ਹੈ ਕਿ ਐਡੀ ਤਪੱਸਿਆ ਕਰਨ ਕਰਕੇ ਵੀ ਰੱਬ ਨਹੀਂ ਮਿਲਿਆ।

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥

(ਕਰੰਗ—ਪਿੰਜਰ। ਪਿਰ—ਪਿਆਰਾ )

**ਅਰਥ**—(ਕਠਨ ਤਪੱਸਿਆ ਕਰਨ ਵੇਲੇ ਜਦ ਕਾਂ ਸਰੀਰ ਨੂੰ ਠੂੰਗਦੇ ਸਨ; ਤਾਂ ਫ਼ਰੀਦ ਜੀ ਕਾਵਾਂ ਨੂੰ ਸੰਬੋਧਨ ਕਰਕੇ ਕਹਿੰਦੇ ਹਨ) ਕਿ ਹੇ ਕਾਂਵੋਂ ਤੁਸੀਂ ਸਾਰਾ ਪਿੰਜਰ ਫੋਲਿਆ ਹੈ ਅਤੇ ਮਾਸ ਖਾਧਾ ਹੈ, ਪਰ ਇਨ੍ਹਾਂ ਦੋਹਾਂ ਅੱਖਾਂ ਨੂੰ ਨਾ ਛੂਹਣਾ ਕਿਉਂਕਿ ਸਾਨੂੰ ਇਨ੍ਹਾਂ ਦੋਹਾਂ ਅੱਖਾਂ ਨਾਲ ਪਿਆਰੇ ਦੇ ਦਰਸ਼ਨ ਹੋ ਜਾਣ ਦੀ ਆਸ ਹੈ।

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥

ਚੂੰਡਿ—ਠੂੰਗਾ। ਤਿਦੂ—ਤਿਸ ਦਾ।

**ਅਰਥ**—ਕਾਂਵਾਂ ਮੇਰੇ ਸਰੀਰ ਦੇ ਪਿੰਜਰ ਨੂੰ ਠੂੰਗ ਨਾ, ਜੇ ਪਿੰਜਰ ਵਿਚ

ਵਸਦਾ ਹੈਂ ਤਾਂ ਉਡ ਜਾਹ, ਜਿਸ ਪਿੰਜਰ ਵਿਚ ਮੇਰਾ ਮਾਲਕ ਵਸਦਾ ਹੈ ਉਸਦਾ ਮਾਸ ਨਾ ਖਾਹ।

**ਭਾਵ ਅਰਥ**—ਇਸ ਸਲੋਕ ਤੋਂ ਪਰਤੀਤ ਹੁੰਦਾ ਹੈ ਕਿ ਫਰੀਦ ਜੀ ਗਿਆਨ ਤੇ ਪ੍ਰਾਪਤੀ ਦੀ ਹਾਲਤ ਵਿਚ ਕਾਂ ਨੂੰ ਕਹਿੰਦੇ ਹਨ ਕਿ ਹੇ ਕਾਂਵਾਂ ਮੇਰੇ ਸ਼ਰੀਰ ਵਿਚ ਮੇਰਾ ਮਾਲਕ ਵੱਸਦਾ ਹੈ, ਇਸ ਲਈ ਇਸ ਨੂੰ ਠੂੰਗੋ ਨਾ, ਸਗੋਂ ਜੇ ਤੁਸੀਂ ਇਸਦੇ ਕਲ ਹੋ ਤਾਂ ਉੱਡ ਜਾਵੋ।

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੯੩॥

ਗੋਰ—ਕਬਰ। ਸਡ ਕਰੇ – ਆਵਾਜ਼ਾਂ ਦੇਂਦੀ ਹੈ।
ਸਰਪਰ—ਜ਼ਰੂਰ ਹੀ।

**ਅਰਥ**—ਫਰੀਦਾ ਨਿਮਾਣੀ ਕਬਰ ਆਵਾਜ਼ਾਂ ਦੇਂਦੀ ਹੈ ਕਿ ਹੇ ਨਿਘਰਿਓ ! ਤੁਸੀਂ ਆਪਣੇ ਘਰ ਆਓ। ਅੰਤ ਨੂੰ ਤੁਸੀਂ ਮੇਰੇ ਕੋਲ ਹੀ ਆਉਣਾ ਹੈ ਮੌਤ ਕੋਲੋਂ ਨਾ ਡਰੋ।

**ਭਾਵ ਅਰਥ**—ਇਸ ਸਲੋਕ ਵਿਚ ਦਸਿਆ ਹੈ ਕਿ ਜੀਵ ਆਪਣੇ ਘਰ (ਸੱਚ ਸਰੂਪ) ਨੂੰ ਭੁੱਲਾ ਹੋਇਆ ਫਿਰਦਾ ਹੈ, ਅੰਤ ਮਰਨ ਤੋਂ ਡਰਦਾ ਹੈ। ਸੋ ਅੰਤ ਨੂੰ ਤਾਂ ਮਰਨਾ ਹੀ ਹੈ, ਫੇਰ ਡਰਨਾ ਕਿਸ ਲਈ ਹੋਇਆ ?

ਏਨੀ ਲੋਇਣੀ ਦੇਖਦਿਆਂ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥

**ਅਰਥ**—ਫਰੀਦਾ ਇਨ੍ਹਾਂ ਅੱਖਾਂ ਨਾਲ ਦੇਖਦਿਆਂ ਕਿੰਨੀ ਖਲਕਤ (ਇਸ ਦੁਨੀਆਂ ਵਿਚੋਂ) ਚਲੀ ਗਈ ਹੈ। ਲੋਕਾਂ ਨੂੰ ਆਪੋ ਆਪਣੀ ਪਈ ਹੋਈ ਹੈ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਖ਼ਲਕਤ ਨੂੰ ਮੁਰਦਿਆਂ ਦੇਖ ਕੇ ਲੋਕਾਂ ਨੂੰ ਆਪਣਾ, ਆਪਣੇ ਟੱਬਰ ਤੇ ਕਾਰ ਵਿਹਾਰ ਦਾ ਫਿਕਰ ਲੱਗਾ ਹੋਇਆ ਹੈ ਕਿ ਮਾਲਕ ਕੋਲ ਕਿਸ ਮੂੰਹ ਨਾਲ ਜਾਵਾਂਗਾ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥

**ਅਰਥ**—ਫ਼ਰੀਦ ਜੀ ਵੀ ਦੱਸਦੇ ਹਨ ਕਿ ਰੱਬ ਕਹਿੰਦਾ ਹੈ ਕਿ ਜੇ ਤੂ ਆਪਣੇ ਆਪ ਨੂੰ ਚੰਗਾ ਬਣਾ ਲਵੇਂ ਤਾਂ ਮੈਨੂੰ ਮਿਲ ਸਕਦਾ ਹੈਂ, ਤੇ ਮੈਨੂੰ ਮਿਲਣ ਨਾਲ ਸੁਖ ਹੁੰਦਾ ਹੈ। ਇਸ ਲਈ ਜੇ (ਤੂੰ ਦੁਨੀਆਂ ਦਾ ਮੋਹ ਛੱਡ ਕੇ) ਮੇਰਾ ਹੋ ਜਾਵੇਂ ਤਾਂ ਸਾਰਾ ਜੱਗ ਤੇਰਾ ਹੋ ਜਾਵੇਗਾ, ਅਰਥਾਤ ਜੇ ਤੂੰ ਮੇਰੇ ਨਾਲ ਪਿਆਰ ਕਰੇਂ ਤਾਂ ਸਾਰੇ ਲੋਕ ਤੇਰੇ ਨਾਲ ਪਿਆਰ ਕਰਨ ਲੱਗ ਪੈਣਗੇ !

ਕੰਧੀ ਉਤੇ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥

ਕੰਧੀ—ਕੰਢੇ। ਬੰਨੇ ਧੀਰੁ—ਟਿਕਿਆ ਰਹੇਗਾ।

**ਅਰਥ**—(ਨਦੀ ਦੇ) ਕੰਢੇ ਉਤੇ ਰੁਖ ਕਿੰਨਾ ਕੁ ਚਿਰ ਟਿਕਿਆ ਰਹੇਗਾ ? ਫ਼ਰੀਦਾ ਕੱਚੇ ਭਾਂਡੇ ਵਿਚ ਕਿੰਨਾ ਚਿਰ ਪਾਣੀ ਰਖਿਆ ਜਾ ਸਕਦਾ ਹੈ।

**ਭਾਵ ਅਰਥ**—ਫ਼ਰੀਦ ਜੀ ਦਸਦੇ ਹਨ ਕਿ ਇਹ ਸਰੀਰ ਨਦੀ ਦੇ ਕੰਢੇ ਦੇ ਰੁਖ ਵਾਂਗ ਹੈ, ਜਾਂ ਕੱਚੇ ਭਾਂਡੇ ਵਾਂਗ ਹੈ। ਇਸ ਉਤੇ ਆਸ ਨਹੀਂ ਰਖਣੀ ਚਾਹੀਦੀ। ਇਹ ਅਜ ਜਾਂ ਕਲ ਨਾਸ ਹੋ ਜਾਵੇਗਾ।

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥
ਗੋਰਾਂ ਸ ਨਿਮਾਣੀਆ ਬਹਸਨਿ ਰੂਹਾਂ ਮਲਿ ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥

ਨਿਸਖਣ—ਖਾਲੀ। ਤਲਿ—ਧਰਤੀ ਤੇ।

**ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਧਰਤੀ ਵਿਚ (ਕਬਰ ਵਿਚ) ਵਾਸ ਹੋ ਗਿਆ ਹੈ ਤੇ ਮਹੱਲ ਖਾਲੀ ਰਹਿ ਗਏ ਹਨ। ਨਿਮਾਣੀਆਂ ਕਬਰਾਂ ਰੂਹਾਂ ਮੱਲ ਕੇ ਬਹਿ ਜਾਣਗੀਆਂ। (ਇਸ ਲਈ) ਹੇ ਸ਼ੇਖ ਫ਼ਰੀਦ ਰੱਬ ਦਾ ਨਾਮ ਜਪ, ਅੱਜ ਜਾਂ ਕੱਲ ਏਥੋਂ ਚਲੇ ਜਾਣਾ ਹੈ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜੀਵਾਂ ਦੇ ਜਾਣ ਕਰ ਕੇ ਮਹੱਲ ਖਾਲੀ ਹੋ ਗਏ ਹਨ। ਇਸ ਲਈ ਨਾਮ ਜਪ ਲਉ ਪਤਾ ਨਹੀਂ ਅੱਜ ਜਾਂ ਕਲ ਇਸ ਸੰਸਾਰ ਤੋਂ (ਮਰ ਕੇ) ਚਲੇ ਜਾਣਾ ਹੈ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥

ਬੰਨਾ ਪਾਸਾ। ਦੋਜਕ—ਨਰਕ। ਹੂਲ—ਰੌਲਾ। ਕਾਹਾਹਾ—ਹਾਹਾਕਾਰ। ਅਮਲ—ਕੰਮ। ਓਗਾਹਾ—ਗਵਾਹ।

**ਅਰਥ** ਫਰੀਦਾ, ਮੌਤ ਦਾ ਪਾਸਾ ਇਸ ਤਰ੍ਹਾਂ ਦਿਸਦਾ ਹੈ, ਜਿਸ ਤਰ੍ਹਾਂ ਦਰਿਆ ਨੇ ਢਾਹ ਲਾਈ ਹੁੰਦੀ ਹੈ। ਅੱਗੇ ਨਰਕ ਬਲਦੇ ਸੁਣੀਂਦੇ ਹਨ, ਓਥੇ ਹਾਹਾ-ਕਾਰ ਦਾ ਰੌਲਾ ਮੱਚਿਆ ਹੋਇਆ ਹੈ। ਕਈਆਂ ਨੂੰ ਤਾਂ ਸਾਰੀ ਅਕਲ ਆ ਗਈ ਹੈ ਅਤੇ ਕਈ ਬੇ-ਪਰਵਾਹ ਹੋਏ ਫਿਰਦੇ ਹਨ। ਜਿਹੜੇ ਕੰਮ ਦੁਨੀਆ ਵਿਚ ਕੀਤੇ, ਉਹ ਦਰਗਾਹ ਵਿਚ ਗਵਾਹ ਹੋਏ।

**ਭਾਵ ਅਰਥ**—ਫ਼ਰੀਦ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਦਰਿਆ ਨੇ ਢਾਹ ਲਾਈ ਹੁੰਦੀ ਹੈ, ਏਸੇ ਤਰ੍ਹਾਂ ਮੌਤ ਨੇ ਦੁਨੀਆਂ ਨੂੰ ਢਾਹ ਲਾਈ ਹੋਈ ਹੈ। ਨਰਕਾਂ ਵਿਚ ਅੱਗ ਬਲ ਰਹੀ ਹੈ ਤੇ ਨਰਕੀ ਜੀਵਾਂ ਨੇ ਕੁਰਲਾਹਟ ਮਚਾਈ ਹੋਈ ਹੈ। ਕਈਆਂ ਨੂੰ ਤਾਂ ਨਰਕਾਂ ਦੀ ਹਾਹਾਕਾਰ ਸੁਣ ਕੇ ਅਕਲ ਆ ਗਈ ਹੈ ਤੇ ਉਹ ਸ਼ੁਭ ਕੰਮ ਕਰਨ ਤੇ ਨਾਮ ਜਪਣ ਲੱਗ ਪਏ, ਅਤੇ ਕਈ ਫੇਰ ਵੀ ਬੇ-ਪਰਵਾਹ ਹੋਏ ਫਿਰਦੇ ਰਹੇ। ਪਰ ਜਿਨ੍ਹਾਂ ਜਿਨ੍ਹਾਂ ਨੇ ਜਿਸ ਜਿਸ ਤਰ੍ਹਾਂ ਦੇ ਦੁਨੀਆਂ ਵਿਚ ਕੰਮ ਕੀਤੇ ਹਨ, ਉਹ ਦਰਗਾਹ ਵਿਚ ਸਾਖੀ ਹੋਣਗੇ।

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ ॥੯੯॥

ਕੰਨ੍ਹੈ—ਕੰਢੇ। ਕੇਲ—ਖੇਡਾਂ। ਹੰਝ—ਹੰਸ। ਗਾਲੀ—ਗੱਲਾਂ।

**ਅਰਥ** – ਫ਼ਰੀਦਾ, ਦਰਿਆ ਦੇ ਕੰਢੇ ਉਤੇ ਬੈਠਾ ਬਗਲਾ ਕਲੋਲ ਤੇ ਖੇਡਾਂ ਕਰਦਾ ਹੈ। ਖੇਡਾਂ ਕਰਦੇ ਹੰਸ ਨੂੰ ਅਚਨਚੇਤ ਬਾਜ ਆ ਪਏ। ਰੱਬ ਵਲੋਂ ਭੇਜੇ ਬਾਜ਼ ਜਦੋਂ ਪਏ ਪਏ ਤਾਂ ਸਾਰੀਆਂ ਖੇਡਾ ਭੁਲ ਗਈਆਂ। ਜਿਹੜੀਆਂ ਚਿੱਤ ਚੇਤੇ ਵੀ ਨਹੀਂ ਸਨ, ਉਹ ਰੱਬ ਦੀਆਂ ਗੱਲਾਂ ਹਨ।

**ਭਾਵ ਅਰਥ** --ਇਹ ਜੀਵ ਸੰਸਾਰ ਵਿਚ ਮਨ ਆਈਆਂ ਮੌਜਾਂ ਮਾਣਦਾ ਹੈ, ਅਨੰਦ ਮਾਣਦੇ ਨੂੰ ਮੌਤ ਆ ਝਪਟਦੀ ਹੈ, ਜਿਸ ਦਾ ਚਿਤ ਚੇਤਾ ਵੀ ਨਹੀਂ ਹੁੰਦਾ। ਜਦੋਂ ਮੌਤ ਆਉਂਦੀ ਹੈ, ਸਾਰੀਆਂ ਖੇਡਾਂ ਭੁੱਲ ਜਾਂਦੀਆਂ ਹਨ। ਜਿਹੜੀਆਂ ਗੱਲਾਂ ਚਿਤ ਚੇਤੇ ਨਹੀਂ ਹੁੰਦੀਆਂ ਰੱਬ ਉਹ ਗੱਲਾਂ ਕਰਦਾ ਹੈ।

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ੍ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ੍ ॥
ਤਿਨਾ ਪਿਆਰਿਆਂ ਭਾਈਆਂ ਅਗੈ ਦਿਤਾ ਬੰਨਿ੍ ॥
ਵੇਖਹੁ ਬੰਦਾ ਚਲਿਆ ਚਹੁ ਜਣਿਆਂ ਦੈ ਕੰਨਿ੍ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ।੧੦੦

ਵਤਿ ਅਸੂਣੀ – ਹੋਰ ਆਸਾ। ਕੰਨ – ਮੋਢੇ।

**ਅਰਥ**—ਫ਼ਰੀਦ ਜੀ ਦੱਸਦੇ ਹਨ ਕਿ ਮਨੁੱਖ ਦੀ ਸਾਢੇ ਤ੍ਰਿੰਨ ਮਣ (ਕੱਚੀ) ਦੇਹ ਅੰਨ ਤੇ ਪਾਣੀ ਦੇ ਆਸਰੇ ਤੁਰੀ ਫਿਰਦੀ ਹੈ। ਬੰਦਾ ਦੁਨੀਆਂ ਵਿਚ ਹੋਰ ਕਈ ਤਰ੍ਹਾਂ ਦੀਆਂ ਆਸਾਂ ਬੰਨ੍ਹ ਕੇ ਆਇਆ ਹੈ। ਜਦੋਂ ਮੌਤ ਦੇ ਫਰਿਸ਼ਤੇ ਨੇ ਆਉਣਾ ਹੈ ਸਾਰੇ ਬੂਹੇ ਭੰਨ ਕੇ ਆ ਜਾਣਾ ਹੈ। ਫੇਰ ਵੇਖ ਇਹੋ ਬੰਦਾ ਚਹੁੰ ਜਣਿਆਂ ਦੇ ਮੋਢੇ ਤੇ (ਅਰਥੀ ਵਿਚ) ਚੜ੍ਹ ਕੇ ਜਾਂਦਾ ਹੈ। ਬੰਦੇ ਨੇ ਜਿਹੜੇ (ਸ਼ੁਭ) ਕੰਮ ਦੁਨੀਆਂ ਵਿਚ ਕੀਤੇ ਹੁੰਦੇ ਹਨ, ਉਹ ਦਰਗਾਹ ਵਿਚ ਕੰਮ ਆਉਂਦੇ ਹਨ।

ਫਰੀਦਾ ਹਉ ਬਲਿਹਾਰੀ ਤਿਨ੍ਾ ਪੰਖੀਆ ਜੰਗਲ ਜਿਨ੍ਾ ਵਾਸੁ ।
ਕਕਰੁ ਚੁਗਨਿ ਥਲਿ ਵਸਨਿ੍ ਰਬ ਨ ਛੋਡਨਿ੍ ਪਾਸੁ ॥੧੦੧॥

**ਅਰਥ**—ਫਰੀਦਾ ਮੈਂ ਉਨ੍ਹਾ ਪੰਛੀਆਂ ਤੋਂ ਕੁਰਬਾਨ ਹਾਂ ਜਿਨ੍ਹਾਂ ਦਾ ਜੰਗਲ ਵਿਚ ਵਾਸਾ ਹੈ। ਕੰਕਰ ਚੁਗਦੇ ਹਨ, ਜਮੀਨ ਤੇ ਰਹਿੰਦੇ ਹਨ ਤੇ ਰੱਬ ਦਾ ਪਾਸਾ ਨਹੀਂ ਛਡਦੇ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਮੈਂ ਉਨ੍ਹਾਂ ਪੰਛੀਆਂ ਅਥਵਾ ਮਹਾਤਮਾ ਤੋਂ ਬਲਿਹਾਰ ਹਾਂ ਜਿਹੜੇ ਜੰਗਲ ਵਿਚ ਵਸਦੇ ਹਨ। ਕੰਦ ਮੂਲ ਚੁਗ ਕੇ ਖਾਂਦੇ ਹਨ, ਜ਼ਮੀਨ ਤੇ ਰਹਿੰਦੇ ਹਨ ਅਤੇ ਰੱਬ ਦਾ ਪਾਸਾ ਨਹੀਂ ਛਡਦੇ ਸਗੋਂ ਰੱਬ ਦਾ ਨਾਮ ਜਪਦੇ ਰਹਿੰਦੇ ਹਨ।

### ਫਰੀਦ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
### ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥

**ਅਰਥ**—ਫ਼ਰੀਦਾ ਬਹਾਰ ਬਦਲ ਗਈ ਹੈ, ਜੰਗਲ ਕੰਬਿਆ ਹੈ, ਪੱਤੇ ਝੜ ਝੜ ਪੈਂਦੇ ਹਨ। (ਦੁਨੀਆ) ਦੇ ਚਾਰੇ ਪਾਸੇ ਲੱਭ ਮਾਰੇ ਹਨ, ਪਰ ਰਹਿਣ ਨੂੰ ਕਿਤੇ ਵੀ ਥਾਂ ਨਹੀਂ।

**ਭਾਵ ਅਰਥ**—ਫਰੀਦ ਜੀ ਕਹਿੰਦੇ ਹਨ ਕਿ ਜਵਾਨੀ ਦਾ ਸਮਾਂ ਚਲਾ ਗਿਆ ਹੈ ਅੰਗ ਕਮਜ਼ੋਰ ਹੋ ਗਏ ਹਨ। ਆਪਣੀ ਵਲੋਂ ਬੜੀ ਹੀ ਵਾਹ ਲਾਈ (ਹਕੀਮਾਂ ਡਾਕਟਰਾਂ ਦੇ ਇਲਾਜ ਕਰਾਏ, ਪੁੰਨ ਦਾਨ ਤੇ ਹੋਰ ਕਰਮ ਕਾਂਡ ਕੀਤੇ) ਪਰ ਕੋਈ ਥਾਂ ਇਹੋ ਜਹੀ ਨਹੀ ਲੱਭੀ ਜਿਥੋਂ ਬਚਾ ਹੋ ਸਕੇ।

### ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
### ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥

ਪਟੋਲਾ—ਕੱਪੜਾ। ਕੰਬਲੜੀ—ਕਫਨੀ। ਧਜ—ਲੀਰਾਂ। ਵੇਸ—ਪਹਿਰਾਵਾ।

**ਅਰਥ**—ਫ਼ਰੀਦਾ ਕਪੜੇ ਪਾੜ ਕੇ ਲੀਰਾਂ ਕਰਾਂ ਅਤੇ ਕਫਨੀ ਪਹਿਨ ਲਵਾਂ (ਫ਼ਕੀਰਾਂ ਵਾਲਾ ਵੇਸ ਕਰ ਲਵਾਂ) ਜਿਹੜਾ ਪਹਿਰਾਵਾ ਕਰਨ ਨਾਲ ਮਾਲਕ ਮਿਲੇ, (ਮੈਂ) ਓਹੋ ਵੇਸ ਕਰ ਲਵਾਂ।

**ਮਹਲਾ ੩ ॥**

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥

**ਅਰਥ**—ਫ਼ਰੀਦ ਜੀ ਦੇ ਉਪਰਲੇ ਸਲੋਕ ਦਾ ਸ੍ਰੀ ਗੁਰੂ ਅਮਰ ਦਾਸ ਜੀ ਉੱਤਰ ਦੇਂਦੇ ਹਨ; ਕਿ ਕੱਪੜੇ ਕਿਸ ਲਈ ਪਾੜਨੇ ਹਨ ਅਤੇ ਕਫ਼ਨੀ ਕਿਉਂ ਪਾਉਣੀ ਹੈ ? ਜੇ ਨੀਤ ਸਾਫ਼ ਤੇ ਚੰਗੀ ਹੋਵੇ ਤਾਂ ਉਹ ਮਾਲਕ ਘਰ ਬੈਠਿਆਂ ਹੀ ਮਿਲ ਜਾਂਦਾ ਹੈ (ਫ਼ਕੀਰ ਹੋਣ ਦੀ ਕੋਈ ਲੋੜ ਨਹੀਂ)।

**ਮਹਲਾ ੫ ॥**

ਫਰੀਦਾ ਗਰਬੁ ਜਿਨਾ ਵਡਿਆਈਆ ਧਨਿ ਜੋਬਨਿ ਆਗਾਹ ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥

ਗਰਬੁ—ਹੰਕਾਰ। ਧਣੀ—ਮਾਲਕ।
ਆਗਾਹ—ਬੇਅੰਤ। ਮੀਆਹ—ਮੀਂਹਾਂ ਤੋਂ

**ਅਰਥ** - ਸਤਿਗੁਰੂ ਜੀ ਕਹਿੰਦੇ ਹਨ ਕਿ ਫ਼ਰੀਦਾ ! ਬਹੁਤ ਵਡਿਆਈਆਂ ਦੌਲਤ ਤੇ ਜਵਾਨੀ ਕਰਕੇ ਜਿਹੜੇ ਹੰਕਾਰ ਕਰਦੇ ਹਨ, ਉਹ ਮਾਲਕ ਦੇ ਦਰ ਤੋਂ ਖਾਲੀ ਜਾਂਦੇ ਹਨ, ਜਿਸ ਤਰ੍ਹਾਂ ਉੱਚੇ ਟਿੱਬੇ ਮੀਂਹਾਂ (ਦੇ ਪਾਣੀ) ਤੋਂ ਖਾਲੀ ਰਹਿੰਦੇ ਹਨ। (ਭਾਵ ਟਿੱਬਿਆਂ ਉੱਤੇ ਮੀਂਹਾਂ ਦਾ ਪਾਣੀ ਨਹੀਂ ਟਿਕਦਾ।

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥

ਘਣੇਰਿਆ—ਬਹੁਤੇ। ਠਉਰ—ਟਿਕਾਣਾ।

ਅਰਥ—ਫ਼ਰੀਦਾ ਜਿਨ੍ਹਾਂ ਨੇ (ਰੱਬ ਦਾ) ਨਾਂ ਭੁਲਾ ਛਡਿਆ ਹੈ ਉਨ੍ਹਾਂ ਦੇ ਮੂੰਹ ਡਰਾਉਣੇ ਹਨ, (ਉਨ੍ਹਾਂ ਨੂੰ) ਦੁਨੀਆਂ ਵਿਚ ਬੜੇ ਦੁਖ ਪੈਂਦੇ ਹਨ, ਅਤੇ ਅੱਗੇ ਦਰਗਾਹ ਵਿਚ ਟਿਕਣ ਨੂੰ ਥਾਂ ਨਹੀਂ ਮਿਲਦਾ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਾਰਿਓਹਿ ॥੧੦੭॥

[ਪਿਛਲ ਰਾਤਿ—ਅੰਮ੍ਰਿਤ ਵੇਲੇ]

**ਅਰਥ**—ਫ਼ਰੀਦਾ (ਤੂੰ) ਅੰਮ੍ਰਿਤ ਵੇਲੇ ਨਹੀਂ ਜਾਗਿਆ (ਤੂੰ) ਤਾਂ ਮੋਇਆ ਹੀ ਜੀਊਂਦਿਆਂ ਵਰਗਾ ਹੈਂ। ਜੇ ਤੂੰ ਰੱਬ ਨੂੰ ਭੁਲਾ ਦਿਤਾ ਹੈ ਤਾਂ ਰੱਬ ਨੇ ਤੈਨੂੰ ਨਹੀਂ ਭੁਲਾਇਆ। (ਤੂੰ ਰਬ ਦੀ ਨਜ਼ਰ ਵਿਚ ਹੀ ਹੈਂ।)

**ਮਹਲਾ ੫ ॥**

ਫਰੀਦਾ ਕੰਤੁ ਰੰਗਾਵਲਾ ਵਡਾ ਵੇ ਮੁਹਤਾਜ ॥
ਅਲਹ ਸੇਤੀ ਰਤਿਆ ਏਹੁ ਸਚਾਵਾ ਸਾਜੁ ॥੧੦੮॥

ਰੰਗਾਵਲਾ—ਮੌਜੀ। ਵੇ ਮੁਹਤਾਜ—ਬੇ ਪ੍ਰਵਾਹ।
ਸਚਾਵਾ—ਸੱਚਾ। ਸਾਜੁ—ਢੰਗ ਸਾਧਨ।

**ਅਰਥ**—ਸਤਿਗੁਰੂ ਜੀ ਫੁਰਮਾਉਂਦੇ ਹਨ, ਫ਼ਰੀਦਾ! ਮਾਲਕ (ਰੱਬ) ਬੜਾ ਰੰਗੀਲਾ ਤੇ ਬੜਾ ਬੇ ਪ੍ਰਵਾਹ ਹੈ। ਉਸ ਮਾਲਕ ਦੇ ਨਾਲ ਲੀਨ ਹੋਣਾ ਹੀ (ਉਸ ਨੂੰ ਰੀਝਾਉਣ ਦਾ) ਸੱਚਾ ਸਾਧਨ ਹੈ।

**ਮਹਲਾ ੫ ॥**

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥

**ਅਰਥ**—ਸਤਿਗੁਰੂ ਜੀ ਫੁਰਮਾਉਂਦੇ ਹਨ, ਫ਼ਰੀਦਾ! ਦੁੱਖਾਂ ਤੇ ਸੁੱਖਾਂ ਨੂੰ ਇਕੋ ਜਿਹਾ ਜਾਣੋ ਤੇ ਆਪਣੇ ਦਿਲੋਂ ਔਗੁਣ ਦੂਰ ਕਰੋ। ਜਿਹੜਾ ਰਬ ਨੂੰ ਚੰਗਾ ਲੱਗਦਾ ਹੈ ਉਹ ਚੰਗਾ ਹੈ। (ਰੱਬ ਦੇ ਦਰ ਮਨਜ਼ੂਰ ਹੋਣ ਨਾਲ) ਰੱਬ ਦਾ ਦਰਬਾਰ ਲਭਦਾ ਹੈ।

**ਮਹਲਾ ੫ ॥**

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ।
ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥

[ ਵਜਾਈ ਵਜਦੀ—ਰੀਸੋ ਰੀਸੀ ਕੰਮ ਕਰਦੀ ਹੈ। ]

**ਅਰਥ**—ਫਰੀਦਾ ਦੁਨੀਆਂ ਰੀਸ-ਬਰੀਸੀ ਕੰਮ ਕਰਦੀ ਹੈ ਅਤੇ ਤੂੰ ਵੀ ਦੁਨੀਆਂ ਦੇ ਨਾਲ ਹੀ ਰੀਸ-ਬਰੀਸੀ ਕੰਮ ਕਰਦਾ ਹੈਂ। ਜਿਸ ਦੀ ਸੋਝੀ ਰੱਬ ਲੈਂਦਾ ਹੈ ਉਹ ਦੁਨੀਆਂ ਦੇ ਨਾਲ ਰੀਸ-ਬ-ਰੀਸੀ ਕੰਮ ਨਹੀਂ ਕਰਦੇ।

**ਭਾਵ ਅਰਥ**—ਸਤਿਗੁਰੂ ਜੀ ਕਹਿੰਦੇ ਹਨ ਕਿ ਦੁਨੀਆਂ ਵਿਚ ਭੇਡ-ਚਾਲ ਬਹੁਤ ਹੈ, ਪਰ ਜਿਨ੍ਹਾਂ ਉਤੇ ਰੱਬ ਦੀ ਮਿਹਰ ਹੈ ਉਹ ਦੁਨੀਆਂ ਦੀ ਭੇਡਾ-ਚਾਲ ਵਿਚ ਨਹੀਂ ਫਸਦੇ।

**ਮਹਲਾ ੫ ॥**

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮ ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥ ੧੧੧ ॥

[ਮਿਸਲ—ਮਰਯਾਦਾ। ਗਾਖੜੀ—ਔਖੀ।]

**ਅਰਥ**—ਸਤਿਗੁਰੂ ਜੀ ਕਹਿੰਦੇ ਹਨ ਕਿ ਫਰੀਦਾ! ਦਿਲ ਇਸ ਦੁਨੀਆਂ ਵਿਚ ਰਚਿਆ ਹੋਇਆ ਹੈ (ਪਰ) ਦੁਨੀਆਂ ਕਿਤੇ ਭੀ ਕੰਮ ਨਹੀਂ ਆਉਂਦੀ। ਫਕੀਰਾਂ ਜਾਂ ਮਹਾਤਮਾ ਦੀ (ਰਹਿਣੀ ਬਹਿਣੀ) ਵੀ ਬੜੀ ਮੁਸ਼ਕਲ ਹੈ, ਜੇ ਪੂਰੇ ਕਰਮ ਹੋਣ ਤਾਂ ਇਹ ਮਰਯਾਦਾ ਪ੍ਰਤੀਤ ਹੁੰਦੀ ਹੈ.

ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥ ੧੧੨ ॥

[ ਪਛਾ—ਪਿਛਲੀ। ਕੰਨੋ—ਕੋਲੋਂ ]

**ਅਰਥ**—ਰਾਤ ਦੇ ਪਹਿਲੇ ਪਹਿਰ ਵਿਚ ਫੁੱਲ ਲਗਦਾ ਹੈ ਅਤੇ ਪਿਛਲੀ ਰਾਤੇ ਫਲ ਵੀ ਲਗਦਾ ਹੈ, ਜਿਹੜੇ ਜਾਗਦੇ ਹਨ ਉਹ ਰੱਬ ਪਾਸੋਂ ਦਾਤ ਲੈਂਦੇ ਹਨ।

**ਭਾਵ ਅਰਥ**—ਰਾਤ ਦੇ ਪਹਿਲੇ ਪਹਿਰ ਵਿਚ ਨਾਮ ਜਪਣ ਨਾਲ ਮਨ ਇਕਾਗਰ ਹੋਣ ਲਗਦਾ ਹੈ ਅਤੇ ਹਿਰਦੇ ਵਿਚ ਈਸ਼ਵਰ ਦੇ ਮੇਲ ਦੀ ਆਸ ਹੋ ਜਾਂਦੀ ਹੈ ਅਤੇ ਪਿਛਲੀ ਰਾਤੇ ਨਾਮ ਰੂਪੀ ਫਲ ਵੀ ਪ੍ਰਾਪਤ ਹੋ ਜਾਂਦਾ ਹੈ। ਪਰ ਜਿਹੜੇ

ਰਾਤ ਨੂੰ ਜਾਗਦੇ ਰਹਿੰਦੇ ਹਨ ਅਤੇ ਨਾਮ ਜਪਦੇ ਹਨ, ਉਹ ਰੱਬ ਪਾਸੋਂ ਨਾਮ ਰੂਪੀ ਦਾਤ ਲੈਂਦੇ ਹਨ।

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥**
**ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ ॥੧੧੩॥**

**ਅਰਥ**—(ਸਭ) ਦਾਤਾਂ ਮਾਲਕ ਦੀਆਂ ਹਨ, ਉਸ ਮਾਲਕ ਨਾਲ ਕੀ (ਜ਼ੋਰ) ਚੱਲਦਾ ਹੈ। ਇਕ ਤਾਂ ਜਾਗਦਿਆਂ ਵੀ ਦਾਤਾਂ ਨਹੀਂ ਲੈਂਦੇ ਅਤੇ ਕਈਆਂ ਨੂੰ ਉਹ ਸੁਤਿਆਂ ਨੂੰ ਉਠਾਲ ਕੇ ਦਾਤਾਂ ਦੇਂਦਾ ਹੈ। (ਇਸ ਲਈ ਇਹ ਜ਼ਰੂਰੀ ਨਹੀਂ ਕਿ ਰਾਤ ਜਾਗ ਕੇ ਨਾਮ ਜਪਿਆ ਜਾਵੇ, ਸਗੋਂ ਹਰ ਸਮੇਂ ਹੀ ਨਾਮ ਜਪਿਆ ਜਾ ਸਕਦਾ ਹੈ।)

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥**
**ਜਿਨ੍ਹਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ ॥ ੧੧੪ ॥**

[ ਕੋਰ—ਕਾਣ, ਨੁਕਸ। ਝਾਕ—ਚਾਹ, ਪ੍ਰਵਾਹ ]

**ਅਰਥ**—(ਐ) ਸੁਹਾਗ ਨੂੰ ਲੱਭਣ ਵਾਲੀਏ, ਤੇਰੇ ਸਰੀਰ ਵਿਚ ਹੀ ਕੋਈ ਕਾਣ ਹੈ। ਜਿਨ੍ਹਾਂ ਦਾ ਨਾਂ ਸੁਹਾਗਣੀ ਹੈ ਉਨ੍ਹਾਂ ਨੂੰ ਕਿਸੇ ਹੋਰ ਦੀ ਚਾਹ ਨਹੀਂ ਹੁੰਦੀ।

**ਭਾਵ ਅਰਥ**—ਐ ਰੱਬ ਰੂਪ ਪਤੀ ਨੂੰ ਲੱਭਣ ਵਾਲੇ (ਜੇ ਤੈਨੂੰ ਰੱਬ ਨਹੀਂ ਮਿਲਦਾ ਤਾਂ) ਤੇਰੇ ਆਪਣੇ ਵਿਚ ਕੋਈ ਨੁਕਸ ਹੈ। ਜਿਹੜੇ ਇਕ ਰੱਬ ਦੇ ਹੀ ਹੋਏ ਹਨ ਉਹ ਦੁਨੀਆਂ ਜਾਂ ਕਿਸੇ ਹੋਰ ਪਾਸੇ ਨਹੀਂ ਤੱਕਦੇ ਓਨ੍ਹਾਂ ਦੀ ਸਿਰਫ ਇਕ ਰੱਬ ਤੇ ਹੀ ਆਸ ਹੁੰਦੀ ਹੈ।

**ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ ॥**
**ਸਬਰ ਸੰਦਾ ਬਾਣੁ ਖਾਲਕੁ ਖਤਾ ਨਾ ਕਰੀ ॥ ੧੧੫ ॥**

[ ਮੰਝਿ—ਵਿਚ। ਨੀਹਣੋ—ਚਿੱਲਾ। ਖਤਾ—ਖਾਲੀ, ਉੱਕਣਾ ]

**ਅਰਥ**—(ਇਸ ਮਨ ਵਿਚ) ਸਬਰ ਦੀ ਕਮਾਣ ਹੈ ਅਤੇ ਸਬਰ ਦਾ ਚਿੱਲਾ ਹੈ, ਸਬਰ ਦਾ ਹੀ ਤੀਰ ਹੈ, ਜੋ ਰੱਬ ਖਾਲੀ ਨਹੀਂ ਜਾਣ ਦੇਂਦਾ।

**ਭਾਵ ਅਰਥ**—ਦੁਨੀਆਂ ਵਿਚ ਸਬਰ ਬੜੀ ਚੰਗੀ ਚੀਜ਼ ਹੈ, ਇਸ ਦਾ ਅਸਰ ਰੱਬ ਕਦੀ ਵੀ ਖਾਲੀ ਨਹੀਂ ਜਾਣ ਦੇਂਦਾ।

## ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍ ॥
## ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧੧੬ ॥

ਸਾਬਰੀ—ਸਬਰ ਵਾਲੇ। ਏਵੈ—ਇਸ ਤਰ੍ਹਾਂ।

**ਅਰਥ**—ਸਬਰ ਕਰਨ ਵਾਲੇ ਸਬਰ ਵਿਚ ਇਸ ਤਰ੍ਹਾਂ ਆਪਣੇ ਸਰੀਰ ਨੂੰ ਸਾੜਦੇ ਹਨ। (ਸਬਰ ਵਿਚ ਕਈ ਤਰ੍ਹਾਂ ਨਾਲ ਆਪਣੇ ਮਨ ਨੂੰ ਕੋਸਦੇ ਹਨ)। (ਇਸ ਲਈ) ਸਬਰ ਕਰਨ ਵਾਲੇ ਰੱਬ ਦੇ ਨੇੜੇ ਪੁਜ ਜਾਂਦੇ ਹਨ ਅਤੇ ਕਿਸੇ ਨੂੰ ਵੀ (ਇਸ ਗੱਲ ਦਾ) ਭੇਤ ਨਹੀਂ ਦੇਂਦੇ।

**ਭਾਵ ਅਰਥ**—ਸਬਰ ਕਰਨ ਵਾਲੇ ਆਪਣੇ ਦਿਲ ਨੂੰ ਕਈ ਤਰ੍ਹਾਂ ਦੇ ਦੁਖ਼ ਦੇ ਕੇ ਸਬਰ ਕਰਦੇ ਹਨ, ਪਰ ਸਬਰ ਕਰ ਕੇ ਉਹ ਰੱਬ ਨੂੰ ਮਿਲ ਜਾਂਦੇ ਹਨ, ਪਰ ਇਸ ਗੱਲ ਦਾ ਭੇਤ ਕਿਸੇ ਨੂੰ ਨਹੀਂ ਦੇਂਦੇ।

## ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜ੍ਹ ਕਰਹਿ ॥
## ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥ ੧੧੭ ॥

ਸੁਆਉ—ਲਾਭ ਪ੍ਰਯੋਜਨ। ਵਾਹੜਾ—ਨਾਲਾ।

**ਅਰਥ**—ਫਰੀਦਾ (ਸਬਰ ਕਰਨ ਦਾ) ਇਹ (ਉਪਰਲੇ ਸਲੋਕ ਵਿਚ ਦੱਸਿਆ) ਲਾਭ ਹੈ, ਪਰ ਹੇ ਬੰਦਿਆ! ਜੇ ਤੂੰ ਪੱਕੀ ਤਰ੍ਹਾਂ ਸਬਰ ਕਰੇਂ (ਤਾਂ ਤੂੰ) ਵਧ ਕੇ ਦਰਿਆ ਹੋ ਜਾਵੇਂ। (ਇਸ ਲਈ ਤੂੰ ਸਬਰ ਨੂੰ ਤੋੜੀਂ ਨਾ) ਨਹੀਂ ਤਾਂ ਛੋਟਾ ਜਿਹਾ ਨਾਲਾ ਬਣ ਜਾਵੇਂਗਾ।

## ਫਰੀਦਾ ਦਰ ਦਰਵੇਸੀ ਗਾਖੜੀ ਚੋਪੜੀ ਪਰੀਤਿ ॥
## ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥

ਗਾਖੜੀ—ਔਖੀ। ਚੋਪੜੀ—ਦਿਖਾਵੇ ਦੀ।

ਇਕਨਿ—ਇਕ ਨਹੀਂ। ਦਰਵੇਸਾਵੀ—ਦਰਵੇਸਾਂ ਵਰਗੀ।

**ਅਰਥ**—ਫਰੀਦਾ ਫਕੀਰੀ ਦਾ ਦਰ (ਦਰਵਾਜ਼ਾ) ਔਖਾ ਹੈ ਅਤੇ ਦਿਖਾਵੇ ਦੀ ਪ੍ਰੀਤੀ ਹੈ। (ਅਜਿਹਾ) ਇਕ ਵੀ ਨਹੀਂ ਜਿਹੜਾ ਕਦੀ ਫਕੀਰਾਂ ਵਾਲੀ ਰੀਤੀ ਤੇ ਚਲਿਆ ਹੈ।

**ਭਾਵ ਅਰਥ**—ਦੁਨੀਆਂ ਵਿਚ ਦਿਖਾਵੇ ਦੇ ਸਾਧ ਬਥੇਰੇ ਹਨ ਕਿਉਂਕਿ ਸਾਧ ਹੋਣਾ ਬੜਾ ਔਖਾ ਹੈ। ਇਕ ਵੀ ਨਹੀਂ ਮਿਲਦਾ ਜਿਹੜਾ ਫ਼ਕੀਰੀ ਦੇ ਰਾਹ ਜਾਂਦਾ ਹੋਵੇ।

## ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥
## ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥੧੧੯॥

**ਅਰਥ**—(ਪਿਆਰੇ ਤੋਂ ਬਿਨਾਂ) ਮੇਰਾ ਸਰੀਰ ਤੰਦੂਰ ਵਾਂਗ (ਬ੍ਰਿਹੋਂ ਦੀ ਅੱਗ ਨਾਲ) ਬਲਦਾ ਹੈ ਅਤੇ ਹੱਡ ਬਾਲਣ ਵਾਗ ਬਲਦੇ ਹਨ। ਜੇ ਮੈਨੂੰ ਪਿਆਰਾ ਮਿਲ ਜਾਵੇ ਤਾਂ (ਮੈਂ ਪਿਆਰ ਦੇ ਰਾਹ ਤੇ) ਜੇ ਮੈਂ ਪੈਰਾਂ ਨਾਲ ਤੁਰਦਾ ਥੱਕ ਜਾਵਾਂ ਤਾਂ ਸਿਰ ਪਰਨੇ ਹੋ ਕੇ ਤਰਨ ਲਗ ਪਵਾਂ।

## ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥
## ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥

[ ਪੈਰੀ—ਪੈਰਾਂ। ਫੇੜਿਆ—ਵਿਗਾੜਿਆ। ਨਿਹਾਲ—ਦੇਖ।]

**ਅਰਥ**—(ਉਪਰਲੇ ਸਲੋਕ ਦੇ ਉੱਤਰ ਵਿਚ ਫਰੀਦ ਜੀ ਆਪ ਕਹਿੰਦੇ ਹਨ) ਸਰੀਰ ਨੂੰ ਬਾਲਣ ਵਾਂਗ ਨਾ ਤਪਾ ਅਤੇ ਹੱਡਾਂ ਨੂੰ ਬਾਲਣ ਵਾਂਗ ਨਾ ਬਾਲ ਤੇਰਾ ਸਿਰ ਤੇ ਪੈਰਾਂ ਨੇ ਕੀ ਵਿਗਾੜਿਆ ਹੈ ਤੂੰ ਪਿਆਰੇ ਨੂੰ ਆਪਣੇ ਅੰਦਰ ਵੇਖ।

**ਭਾਵ ਅਰਥ**—ਸਰੀਰ ਨੂੰ ਦੁਖ ਦੇਣ ਨਾਲ ਪਿਆਰਾ ਨਹੀਂ ਮਿਲਦਾ ਸਗੋਂ ਅੰਦਰ ਝਾਤੀ ਮਾਰਨ ਨਾਲ ਪਿਆਰੇ ਦੇ ਦਰਸ਼ਨ ਹੁੰਦੇ ਹਨ।

## ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥
## ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥

ਢੂਢੇਦੀ—ਲੱਭਦੀ। ਸਜਣਾ—ਰੱਬ ਨੂੰ।
ਅਲਖੁ—ਨਾ ਜਾਣਿਆ ਜਾਣ ਵਾਲਾ ਰੱਬ।

**ਅਰਥ**—ਸਤਿਗੁਰੂ ਜੀ ਫਰਮਾਉਂਦੇ ਹਨ ਕਿ ਮੈਂ ਰੱਬ ਨੂੰ (ਬਾਹਰ) ਲੱਭਦਾ ਫਿਰਦਾ ਹਾਂ (ਪਰ) ਰੱਬ ਮੇਰੇ ਨਾਲ ਹੈ। ਉਹ ਅਲਖ ਪ੍ਰਮਾਤਮਾ (ਐਵੇਂ) ਜਾਣਿਆ ਨਹੀਂ ਜਾਂਦਾ, ਕੋਈ ਗੁਰਮੁਖ (ਸੱਚਾ ਸਤਿਗੁਰੂ) ਹੀ ਦਿਖਾਲ ਦੇਂਦਾ ਹੈ।

**ਭਾਵ ਅਰਥ**—ਸਤਿਗੁਰੂ ਜੀ ਫਰਮਾਉਂਦੇ ਹਨ ਕਿ ਰੱਬ ਲੱਭਿਆਂ ਨਹੀਂ ਲੱਭਦਾ ਉਹ ਤਾਂ ਹਰ ਵੇਲੇ ਜੀਵ ਦੇ ਨਾਲ ਹੀ ਰਹਿੰਦਾ ਹੈ, ਪਰ ਜੀਵ ਉਸ ਨੂੰ ਪ੍ਰਤੀਤ ਨਹੀਂ ਕਰਦਾ। ਜੇ ਸਤਿਗੁਰੂ ਮਿਹਰ ਕਰੇ ਤਾਂ ਉਹ ਰੱਬ ਦੇ ਦਰਸ਼ਨ ਕਰਵਾ ਸਕਦਾ ਹੈ।

ਹਸਾ ਦੇਖਿ ਤਰੰਦਿਆ ਬਗਾਂ ਆਇਆ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥

[ਬਗ—ਬਗਲੇ। ਬਪੁੜੇ—ਵਿਚਾਰੇ।]

**ਅਰਥ**—ਹੰਸਾਂ ਨੂੰ ਤਰਦਿਆਂ ਦੇਖ ਕੇ ਬਗਲਿਆਂ ਨੂੰ ਵੀ ਚਾਅ ਆਇਆ। ਵਿਚਾਰੇ ਸਿਰ ਹੇਠਾਂ ਤੇ ਪੈਰ ਉੱਪਰ ਹੋ ਕੇ ਡੁੱਬ ਕੇ ਮਰ ਗਏ।

**ਭਾਵ ਅਰਥ**—ਮਹਾਤਮਾ ਨੂੰ ਸੰਸਾਰ ਸਾਗਰ ਵਿਚੋਂ ਤਰਦਿਆਂ ਦੇਖ ਕੇ ਪਖੰਡੀਆਂ ਨੂੰ ਵੀ ਚਾਅ ਆ ਗਿਆ ਕਿ ਅਸੀਂ ਵੀ ਮਹਾਤਮਾ ਦੀ ਰੀਸ ਕਰਕੇ ਤਰ ਜਾਈਏ। ਪਰ ਉਹ ਭਗਤੀ ਦੇ ਰਾਹ ਉਤੇ ਪੂਰੇ ਨਾ ਉਤਰ ਸਕੇ ਅਤੇ ਬੜੀ ਦੁਰਗਤੀ ਨਾਲ ਮੋਏ।

ਮੈ ਜਾਨਿਆ ਵਡਹੰਸੁ ਹੈ ਤਾ ਮੈ ਕੀਆ ਸੰਗੁ ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥

**ਅਰਥ**—ਮੈਂ ਸਮਝਿਆ ਸੀ ਕਿ ਇਹ (ਪਖੰਡੀ ਸਾਧ) ਕੋਈ ਬੜਾ ਭਾਰਾ ਮਹਾਤਮਾ ਹੈ, ਇਸ ਵਾਸਤੇ ਮੈਂ ਇਸ ਦੀ ਸੰਗਤ ਕੀਤੀ ਸੀ। ਜੇ ਮੈਨੂੰ ਪਤਾ ਹੁੰਦਾ ਕਿ ਇਹ ਵਿਚਾਰਾ ਪਾਖੰਡੀ ਹੈ ਤਾਂ ਜਨਮ ਭਰ ਇਸ ਦੇ ਨੇੜੇ ਨਾ ਜਾਂਦਾ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇ ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥

**ਅਰਥ**—ਸਤਿਗੁਰੂ ਜੀ ਫਰੀਦ ਜੀ ਦੇ ਉਪਰਲੇ ਸਲੋਕ ਦਾ ਉੱਤਰ ਦੇਂਦੇ ਹਨ ਕਿ ਭਾਵੇਂ ਕੋਈ ਸਾਧ ਹੋਵੇ ਜਾਂ ਪਖੰਡੀ ਹੋਵੇ; ਜਿਸ ਉਤੇ ਰੱਬ ਦੀ ਨਜ਼ਰ ਹੋ ਜਾਂਦੀ ਹੈ, ਜੇ ਰੱਬ ਦੀ ਮਰਜ਼ੀ ਹੋਵੇ ਤਾਂ ਪਖੰਡੀ ਛਡ ਕੇ ਪਾਪੀ ਨੂੰ ਵੀ ਮਹਾਤਮਾ ਬਣਾ ਦੇਂਦਾ ਹੈ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥

[ਹੇਕੜੋ—ਇੱਕੋ। ਗਡੁ ਥੀਆ—ਫਸ ਗਿਆ।]

**ਅਰਥ**—ਤਲਾਅ ਵਿਚ ਪੰਛੀ ਇਕੋ ਹੈ ਅਤੇ ਫਾਹੀਆਂ ਪਾਉਣ ਵਾਲੇ ਪੰਜਾਹ ਹਨ। ਇਹ ਸਰੀਰ ਲਹਿਰਾਂ ਵਿਚ ਫਸ ਗਿਆ ਹੈ। (ਹੇ) ਸੱਚੇ ਰੱਬ ਤੇਰੀ ਆਸ ਹੈ।

**ਭਾਵ ਅਰਥ**—ਹੇ ਈਸ਼ਵਰ ! ਸੰਸਾਰ ਰੂਪੀ ਸਰੋਵਰ ਵਿਚ ਮੇਰਾ ਜੀਵ ਇਕੱਲਾ ਹੈ ਅਤੇ ਇਸ ਨੂੰ ਫਾਹੀਆਂ ਪਾਉਣ ਵਾਲੇ (ਵਿਸ਼ੇ ਵਿਕਾਰ) ਕਈ ਹਨ। ਇਹ ਜੀਵ ਆਤਮਾ ਵਾਸ਼ਨਾ ਦੀਆਂ ਲਹਿਰਾਂ ਵਿਚ ਫਸ ਗਿਆ ਹੈ। ਹੁਣ ਤੇਰੇ ਉਤੇ ਡੋਰੀ ਹੈ, ਜੇ ਤੂੰ ਏਸ ਫਾਹੀ ਵਿਚੋਂ ਕੱਢ ਲਵੇਂ।

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥

**ਅਰਥ**—ਫਰੀਦ ਜੀ ਸਤਿਗੁਰੂ ਜੀ ਅੱਗੇ ਪ੍ਰਸ਼ਨ ਕਰਦੇ ਹਨ ਕਿ ਉਹ ਕਿਹੜਾ ਅੱਖਰ ਹੈ, ਕਿਹੜਾ ਗੁਣ ਹੈ, ਕਿਹੜਾ ਉਹ ਕੀਮਤੀ ਮੰਤਰ ਹੈ, ਮੈਂ ਕਿਸ ਤਰ੍ਹਾਂ ਦਾ ਵੇਸ ਕਰਾਂ ਜਿਸ ਕਰਕੇ ਮੇਰਾ ਮਾਲਕ ਮੇਰੇ ਵੱਸ ਵਿਚ ਆ ਜਾਵੇ। (ਭਾਵ ਮੈਂ ਕਿਹੜਾ ਯਤਨ ਤੇ ਭੇਖ ਕਰਾਂ ਜਿਸ ਕਰਕੇ ਮੈਂ ਰੱਬ ਨੂੰ ਪ੍ਰਾਪਤ ਕਰ ਸਕਾਂ।)

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥੧੨੭॥

ਖਵਣੁ—ਖਿਮਾ। ਮਣੀਆ ਮੰਤੁ—ਸ੍ਰੇਸ਼ਟ ਬਚਨ।

**ਅਰਥ**—(ਫਰੀਦ ਜੀ ਦੇ ਉਪਰਲੇ ਸਲੋਕ ਦਾ ਸਤਿਗੁਰੂ ਜੀ ਉੱਤਰ ਦੇਂਦੇ

ਹਨ) ਕਿ ਨਿਉਣਾ ਅੱਖਰ ਹੈ, ਖਿਮਾ ਰੂਪੀ ਗੁਣ ਹੈ ਅਤੇ ਜ਼ਬਾਨ ਤੋਂ ਮਿੱਠਾ ਬੋਲਣਾ ਸ਼ੁਭ ਮੰਤ੍ਰ ਹੈ। ਹੇ ਭੈਣੇ ਤੂੰ ਇਹ ਤਿੰਨ ਗੱਲਾਂ ਧਾਰਨ ਕਰ ਤਾਂ ਰੱਬ ਰੂਪੀ ਮਾਲਕ ਤੇਰੇ ਵੱਸ ਵਿਚ ਆ ਜਾਵੇਗਾ।

**ਭਾਵ ਅਰਥ** —ਸਤਿਗੁਰੂ ਜੀ ਫਰਮਾਉਂਦੇ ਹਨ ਕਿ ਨਿਮਰਤਾ, ਖਿਮਾ ਤੇ ਜ਼ਬਾਨ ਦੀ ਮਿਠਤ ਅਤੇ ਸ਼ੁਭ ਬਚਨ ਬੋਲਣ ਨਾਲ ਮਾਲਕ (ਰੱਬ) ਵੱਸ ਵਿਚ ਆ ਜਾਂਦਾ ਹੈ।

ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦਾ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਇ ॥੧੨੮॥

**ਅਰਥ**—(ਉਪਰਲੇ ਸਲੋਕ ਵਿਚ ਦੱਸੀ ਨਿਮਰਤਾ ਧਾਰਨ ਸੰਬੰਧੀ ਇਹ ਦਸਦੇ ਹਨ) ਕਿ ਅਕਲ ਹੁੰਦਿਆਂ ਵੀ (ਐਡੀ ਖਿਮਾ ਜਾਂ ਗ਼ੀਬੀ ਧਾਰਨ ਕਰੇ ਕਿ) ਨਿਰਬਲ ਬਣ ਜਾਵੇ ਕੋਲ ਨਾ ਵੀ ਹੋਵੇ ਤਾਂ ਲੋਕਾ ਦੀ ਸਹਾਇਤਾ ਕਰਦਾ ਰਹੇ। ਇਹੋ ਜਿਹੇ ਲੱਛਣਾਂ ਵਾਲਾ ਕੋਈ ਹੋਵੇ ਤਾਂ ਉਹ (ਆਪ ਨੂੰ) ਭਗਤ ਅਖਵਾਵੇ।

**ਭਾਵ ਅਰਥ**—ਇਸ ਸਲੋਕ ਵਿਚ ਅਸਲੀ ਭਗਤ ਦੇ ਲੱਛਣ ਦਸੇ ਹਨ ਕਿ ਉਹ ਅਕਲ ਹੁੰਦਿਆਂ ਵੀ ਅੰਞਾਣਾ ਬਣ ਰਹਿੰਦਾ ਹੈ, ਤਾਕਤ ਹੁੰਦਿਆਂ ਵੀ ਨਿਰਬਲ ਬਣਿਆ ਰਹਿੰਦਾ ਹੈ। ਕੋਲ ਕੁਝ ਵੀ ਨਾ ਹੋਵੇ ਤਾਂ ਵੀ ਦੂਜਿਆਂ ਦੀ ਸਹਾਇਤਾ ਕਰਦਾ ਹੈ। ਇਨ੍ਹਾਂ ਗੁਣਾਂ ਵਾਲੇ ਨੂੰ ਭਗਤ ਅਖਵਾਉਣਾ ਚਾਹੀਦਾ ਹੈ, ਦੂਜੇ ਨੂੰ ਨਹੀਂ।

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

**ਅਰਥ**—ਇੱਕ ਵੀ ਫਿੱਕੀ (ਦੁਖਾਵੀਂ) ਗੱਲ ਨਾ ਕਰ, ਸਾਰਿਆਂ ਵਿਚ ਸੱਚਾ ਮਾਲਕ (ਵੱਸਦਾ) ਹੈ। ਕਿਸੇ ਦਾ ਹਿਰਦਾ ਨਾ ਠਾਹ (ਭੰਨ) ਕਿਉਂਕਿ ਸਾਰੇ ਦਿਲ ਅਮੁਲੇ ਮਾਣਕ (ਜਵਾਹਰ) ਹਨ, ਇਨ੍ਹਾਂ ਨੂੰ ਤੋੜਨਾ (ਦੁਖਾਉਣਾ) ਬਿਲਕੁਲ ਚੰਗਾ ਨਹੀਂ। ਜੇ ਤੈਨੂੰ ਪਿਆਰੇ (ਰੱਬ) ਦੇ ਮਿਲਣ ਦੀ ਬੜੀ ਖਾਹਸ਼ ਹੈ ਤਾਂ ਤੂੰ ਕਿਸੇ ਦਾ ਦਿਲ ਨਾ ਤੋੜੀਂ (ਦੁਖਾਵੀਂ)।

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥੧੩੦॥

ਮਚਾਂਗਵਾ--ਚੰਗਾ ਨਹੀਂ । ਪਿਰੀਆ—ਪਿਆਰੇ ।

**ਭਾਵ ਅਰਥ**—ਉਪਰਲੇ ਦੋਹਾਂ ਸਲੋਕਾਂ ਤੋਂ ਸਿਖਿਆ ਮਿਲਦੀ ਹੈ ਕਿ ਹਰ ਇਕ ਦੇ ਦਿਲ ਵਿਚ ਰੱਬ ਹੈ । ਇਹ ਦਿਲ ਸੁੱਚੇ ਤੇ ਕੀਮਤੀ ਮਾਣਕਾਂ ਵਰਗੇ ਹਨ । ਇਸ ਲਈ ਤੂੰ (ਭੁੱਲ ਕੇ ਵੀ) ਕਿਸੇ ਦਾ ਦਿਲ ਨਾ ਦੁਖਾਵੀਂ ਕਿਸੇ ਦਾ ਦਿਲ ਦੁਖਾਉਣਾ ਚੰਗਾ ਨਹੀਂ ਹੁੰਦਾ ।

o

# ਆਸਾ ਸੇਖ ਫਰੀਦ ਜੀਉ ਕੀ ਬਾਣੀ

ੴ ਸਤਿਗੁਰ ਪ੍ਰਸਾਦਿ ॥

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰਿ ਸਿ ਕਾਂਢੇ ਕਚਿਆ ॥੧॥

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰ ਥੀਏ ॥੧॥ ਰਹਾਉ॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥

ਪਰਵਦਗਾਰ ਅਪਾਰ ਅਗਮੋ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥

ਤੇਰੀ ਪਨਹ ਖੁਦਾਇ ਤੂੰ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥

**ਪਦ ਅਰਥ**—ਜਿਨ੍ਹ ਮੁਹਬਤਿ—ਜਿਨਾਂ ਦੀ ਮੁਹੱਬਤ। ਸਚਿਆ—ਸੱਚੇ ਆਸ਼ਕ, ਸਚੀ ਮੁਹੱਬਤ ਕਰਨ ਵਾਲੇ। ਜਿਨ੍ਹ ਮਨਿ—ਜਿਨ੍ਹਾਂ ਦੇ ਮਨ ਵਿਚ। ਕਾਂਢੇ—ਕਹੇ ਜਾਂਦੇ ਹਨ। ਕਚਿਆ—ਕੱਚੀ ਪ੍ਰੀਤ ਵਾਲੇ।੧।

ਰਤੇ—ਰੱਤੇ, ਰੰਗੇ ਹੋਏ। ਭੁਇ—ਧਰਤੀ ਉੱਤੇ। ਥੀਏ—ਹੋ ਗਏ ਹਨ।੧। ਰਹਾਉ।

ਲੜਿ—ਲੜ ਨਾਲ, ਪੱਲੇ ਨਾਲ। ਪਰਵਦਗਾਰ—ਪਾਲਣਹਾਰ। ਅਗਮ—ਅਪਹੁੰਚ। ਪਨਾਹ—ਓਟ।੪।

**ਅਰਥ**—ਜੋ ਮਨੁੱਖ ਰੱਬ ਦੇ ਪਿਆਰ ਵਿਚ ਰਤੇ ਹੋਏ ਹਨ, ਜੋ ਰੱਬ ਦੇ ਦੀਦਾਰ ਵਿਚ ਰੰਗੇ ਹੋਏ ਹਨ, (ਉਹੀ ਅਸਲੀ ਮਨੁੱਖ ਹਨ) ਪਰ ਜਿਨ੍ਹਾਂ ਨੂੰ ਰੱਬ ਦਾ ਨਾਮ ਭੁੱਲ ਗਿਆ ਹੈ ਉਹ ਮਨੁੱਖ ਧਰਤੀ ਉਤੇ ਨਿਰਾ ਭਾਰ ਹੀ ਹਨ।

ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੋਂ ਪਿਆਰ ਹੈ, ਉਹੀ ਸੱਚੇ ਆਸ਼ਕ ਹਨ, ਪਰ ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਤੇ ਮੂੰਹੋਂ ਕੁਝ ਹੋਰ ਆਖਦੇ ਹਨ, ਉਹ ਕੱਚੇ ਆਖੇ ਜਾਂਦੇ ਹਨ।੧।

ਉਹੀ ਮਨੁੱਖ (ਰੱਬ) ਦੇ ਦਰਵਾਜੇ ਤੇ ਦਰਵੇਸ਼ ਹਨ, ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ, ਉਨ੍ਹਾਂ ਦੀ ਜੰਮਣ ਵਾਲੀ ਮਾਂ ਧੰਨਤਾ ਯੋਗ ਹੈ। ਉਹਨਾਂ ਦਾ ਆਉਣਾ ਮੁਬਾਰਕ ਹੈ।੨।

ਹੇ ਪਾਲਣਹਾਰ! ਹੇ ਬੇਅੰਤ! ਹੇ ਅਪਹੁੰਚ! ਜਿਨ੍ਹਾਂ ਨੇ ਇਹ ਸਮਝ ਲਿਆ ਹੈ ਕਿ ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਮੈਂ ਉਹਨਾਂ ਦੇ ਪੈਰ ਚੁੰਮਦਾ ਹਾਂ।੩।

ਹੇ ਖੁਦਾ! ਮੈਨੂੰ ਤੇਰਾ ਹੀ ਆਸਰਾ ਹੈ। ਤੂੰ ਬਖਸ਼ਣ ਵਾਲਾ ਹੈਂ, ਮੈਨੂੰ ਸ਼ੇਖ ਫ਼ਰੀਦ ਨੂੰ ਆਪਣੀ ਬੰਦਗੀ ਦੀ ਖ਼ੈਰ ਪਾ।੪।੧।

### ਆਸਾ ॥

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥**

ਅਜੁ ਮਿਲਾਵਾ ਸੇਖ ਫਰੀਦ
ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆ ਲਗਿ ਨ ਆਪੁ ਵੰਞਾਈਐ ॥੨॥

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥ ੩ ॥

ਛੈਲ ਲਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤ ਚੀਰਿਆ ॥੪॥

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥

ਕਤਕਿ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾ ਨਾਲਿ ਉਲਾਮੇ ਜੀਅ ਸਹੇ ॥੮॥੨॥

**ਪਦ ਅਰਥ** : ਅਲਹ ਲਗੇ—ਅਲਹ ਨਾਲ ਲਗ, ਗੋਰ—ਕਬਰ ।੧। ਟਾਕਿਮ—ਰੋਕ, ਕਾਬੂ ਕਰ । ਕੂੰਜੜੀਆਂ (ਭਾਵ) ਇੰਦਰੀਆ ਨੂੰ । ਮਨਹੁ

ਮਚਿੰਦੜੀਆ—ਮਨ ਨੂੰ ਮਚਾਉਣ ਵਾਲੀਆਂ ਨੂੰ ।

ਘੁਮਿ—ਮੁੜ ਕੇ, ਫੇਰ । ਨ ਵੰਞਾਈਐ—ਖੁਆਰ ਨਹੀਂ ਕਰਨਾ ਚਾਹੀਦਾ ।੨।

ਜੋਲੀਐ—ਤੁਰਨਾ ਚਾਹੀਦਾ ਹੈ ।੩।

ਗੋਰੀ ਮਨੁ (ਕਮਜ਼ੋਰ) ਇਸਤ੍ਰੀ ਦਾ ਮਨ । ਕਲਵਤਿ—ਕਲਵਤਰ ਨਾਲ, ਆਰੇ ਨਾਲ ।੪।

ਹੈਯਾਤੀ—ਉਮਰ । ਥਿਰੁ—ਸਦਾ ਕਾਇਮ ।੫।

ਡਉ—ਜੰਗਲ ਦੀ ਅੱਗ । ਬਾਹੜੀਆ—ਸੋਹਣੀਆਂ ਬਾਹਾਂ ।੬।

ਚਲਣਹਾਰ—ਨਾਸਵੰਤ ਜੀਵ । ਹਿਕ ਖਿਨੋ—ਇਕ ਪਲ ।੭।

ਖੇਵਟ—ਮਲਾਹ, ਜਾਲਣ—ਦੁਖ ਸਹਾਰਨੇ । ਗੋਰਾ ਨਾਲਿ—ਕਬਰਾਂ ਨਾਲ ।੮।

**ਅਰਥ**—ਹੇ ਸ਼ੇਖ ਫਰੀਦ ! ਇਸ ਮਨੁੱਖਾ ਜਨਮ ਵਿਚ ਹੀ (ਪ੍ਰਮਾਤਮਾ ਨਾਲ) ਮੇਲ ਹੋ ਸਕਦਾ ਹੈ, ਇਸ ਵਾਸਤੇ, ਮਨ ਨੂੰ ਮਚਾਉਣ ਵਾਲੀਆਂ ਇੰਦਰੀਆਂ ਨੂੰ ਕਾਬੂ ਵਿਚ ਰਖ ।੧।

ਸ਼ੇਖ ਫਰੀਦ ਆਖਦਾ ਹੈ—ਹੇ ਪਿਆਰੇ, ਰੱਬ ਦੇ ਚਰਨਾਂ ਵਿਚ ਜੁੜ, ਤੇਰਾ ਇਹ ਸਰੀਰ ਕਬਰ ਦੇ ਘਰ ਵਿਚ ਪੈ ਕੇ ਮਿੱਟੀ ਹੋ ਜਾਵੇਗਾ । ਜਦ ਤੂੰ ਜਾਣਦਾ ਹੈਂ ਕਿ ਅਖੀਰ ਨੂੰ ਮਰਨਾ ਹੈ ਤੇ ਫਿਰ ਇਥੇ ਨਹੀਂ ਆਉਣਾ, ਇਸ ਨਾਸਵੰਤ ਸਸਾਰ ਨਾਲ ਪਿਆਰ ਪਾ ਕੇ ਆਪਣਾ ਆਪ ਗਵਾਉਣਾ ਨਹੀਂ ਚਾਹੀਦਾ । ਸੱਚ ਤੇ ਧਰਮ ਹੀ ਬੋਲਣਾ ਚਾਹੀਦਾ ਹੈ । ਜੋ ਰਸਤਾ ਗੁਰੂ ਦਸੇ ਉਸੇ ਰਾਹ ਤੇ ਮੁਰੀਦਾਂ ਵਾਂਗ ਚਲਣਾ ਚਾਹੀਦਾ ਹੈ । ੨, ੩ ।

ਜਵਾਨਾਂ ਨੂੰ ਕਿਸੇ ਦਰਿਆ ਤੋਂ ਪਾਰ ਲੰਘਦਿਆਂ ਵੇਖ ਕੇ ਕਮਜ਼ੋਰ ਇਸਤ੍ਰੀ ਮਨ ਵੀ ਹੌਸਲਾ ਧਾਰ ਲੈਂਦੀ ਹੈ । ਸੰਤ ਜਨਾਂ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਦਿਆਂ ਵੇਖ ਕਮਜ਼ੋਰ ਮਨੁੱਖ ਨੂੰ ਵੀ ਹੌਸਲਾ ਪੈ ਜਾਂਦਾ ਹੈ । ਤਾਂ ਤੇ ਹੇ ਮਨ ਤੂੰ ਸੰਤ ਜਨਾਂ ਦੀ ਸੰਗਤ ਕਰ । ਜੋ ਮਨੁੱਖ ਨਿਰੇ ਸੋਨੇ ਵਾਲੇ ਪਾਸੇ ਭਾਵ ਮਾਇਆ ਜੋੜਨ ਵਲ ਲਗ ਜਾਂਦੇ ਹਨ । ਉਹ ਆਰੇ ਨਾਲ ਚੀਰੇ ਜਾਂਦੇ ਹਨ ਭਾਵ ਦੁਖੀ ਜੀਵਨ ਬਤੀਤ ਕਰਦੇ ਹਨ ।੪।

ਸ਼ੇਖ ਫਰੀਦ ਆਖਦੇ ਹਨ ਕਿ ਸੰਸਾਰ ਵਿਚ ਕੋਈ ਹਮੇਸ਼ਾ ਲਈ ਉਮਰ ਨਹੀਂ

ਭੋਗ ਸਕਿਆ। ਦੇਖ ਜਿਸ ਥਾਂ ਤੇ ਅਸੀਂ ਬੈਠੇ ਹਾਂ ਇਥੇ ਕਈ ਬਹਿ ਕੇ ਟੁਰ ਗਏ।੫।

ਕਤਕ ਦੇ ਮਹੀਨੇ ਕੂੰਜਾਂ ਆਉਂਦੀਆਂ ਹਨ। ਚੇਤ ਦੇ ਮਹੀਨੇ ਵਿਚ ਜੰਗਲ ਨੂੰ ਅੱਗ ਲਗ ਜਾਂਦੀ ਹੈ। ਸੌਣ ਵਿਚ ਬਿਜਲੀਆਂ ਚਮਕਦੀਆਂ ਹਨ ਤੇ ਸਰਦੀਆਂ ਵਿਚ ਇਸਤ੍ਰੀਆਂ ਦੀਆਂ ਬਾਹਾਂ ਆਪਣੇ ਖਸਮਾਂ ਦੇ ਗਲਾਂ ਵਿਚ ਸ਼ੋਭਦੀਆਂ ਹਨ। ਇਸੇ ਪ੍ਰਕਾਰ ਸੰਸਾਰ ਦੀ ਸਾਰੀ ਕਾਰ ਆਪਣੇ ਆਪਣੇ ਸਮੇਂ ਸਿਰ ਹੋ ਕੇ ਤੁਰੀ ਜਾ ਰਹੀ ਹੈ। ਸੰਸਾਰ ਤੋਂ ਚਲੇ ਜਾਣ ਵਾਲੇ ਜੀਵ ਆਪਣਾ ਸਮਾਂ ਪੁਗਾ ਕੇ ਤੁਰੇ ਜਾ ਰਹੇ ਹਨ। ਹੇ ਮਨ! ਵਿਚਾਰ ਕਰਕੇ ਦੇਖ ਜਿਸ ਸਰੀਰ ਦੇ ਬਣਨ ਵਿਚ ਛੇ ਮਹੀਨੇ ਲਗਦੇ ਹਨ, ਉਸ ਦੇ ਨਾਸ ਹੁੰਦਿਆਂ ਇਕ ਪਲ ਵੀ ਨਹੀਂ ਲਗਦਾ। ੬, ੭।

ਹੇ ਫਰੀਦ! ਇਸ ਗੱਲ ਦੇ ਧਰਤੀ ਤੇ ਅਸਮਾਨ ਗੁਆਹ ਹਨ ਕਿ ਅਨੇਕਾਂ ਉਹ ਮਨੁੱਖ ਇਥੋਂ ਚਲੇ ਗਏ। ਜਿਹੜੇ ਆਪਣੇ ਆਪ ਨੂੰ ਵੱਡੇ ਵੀ ਅਖਵਾਉਂਦੇ ਸਨ। ਸਰੀਰ ਤਾਂ ਕਬਰਾਂ ਵਿਚ ਗਲ਼ ਜਾਂਦੇ ਹਨ, ਪਰ ਦੁਖ ਸਰੀਰ ਸਹਿੰਦੇ ਹਨ।੮।੨।

## ਰਾਗ ਸੂਹੀ ਬਾਣੀ ਸੇਖ ਫਰੀਦ ਜੀ ਕੀ

### ੴ ਸਤਿਗੁਰ ਪ੍ਰਸਾਦਿ ॥

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਮਹਿ ਨਾਹੀ ਦੋਸੁ ॥੧॥

ਤੈ ਸਾਹਿਬ ਕੀ ਮੈ ਸਾਰ ਨਾ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥

ਕਾਲੀ ਕੋਇਲ ਤੂ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥

ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥

**ਪਦ ਅਰਥ**—ਤਪਿ ਤਪਿ—ਖਪ ਖਪ ਕੇ, ਦੁਖੀ ਹੋ ਕੇ। ਲੁਹਿ ਲੁਹਿ—ਤੜਪ ਤੜਪ ਕੇ। ਬਾਵਲਿ—ਝੱਲੀ।੧।

ਸਾਰ—ਕਦਰ। ਜਾਲੀ—ਸੜੀ।੨।

ਵਿਧਣ—ਕੰਬਾਉਣ ਵਾਲੀ, ਭਿਆਨਕ। ਮੁੰਧ—ਇਸਤ੍ਰੀ। ਬੇਲੀ—ਮਦਦਗਾਰ।੩।

ਉਡੀਣੀ—ਦੁਖਦਾਈ। ਖੰਨਿਅਹੁ—ਖੰਡੇ ਨਾਲੋਂ। ਪਿਈਣੀ—ਤਿਖੀ। ਸਮ੍ਹਾਰਿ—ਸੰਭਾਲ।੪।

**ਅਰਥ**—ਹੇ ਪ੍ਰਭੂ ਮੈਂ ਤੇਰੀ ਕਦਰ ਨਾ ਜਾਣੀ। ਜਵਾਨੀ ਦਾ ਸਮਾਂ ਲੰਘਾ ਕੇ ਹੁਣ ਪਛਤਾ ਰਹੀ ਹਾਂ। ਰਹਾਉ।

ਬਤੀ ਵਿਆਕੁਲ ਹੋ ਕੇ ਮੈਂ ਹੁਣ ਹੱਥ ਮਲ ਰਹੀ ਹਾਂ। ਹੇ ਪਤੀ ਪ੍ਰਭੂ ! ਤੇਰਾ ਕੋਈ ਦੋਸ਼ ਨਹੀਂ ਹੈ, ਮੇਰੇ ਵਿਚ ਹੀ ਭੈੜ ਸਨ ਤਾਂ ਹੀ ਤੂੰ ਮੇਰੇ ਨਾਲ ਰੋਸ ਕੀਤਾ।੧।

ਹੇ ਕਾਲੀ ਕੋਇਲ ਮੈਂ ਤਾਂ ਆਪਣੇ ਕਰਮਾਂ ਦੀ ਮਾਰੀ ਹਾਂ। ਤੂੰ ਕਿਉਂ ਕਾਲੀ ਹੈਂ ? ਕੋਇਲ ਵੀ ਇਹੀ ਆਖਦੀ ਹੈ ਮੈਂ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਸੜੀ ਪਈ ਹਾਂ। ਖਸਮ ਤੋਂ ਵਿਛੜ ਕੇ ਕਿਥੇ ਕੋਈ ਸੁਖ ਪਾ ਸਕਦਾ ਹੈ ? ਜਦੋਂ ਪ੍ਰਭੂ ਆਪ ਮਿਹਰਬਾਨ ਹੁੰਦਾ ਹੈ ਤਾਂ ਆਪ ਹੀ ਮਿਲਾ ਲੈਂਦਾ ਹੈ।੨।

ਇਸ ਸੰਸਾਰ ਰੂਪੀ ਡਰਾਉਣੇ ਖੂਹ ਵਿਚ ਮੈਂ ਜੀਵ-ਇਸਤ੍ਰੀ ਇਕੱਲੀ ਡਿਗ ਪਈ ਹਾ, ਕੋਈ ਮੇਰਾ ਸਾਥੀ ਨਹੀਂ; ਕੋਈ ਮੇਰਾ ਮਦਦਗਾਰ ਨਹੀਂ। ਹੁਣ ਜਦੋਂ ਪ੍ਰਭੂ ਨੇ ਮਿਹਰ ਕਰ ਕੇ ਮੈਨੂੰ ਸਤਸੰਗ ਵਿਚ ਮਿਲਾਇਆ ਹੈ। ਸੰਤਸੰਗ ਵਿਚ ਆ ਕੇ ਵਖਦੀ ਹਾਂ ਤਾਂ ਮੈਨੂੰ ਮੇਰਾ ਰੱਬ ਬੇਲੀ ਦਿਸ ਰਿਹਾ ਹੈ।੩।

ਸਾਡਾ ਇਹ ਜੀਵਨ ਪੰਧ ਬੜਾ ਭਿਆਨਕ ਹੈ, ਖੰਡੇ ਨਾਲੋਂ ਤਿੱਖਾ ਹੈ। ਬੜੀ ਤੇਜ਼ ਧਾਰ ਵਾਲਾ ਹੈ। ਇਸ ਦੇ ਉਤੋਂ ਦੀ ਅਸਾਂ ਲੰਘਣਾ ਹੈ। ਇਸ ਵਾਸਤੇ ਹੇ ਸ਼ੇਖ ਫਰੀਦ, ਸਵੇਰੇ ਸਵੇਰੇ ਹੀ ਭਾਵ ਜਵਾਨੀ ਵੇਲੇ ਤੋਂ ਸੰਭਲ।੪।੧।

## ਸੂਹੀ ਲਲਿਤ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥

ਇਕ ਆਪੀਨੈ ਪਤਲੀ ਸਹ ਕੇ ਰੇ ਬੋਲਾ ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥

ਕਹੈ ਫਰੀਦੁ ਸਹੇਲੀਹੋ ਸਹੁ ਅਲਾਇਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥

**ਪਦ ਅਰਥ**—ਬੇੜਾ—ਨਾਮ ਸਿਮਰਨ ਰੂਪੀ ਬੇੜਾ। ਬੰਧਿ ਨਾ ਸਕਿਓ—ਤਿਆਰ ਨਾ ਕਰ ਸਕਿਆ। ਭਰਿ—ਵਿਕਾਰਾਂ ਨਾਲ ਨਕਾ ਨਕ ਭਰ ਕੇ। ਦੁਹੇਲਾ—ਔਖਾ ।੧।

ਢੋਲਾ—ਹੇ ਮਿੱਤਰ। ਹਥ ਨ ਲਾਇ ਕਸੁੰਭੜੇ—ਭੈੜੇ ਕਸੁੰਭੇ ਨਾਲ, ਚੰਦਰੀ ਮਾਇਆ ਨਾਲ ਮਨ ਨਾ ਜੋੜ। ਰਹਾਉ ॥

ਪਤਲੀ—ਹੰਕਾਰਨਾਂ। ਰੇ ਬੋਲਾ—ਨਿਰਾਦਰੀ ਦੇ ਸ਼ਬਦ। ਦੁਧਾਥਣੀ—ਉਹ ਅਵਸਥਾ ਜਦ ਇਸਤ੍ਰੀ ਦੇ ਥਣਾਂ ਵਿਚ ਦੁੱਧ ਆਉਂਦਾ ਹੈ, ਪਤੀ ਮਿਲਾਪ ।੨।

ਸਹੁ—ਖਸਮ, ਪ੍ਰਭੂ। ਹੰਸ—ਜੀਵ ਆਤਮਾ। ਡੁੰਮਣਾ—ਦੁਚਿਤਾ। ਥੀਸੀ—ਹੋ ਜਾਏਗਾ ।੩।

**ਅਰਥ**—ਹੇ ਸਜਣ ਇਸ ਭੈੜੀ ਮਾਇਆ ਨਾਲ ਹੀ ਆਪਣੇ ਮਨ ਨੂੰ ਨਾ ਜੋੜੀ ਰਖ, ਇਹ ਮਾਇਆ ਚਾਰ ਦਿਨਾਂ ਦੀ ਖੇਡ ਹੈ। ਰਹਾਉ।

ਜੋ ਜੀਵ ਇਸਤ੍ਰੀਆਂ ਆਪਣੇ ਵਿਚ ਹੰਕਾਰਨਾ ਹੋ ਜਾਂਦੀਆਂ ਹਨ, ਉਹਨਾਂ ਨੂੰ ਪਤੀ (ਪ੍ਰਭੂ) ਦੇ ਦਰ ਤੋਂ ਅਨਾਦਰੀ ਦੇ ਬੋਲ ਪ੍ਰਾਪਤ ਹੁੰਦੇ ਹਨ। ਉਹਨਾਂ ਉਤੇ ਪਤੀ ਮਿਲਾਪ ਦੀ ਅਵਸਥਾ ਨਹੀਂ ਆਉਂਦੀ ਤੇ ਪ੍ਰਭੂ ਨਾਲ ਮੇਲ ਨਹੀਂ ਹੋ ਸਕਦਾ ।੨।

ਫਰੀਦ ਆਖਦਾ ਹੈ ਹੇ ਸਹੇਲੀਓ; ਜਦੋਂ ਪਤੀ-ਪ੍ਰਭੂ ਦਾ ਸੱਦਾ ਆਵੇਗਾ ਤਾਂ ਆਤਮਾ ਹੰਸ ਜਕੋ ਤਕੇ ਕਰਦਾ ਹੋਇਆ ਇਥੋਂ ਤੁਰੇਗਾ ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਏਗਾ ।੩।

o